# 'ਕੌਰਵ ਸਭਾ' ਨਾਵਲ ਵਿਚ ਰਾਜ-ਉਪਕਰਣ ਦਾ ਬੋਧ

# 'KAURAV SABHA' NOVEL VICH RAJ-UPKARAN DA BODH

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ
ਐਮ. ਫਿਲ. (ਪੰਜਾਬੀ) ਦੀ ਡਿਗਰੀ
ਲਈ ਪ੍ਰਸਤੁਤ ਖੋਜ-ਨਿਬੰਧ
2002-03

ਖੋਜਾਰਥੀ
ਸਰਬਜੀਤ ਕੌਰ
ਪੰਜਾਬੀ ਅਧਿਐਨ ਸਕੂਲ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

# ‘ਕੌਰਵ ਸਭਾ’ ਨਾਵਲ ਵਿਚ ਰਾਜ-ਉਪਕਰਣ ਦਾ ਬੋਧ

# ‘KAURAV SABHA’ NOVEL VICH RAJ-UPKARAN DA BODH

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ
ਐਮ. ਫਿਲ. (ਪੰਜਾਬੀ) ਦੀ ਡਿਗਰੀ
ਲਈ ਪ੍ਰਸਤੁਤ ਖੋਜ-ਨਿਬੰਧ
2002-03

ਖੋਜਾਰਥੀ
ਸਰਬਜੀਤ ਕੌਰ
ਪੰਜਾਬੀ ਅਧਿਐਨ ਸਕੂਲ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਪ੍ਰਮਾਣਿਤ ਕੀਤਾ ਜਾਂਦਾ ਹੈ **ਸਰਬਜੀਤ ਕੌਰ** ਵਿਦਿਆਰਥਣ ਐਮ. ਫਿਲ. (ਪੰਜਾਬੀ) ਸੈਸ਼ਨ 2002-2003 ਨੇ **"'ਕੌਰਵ ਸਭਾ' ਨਾਵਲ ਵਿਚ ਰਾਜ-ਉਪਕਰਣ ਦਾ ਬੋਧ"** ਵਿਸ਼ੇ 'ਤੇ ਐਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਖੋਜ-ਨਿਬੰਧ ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਵਿਦਿਆਰਥਣ ਦੀ ਮੌਲਿਕ ਰਚਨਾ ਹੈ। ਇਸ ਤੋਂ ਪਹਿਲਾਂ ਇਹ ਖੋਜ-ਨਿਬੰਧ ਕਿਸੇ ਵੀ ਯੂਨੀਵਰਸਿਟੀ ਵਿੱਚ, ਕਿਸੇ ਵੀ ਡਿਗਰੀ ਲਈ ਪ੍ਰਸਤੁਤ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਨਿਬੰਧ ਨੂੰ ਐਮ. ਫਿਲ. (ਪੰਜਾਬੀ) ਦੀ ਡਿਗਰੀ ਲਈ ਪ੍ਰਸਤੁਤ ਕਰਨ ਦੀ ਆਗਿਆ ਦਿੰਦਾ ਹਾਂ।

ਜੁਗਿੰਦਰ ਸਿੰਘ ਨਹਿਰੂ

(ਜੁਗਿੰਦਰ ਸਿੰਘ ਨਹਿਰੂ (ਡਾ.)
ਨਿਗਰਾਨ

**ਰੀਡਰ,**
**ਪੰਜਾਬੀ ਅਧਿਐਨ ਸਕੂਲ,**
**ਪੰਜਾਬ ਯੂਨੀਵਰਸਿਟੀ,**
**ਚੰਡੀਗੜ੍ਹ**

# ਸ
# ਮ
# ਰ
# ਪ
# ਣ

ਸਤਿਕਾਰਯੋਗ ਮਾਤਾ-ਪਿਤਾ ਅਤੇ

ਵੱਡੇ ਭਰਾਵਾਂ ਦੇ ਨਾਂ

ਜਿਨ੍ਹਾਂ ਦੇ ਆਸ਼ੀਰਵਾਦ ਤੇ ਉਤਸ਼ਾਹ ਸਦਕਾ

ਮੈਂ ਇਸ ਮੁਕਾਮ ਤੱਕ ਪਹੁੰਚੀ

# ਤਤਕਰਾ


ਭੂਮਿਕਾ 1-3

ਅਧਿਆਇ ਪਹਿਲਾ: 54-33

ਪੂੰਜੀਵਾਦੀ ਲੋਕਰਾਜੀ ਰਾਜ ਦੀਆਂ ਪ੍ਰਮੁੱਖ ਸੰਸਥਾਵਾਂ ਅਤੇ ਉਸਦੇ ਉਪਕਰਣ

ਅਧਿਆਇ ਦੂਜਾ: 34-60

'ਕੌਰਵ ਸਭਾ' ਨਾਵਲ ਵਿਚ ਪੇਸ਼ ਹੋਈਆਂ ਉਪ-ਵਿਵਸਥਾਵਾਂ ਦਾ ਸੰਕਲਪ, ਸਰੂਪ ਤੇ ਲੱਛਣ

ਅਧਿਆਇ ਤੀਜਾ: 61-86

ਨਾਵਲ 'ਕੌਰਵ ਸਭਾ' ਦਾ ਵਿਚਾਰਧਾਰਿਕ ਪਰਿਪੇਖ

ਅਧਿਆਇ ਚੌਥਾ: 87-103

'ਕੌਰਵ ਸਭਾ' ਦਾ ਬਿਰਤਾਂਤਕ ਸੰਗਠਨ

ਅੰਤਿਕਾ 104-107

ਪੁਸਤਕ ਸੂਚੀ 108- 117

# ਭੂਮਿਕਾ

ਮਿੱਤਰ ਸੈਨ ਮੀਤ ਪੰਜਾਬੀ ਗਲਪ ਸਾਹਿਤ ਵਿਚ ਇਕ ਵਿਲੱਖਣ ਪਹਿਚਾਣ ਸਥਾਪਿਤ ਕਰਨ ਵਾਲਾ ਕਥਾਕਾਰ ਹੈ। ਉਸ ਨੇ ਆਪਣਾ ਰਚਨਾਤਮਕ ਕਾਰਜ ਕਹਾਣੀ ਤੋਂ ਸ਼ੁਰੂ ਕਰਕੇ ਨਾਵਲ ਤੱਕ ਪਸਾਰਿਆ ਹੈ। ਅੱਗ ਦੇ ਬੀਜ (1971-87), ਕਾਫ਼ਲਾ (1986), ਪੁਨਰਵਾਸ (1987), ਲਾਮ (1988), ਠੋਸ ਸਬੂਤ (1992), ਤਫ਼ਤੀਸ਼ (1990-92), ਕਟਹਿਰਾ (1993) ਅਤੇ ਕੌਰਵ ਸਭਾ (2003) ਉਸਦੇ ਵਿਭਿੰਨ ਪੱਖਾਂ ਤੇ ਪਾਸਾਰਾਂ ਨੂੰ ਕਲਾਤਮਕ ਬਿੰਬਾਂ ਰਾਹੀਂ ਰੂਪਮਾਨ ਕਰਦੀਆਂ ਕਿਰਤਾਂ ਹਨ। ਉਹ ਇਕ ਸਜੱਗ ਤੇ ਸੁਚੇਤ ਕਲਾਕਾਰ ਹੈ ਜਿਹੜਾ ਆਪਣੇ ਆਲੇ-ਦੁਆਲੇ ਦੀ ਜ਼ਿੰਦਗੀ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਉਸਦੀ ਰਚਨਾਤਮਿਕ ਦ੍ਰਿਸ਼ਟੀ ਦਾ ਪਾਸਾਰ ਜੀਵਨ ਯਥਾਰਥ ਦੇ ਵਡੇਰੇ ਸਰੋਕਾਰਾਂ ਨਾਲ ਸੰਬੰਧਿਤ ਹੈ। ਉਹ ਰਾਜ ਤੇ ਸਮਾਜ ਦੇ ਪ੍ਰਸਪਰ ਰਿਸ਼ਤੇ ਤੋਂ ਕਾਫ਼ੀ ਚਿੰਤਤ ਜਾਪਦਾ ਹੈ ਜਿਸ ਕਰਕੇ ਉਸ ਨੇ ਆਪਣੀਆਂ ਪਿਛਲੀਆਂ ਰਚਨਾਵਾਂ ਵਿਚ ਮੌਜੂਦਾ ਰਾਜ ਤੇ ਸਮਾਜ ਦੀਆਂ ਜ਼ਰਜਰ ਹੋ ਚੁੱਕੀਆਂ ਸੰਸਥਾਵਾਂ ਨੂੰ ਆਲੋਚਨਾਤਮਕ ਯਥਾਰਥਕ ਗਲਪ ਵਿਧੀ ਰਾਹੀਂ ਰੂਪਮਾਨ ਕਰਨ ਦਾ ਜਤਨ ਕੀਤਾ ਹੈ।

ਵਾਸਤਵ ਵਿਚ ਮਿੱਤਰ ਸੈਨ ਮੀਤ ਇਕ ਮਾਨਵਵਾਦੀ ਦ੍ਰਿਸ਼ਟੀ ਵਾਲਾ ਕਥਾਕਾਰ ਹੈ। 'ਤਫ਼ਤੀਸ਼' ਨਾਵਲ ਤੋਂ ਬਾਅਦ ਪੰਜਾਬੀ ਨਾਵਲ ਸਾਹਿਤ ਵਿਚ ਉਸ ਦੀ ਪਹਿਚਾਨ ਬੋਦੀ ਵਾਲੇ ਤਾਰੇ ਵਜੋਂ ਹੋਈ ਹੈ। ਉਸਦੇ ਪਿਛਲੇ ਤਿੰਨੋਂ ਨਾਵਲ ਆਪਣੇ ਨਿਵੇਕਲੇ ਥੀਮ ਅਤੇ ਸੰਰਚਨਾ ਪਖੋਂ ਸੰਗਠਿਤ ਹੋਣ ਕਰਕੇ ਕਾਫ਼ੀ ਗੰਭੀਰ ਬਹਿਸ ਦਾ ਮੁੱਦਾ ਬਣੇ ਹਨ।

ਉਸਦਾ ਨਾਵਲ 'ਕੌਰਵ ਸਭਾ' 2003 ਵਿਚ ਪ੍ਰਕਾਸ਼ਿਤ ਹੋਇਆ ਅਜਿਹਾ ਨਾਵਲ ਹੈ ਜੋ ਕਿ ਭ੍ਰਿਸ਼ਟ ਸੰਸਥਾਗਤ ਪ੍ਰਬੰਧਾਂ ਦੇ ਖ਼ਿਲਾਫ਼ ਆਮ ਪਾਠਕ ਨੂੰ ਜਾਗ੍ਰਿਤ ਕਰਦਾ ਹੋਇਆ ਇਸ ਪ੍ਰਤੀ ਨਫ਼ਰਤ ਕਰਨ ਦੀ ਤਾਂਘ ਪੈਦਾ ਕਰਦਾ ਹੈ। ਇਸੇ ਕਰਕੇ 'ਕੌਰਵ ਸਭਾ' ਨੂੰ ਪੰਜਾਬੀ ਸਾਹਿਤ ਅੰਦਰ ਪਾਠਕਾਂ ਅਤੇ ਵਿਦਵਾਨਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਪੰਜਾਬੀ ਸਾਹਿਤ ਦੇ ਉੱਚ-ਕੋਟੀ ਦੇ

ਸਾਹਿਤ-ਆਲੋਚਕਾਂ ਨੇ ਇਸ ਉੱਪਰ ਵੱਖ-ਵੱਖ ਪਰਿਪੇਖਾਂ ਤੋਂ ਆਲੋਚਨਾਤਮਕ ਨਿਬੰਧ ਲਿਖੇ ਹਨ। ਨਾਵਲ ਛਪਣ ਦੇ ਦੋ ਮਹੀਨੇ ਦੇ ਅੰਦਰ-ਅੰਦਰ ਨਾਵਲ ਉੱਤੇ ਸ਼ੁਰੂ ਹੋਈਆਂ ਗੋਸ਼ਟੀਆਂ ਦਾ ਸਿਲਸਿਲਾ, ਇਸ ਦੀ ਪ੍ਰਮਾਣਿਕਤਾ ਦਾ ਸਬੂਤ ਹੈ।

ਤ੍ਰਿਸ਼ੰਕੂ ਦਾ ਸਤੰਬਰ-ਦਸੰਬਰ 2002 ਅੰਕ ਪੜ੍ਹਦੇ ਸਮੇਂ ਮੇਰੀ ਨਜਰ ਚੇਤਨਾ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਕੀਤੀਆਂ ਕੁਝ ਕਿਤਾਬਾਂ ਉਪਰ ਪਈ। ਜਿਨ੍ਹਾਂ ਵਿਚੋਂ 'ਕੌਰਵ ਸਭਾ' ਇਕ ਸੀ। ਮਨ ਵਿਚ ਵਿਚਾਰ ਆਇਆ ਕਿ ਅੱਜ ਉਹ ਕਿਹੜੀ ਘਟਨਾ ਹੈ ਜਿਸ ਕਰਕੇ ਨਾਵਲਕਾਰ ਨੂੰ ਦੂਜਾ ਮਹਾਂਭਾਰਤ ਰਚਣ ਦੀ ਜ਼ਰੂਰਤ ਮਹਿਸੂਸ ਹੋਈ। ਪੜ੍ਹਨ ਉਪਰੰਤ ਅਹਿਸਾਸ ਹੋਇਆ ਕਿ ਅੱਜ ਅਸੀਂ ਜਿਸ ਪ੍ਰਬੰਧ ਅੰਦਰ ਵਿਚਰ ਰਹੇ ਹਾਂ ਉਹ ਕੌਰਵਾਂ ਦਾ ਹੀ ਸਿਰਜਿਆ ਪ੍ਰਬੰਧ ਹੈ। ਇਸ ਪ੍ਰਬੰਧ ਦਾ ਹਿੱਸਾ ਹੋਣ ਕਰਕੇ ਮੇਰੀ ਇਸ ਨੂੰ ਘੋਖਣ  ਦੀ ਜਗਿਆਸਾ ਵੱਧ ਗਈ। ਇਸੀ ਤਰਕ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਆਪਣੇ ਐਮ. ਫਿਲ. ਦੇ ਖੋਜ-ਨਿਬੰਧ ਲਈ ਚਰਚਿਤ ਨਾਵਲ ਕੌਰਵ ਸਭਾ ਦਾ ਵਿਸ਼ਾ "**'ਕੌਰਵ ਸਭਾ' ਨਾਵਲ ਵਿਚ ਰਾਜ-ਉਪਕਰਣ ਦਾ ਬੋਧ**" ਚੁਣਿਆ ਹੈ।

ਮੈਂ ਆਪਣੇ ਇਸ ਖੋਜ-ਨਿਬੰਧ ਨੂੰ ਚਾਰ ਮੁੱਖ ਅਧਿਆਇਆਂ ਵਿਚ ਵੰਡਿਆ ਹੈ। **ਪਹਿਲੇ ਅਧਿਆਇ** ਵਿਚ ਪੂੰਜੀਵਾਦੀ ਲੋਕਰਾਜੀ 'ਰਾਜ' ਦੀਆਂ ਪ੍ਰਮੁੱਖ ਸੰਸਥਾਵਾਂ ਅਤੇ ਉਸ ਦੇ ਉਪਕਰਣ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਰਾਜ ਤੇ ਸਮਾਜ ਦੀਆਂ ਸੰਸਥਾਵਾਂ ਦੀ ਵਾਸਤਵਿਕ ਸਿਧਾਂਤਿਕ ਪੜਚੋਲ ਕੀਤੀ ਗਈ ਹੈ।

**ਦੂਜੇ ਅਧਿਆਇ** ਵਿਚ ਨਾਵਲ 'ਕੌਰਵ ਸਭਾ' ਵਿਚ ਪੇਸ਼ ਹੋਈਆਂ ਉਪ-ਵਿਵਸਥਾਵਾਂ ਦਾ ਸੰਕਲਪ, ਸਰੂਪ ਤੇ ਲੱਛਣਾਂ ਨੂੰ ਉਭਾਰਿਆ ਹੈ, ਕਿ ਕਿਵੇਂ  ਇਹ ਸੰਸਥਾਵਾਂ ਅੱਜ ਦੇ ਪੂੰਜੀਵਾਦੀ ਜੁਗ ਵਿਚ ਸਾਧਨ-ਸੰਪਨ ਲੋਕਾਂ ਦੇ ਹੱਥੋਂ ਵਿਕਦੀਆਂ ਹਨ ਅਤੇ ਇਨ੍ਹਾਂ ਸੰਸਥਾਵਾਂ ਦੀ ਭੂਮਿਕਾ ਵੀ ਲੋਕ-ਪੱਖੀ ਨਾ ਰਹਿ ਕੇ ਸੱਤਾ-ਪੱਖੀ ਹੀ ਰਹਿੰਦੀ ਹੈ। ਅੱਜ ਇਹ ਸੰਸਥਾਵਾਂ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀਆਂ ਹਨ ਅਤੇ ਇਹਨਾਂ ਦਾ ਕਿਰਦਾਰ ਸੰਦਿਗਧ ਹੋ ਚੁੱਕਾ ਹੈ।

**ਤੀਜੇ ਅਧਿਆਇ** ਵਿਚ ਨਾਵਲ 'ਕੌਰਵ ਸਭਾ' ਦਾ ਵਿਚਾਰਧਾਰਿਕ ਪਰਿਪੇਖ ਪੇਸ਼ ਕੀਤਾ ਹੈ। ਵਿਚਾਰਧਾਰਾ ਕਿਸੇ ਵੀ ਸਾਹਿਤਕ ਰਚਨਾ ਵਿਚ ਪੇਸ਼ ਅਚੇਤ ਜਾਂ ਸੁਚੇਤ ਰੂਪ ਵਿਚ ਬਿਰਾਜ਼ਮਾਨ ਹੁੰਦੀ ਹੈ। ਇਹ ਵੀ ਜ਼ਰੂਰੀ ਨਹੀਂ ਕਿ ਖੁਦ ਲੇਖਕ ਇਸ ਬਾਰੇ ਚੇਤੰਨ ਹੋਵੇ। ਵਿਚਾਰਧਾਰਾ ਤਾਂ ਰਚਨਾ ਦੀ

ਵਸਤੂ ਸਮੱਗਰੀ, ਰਚਨਾ-ਵਿਧੀ ਤੇ ਰਚਨਾ-ਦ੍ਰਿਸ਼ਟੀ ਵਿਚ ਪਈ ਹੁੰਦੀ ਹੈ। ਸੋ ਮੈਂ 'ਕੌਰਵ ਸਭਾ' ਨਾਵਲ ਦੇ ਵਿਚਾਰਧਾਰਾਈ ਪਰਿਪੇਖ ਨੂੰ ਇਸੇ ਦ੍ਰਿਸ਼ਟੀ ਤੋਂ ਵੇਖਿਆ-ਪਰਖਿਆ ਹੈ।

**ਚੌਥੇ ਅਧਿਆਇ** ਵਿਚ ਮੈਂ ਨਾਵਲ ਦੇ ਬਿਰਤਾਂਤਿਕ ਸੰਗਠਨ ਨੂੰ ਵਿਚਾਰਧੀਨ ਕੀਤਾ ਹੈ ਅਤੇ ਉਹਨਾਂ ਗਲਪੀ ਜੁਗਤਾਂ ਨੂੰ ਸਾਹਮਣੇ ਲਿਆਉਣ ਦਾ ਜਤਨ ਕੀਤਾ ਹੈ ਜਿਸ ਨਾਲ ਨਾਵਲਕਾਰ ਸਮਾਜਕ ਯਥਾਰਥ ਦੇ ਅਨੇਕ ਪਾਸਾਰਾਂ ਤੇ ਪਹਿਲੂਆਂ ਨੂੰ ਗਲਪੀ ਰੂਪ ਪ੍ਰਦਾਨ ਕਰ ਸਕਿਆ ਹੈ।

ਅੰਤ ਵਿਚ ਨਾਵਲ ਕੌਰਵ ਸਭਾ' ਦੇ ਸਮੁੱਚੇ ਅਧਿਐਨ ਵਿਸ਼ਲੇਸ਼ਣ ਤੇ ਮੁਲਾਂਕਣ ਦਾ ਸਾਰ ਅੰਸ਼/ਨਿਸ਼ਕਰਸ਼ ਪੇਸ਼ ਕੀਤਾ ਗਿਆ ਹੈ।

ਮੈਂ ਆਪਣੇ ਨਿਗਰਾਨ ਡਾ. ਜੁਗਿੰਦਰ ਸਿੰਘ ਨਹਿਰੂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਦੀ ਪ੍ਰੇਰਨਾ ਅਤੇ ਨਿਗਰਾਨੀ ਸਦਕਾ ਹੀ ਇਹ ਖੋਜ-ਨਿਬੰਧ ਸੰਪੰਨ ਹੋ ਸਕਿਆ ਹੈ। ਮੈਂ ਵਿਭਾਗ ਦੇ ਅਧਿਅਕਸ਼ ਤੇ ਹੋਰ ਅਧਿਆਪਕਾਂ, ਸਹਿਯੋਗੀਆਂ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਸਮੇ-ਸਮੇਂ ਤੇ ਲੋੜੀਂਦੇ ਵਿਚਾਰ-ਵਟਾਂਦਰੇ ਵਿਚ ਮੇਰੀ ਮਦਦ ਕੀਤੀ ਹੈ।

ਮੈਂ ਉਨ੍ਹਾਂ ਵਿਦਵਾਨਾਂ ਅਤੇ ਆਲੋਚਕਾਂ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਦੀਆਂ ਕੀਮਤੀ ਪੁਸਤਕਾਂ, ਖੋਜ-ਨਿਬੰਧਾਂ ਤੇ ਹੋਰ ਲੇਖਾਂ ਰਾਹੀਂ ਮੈਨੂੰ ਆਪਣਾ ਖੋਜ ਕਾਰਜ਼ ਪੂਰਨ ਕਰਨ ਵਿਚ ਸਹਾਇਤਾ ਪ੍ਰਾਪਤ ਹੋਈ ਹੈ।

ਅੰਤ ਵਿਚ ਮੈਂ ਨਾਵਲਕਾਰ ਮਿੱਤਰ ਸੈਨ ਮੀਤ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਆਲੋਚਨਾਤਮਿਕ ਸਮੱਗਰੀ ਜੁਟਾਉਣ ਵਿਚ ਮੇਰੀ ਸਹਾਇਤਾ ਕੀਤੀ।

Sarbjeet Kaur
(ਸਰਬਜੀਤ ਕੌਰ)

ਅਧਿਆਇ ਪਹਿਲਾ

*

*

*

# ਪੂੰਜੀਵਾਦੀ ਲੋਕਰਾਜੀ ਰਾਜ ਦੀਆਂ ਪ੍ਰਮੁੱਖ ਸੰਸਥਾਵਾਂ ਅਤੇ ਉਸਦੇ ਉਪਕਰਣ

# ਪੂੰਜੀਵਾਦੀ ਲੋਕਰਾਜੀ ਰਾਜ ਦੀਆਂ ਪ੍ਰਮੁੱਖ ਸੰਸਥਾਵਾਂ ਅਤੇ ਉਸਦੇ ਉਪਕਰਣ

ਰਾਜ ਮਨੁੱਖ ਲਈ ਇਕ ਸੁਭਾਵਿਕ ਅਤੇ ਜ਼ਰੂਰੀ ਸੰਸਥਾ ਮੰਨੀ ਜਾਂਦੀ ਹੈ। ਸਮਾਨਯ ਤਰਕ ਹੈ ਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੋਣ ਕਰਕੇ ਆਪਣੀਆਂ ਲੋੜਾਂ ਦੀ ਪੂਰਤੀ ਇਕੱਲਾ ਨਹੀਂ ਕਰ ਸਕਦਾ ਉਹ ਆਪਣੀਆਂ ਲੋੜਾਂ ਦੀ ਪੂਰਤੀ ਦੂਸਰਿਆਂ ਦੇ ਸਹਿਯੋਗ ਨਾਲ ਹੀ ਪੂਰੀਆਂ ਕਰਦਾ ਹੈ। ਇਸੇ ਪਰਸਪਰ ਸਹਿਯੋਗ ਅਤੇ ਲੋੜ ਵਿਚੋਂ ਰਾਜ ਦੀ ਉਤਪਤੀ ਮੰਨੀ ਗਈ ਹੈ। ਜਿਵੇਂ ਕਿ ਅਰਸਤੂ ਨੇ ਕਿਹਾ ਹੈ:

> ਜੀਵਨ ਦੀਆਂ ਲੋੜਾਂ ਵਿਚ ਰਾਜ ਦਾ ਜਨਮ ਹੁੰਦਾ ਹੈ ਅਤੇ ਚੰਗੇ
> ਜੀਵਨ ਲਈ ਉਸ ਦੀ ਹੋਂਦ ਬਣੀ ਰਹਿੰਦੀ ਹੈ।[1]

ਸਮਾਜ ਉਹ ਸਵੈ-ਵਿਵਸਥਿਤ ਸੰਸਥਾ ਹੈ ਜਿੱਥੇ ਅਜਿਹੇ ਸੰਗਠਨ ਦੀ ਲੋੜ ਹੈ ਜਿਹੜਾ ਹਰ ਇਕ ਵਿਅਕਤੀ ਨੂੰ ਮਨੁੱਖੀ ਆਚਰਣ ਵਿਚ ਢਾਲ ਸਕੇ ਅਤੇ ਸਮਾਜ ਵਿਚ ਮਾੜੇ ਅਤੇ ਭੈੜੀਆਂ ਰੁਚੀਆਂ ਰੱਖਣ ਵਾਲੇ ਮਨੁੱਖਾਂ 'ਤੇ ਨਿਯੰਤਰਣ ਰੱਖਦਿਆਂ ਹੋਇਆਂ ਸਾਰੇ ਮਨੁੱਖਾਂ ਲਈ ਸੱਭਿਆ ਜੀਵਨ ਦਾ ਪ੍ਰਬੰਧ ਕਰ ਸਕੇ। ਅਜਿਹੇ ਸੰਗਠਨ ਨੂੰ ਜਿਸ ਦਾ ਕਾਨੂੰਨ ਸਮਾਜਿਕ ਨਿਯਮਾਂ ਤੋਂ ਵੱਧ ਪ੍ਰਭਾਵਸ਼ਾਲੀ ਹੋਵੇ, 'ਰਾਜ' ਕਹਿੰਦੇ ਹਨ। ਮਨੁੱਖ ਸਮਾਜ ਦਾ ਉਹ ਆਧਾਰ ਹੈ ਜਿਸਨੇ ਸਮਾਜ ਨੂੰ ਸਮ੍ਰਿਧ ਹੀ ਨਹੀਂ ਬਣਾਉਣਾ ਬਲਕਿ ਸਮਾਜ ਦੇ ਸੰਗਠਨ 'ਰਾਜ' ਨੂੰ ਵੀ ਉੱਚਾ ਚੁੱਕਣਾ ਹੈ। ਸਮਾਜ ਅਤੇ ਪ੍ਰਕਿਰਤੀ ਬੁਨਿਆਦੀ ਤੌਰ ਉਤੇ ਇਸੀ ਕਰਕੇ ਇਕ ਦੂਸਰੇ ਤੋਂ ਵੱਖਰੇ ਹਨ, ਕਿਉਂਕਿ ਇਹਨਾਂ ਦਾ ਸੁਭਾਅ ਅਮਲ ਅਤੇ ਆਪ ਮੁਹਾਰੇ ਢੰਗ ਨਾਲ ਵਿਕਾਸ ਪ੍ਰਕ੍ਰਿਆ ਤੈਅ ਕਰਦਾ ਹੈ। ਪ੍ਰਕਿਰਤੀ ਅੰਦਰ ਕੋਈ ਸੁਚੇਤ ਤਾਕਤਾਂ ਕੰਮ ਨਹੀਂ ਕਰਦੀਆਂ ਸਗੋਂ ਇਹ ਅਚਨ-ਚੇਤ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਰਹਿੰਦੀ ਹੈ। ਜਦੋਂ ਕਿ ਸਮਾਜ ਸੁਚੇਤ ਮਨੁੱਖਾਂ ਤੋਂ ਬਣਿਆ ਉਹ ਸਮੂਹ ਹੈ ਜਿਹੜੇ ਅਮਲ ਅਤੇ ਇੱਛਾ-ਸ਼ਕਤੀ ਅਨੁਸਾਰ ਆਪਣੇ ਕਾਰਜ ਕਰਦੇ ਹਨ। ਇਹੀ ਅਮਲ ਅਤੇ ਇੱਛਾ ਪੂਰਤੀ ਨੂੰ ਸੰਗਠਿਤ

ਕਰਨ ਦਾ ਨਾਮ 'ਰਾਜ' ਹੈ। ਮਨੁੱਖ ਆਪਣੀਆਂ ਬੁਨਿਆਦੀ ਜ਼ਰੂਰਤਾਂ (ਰੋਟੀ, ਕੱਪੜਾ ਤੇ ਮਕਾਨ) ਲਈ ਸਮਾਜ ਅੰਦਰ ਇਕ ਦੂਸਰੇ ਪ੍ਰਤੀ ਵਟਾਂਦਰੇ ਦੀ ਭਾਵਨਾ ਰੱਖਦੇ ਹਨ। ਵਸਤਾਂ ਦਾ ਵਟਾਂਦਰਾ ਹੀ ਲੋਕਾਂ ਦੇ ਜੀਵਨ ਦਾ ਪਦਾਰਥਕ ਆਧਾਰ ਹੈ, ਰਿਸ਼ੀ ਦੇ ਮਤ ਅਨੁਸਾਰ:

> ਰਾਜ ਇਕ ਸਾਧਨ ਵੀ ਹੈ ਅਤੇ ਆਦਰਸ਼ ਵੀ। ਰਾਜ ਦਾ ਮਨੋਰਥ ਵਿਅਕਤੀ ਦੇ ਜੀਵਨ ਨੂੰ ਉਤਮ ਬਨਾਉਣਾ ਹੈ। ਉਤਮ ਜੀਵਨ ਕੇਵਲ ਰਾਜ ਵਿਚ ਹੀ ਸੰਭਵ ਹੈ। ਰਾਜ ਕੇਵਲ ਵਿਅਕਤੀ ਦੇ ਭਲੇ ਲਈ ਹੀ ਨਹੀਂ ਸਗੋਂ ਆਪ ਵੀ ਇਕ ਆਦਰਸ਼ ਹੈ।[2]

ਇਤਿਹਾਸਕ ਕਾਲ ਦੇ ਹਰ ਦੌਰ ਅੰਦਰ ਸਮਾਜ ਦਾ ਕੋਈ-ਨਾ-ਕੋਈ ਸਰੂਪ ਜ਼ਰੂਰ ਹੁੰਦਾ ਹੈ। ਸਮਾਜ ਦੇ ਇਹ ਵੱਖ-ਵੱਖ ਰੂਪ ਜਿਵੇਂ ਰਾਜ-ਤੰਤਰ, ਕੁਲੀਨ-ਤੰਤਰ, ਤਾਨਾਸ਼ਾਹੀ ਅਤੇ ਲੋਕ ਰਾਜ ਨਾਵਾਂ ਨਾਲ ਹੋਂਦ ਵਿਚ ਆਏ ਹਨ। ਹਰ 'ਰਾਜ' ਦੀ ਆਪਣੀ ਇਕ ਸਰਕਾਰ ਹੁੰਦੀ ਹੈ, ਜਿਸ ਦੇ ਕੁਝ ਸਿਧਾਂਤ ਅਤੇ ਉਦੇਸ਼ ਹੁੰਦੇ ਹਨ। ਰਾਜ ਦੇ ਇਹ ਸਿਧਾਂਤ ਅਤੇ ਉਦੇਸ਼ ਸਮਾਜ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਹੋਏ ਵਿਅਕਤੀ, ਸਮਾਜਿਕ, ਆਰਥਿਕ ਅਤੇ ਰਾਸ਼ਟਰੀ ਉੱਨਤੀ ਪ੍ਰਦਾਨ ਕਰਦੇ ਹਨ। ਪਰੰਤੂ ਅੱਜ ਦਾ ਯੁੱਗ ਪੂੰਜੀਵਾਦੀ ਲੋਕਰਾਜੀ ਕਦਰਾਂ-ਕੀਮਤਾਂ ਨਾਲ ਭਰਪੂਰ ਹੈ। ਇੱਥੇ ਹਰ ਵਿਅਕਤੀ ਲਈ ਸਵਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵਾਂ ਦੀ ਗੱਲ ਕੀਤੀ ਜਾਂਦੀ ਹੈ। ਅੱਜ ਸਮਾਜ ਅੰਦਰ ਇਹ ਵਿਚਾਰ ਪੂੰਜੀਵਾਦੀ ਭਾਵਨਾ ਕਾਰਨ ਖੋਖਲੇ ਸਾਬਿਤ ਹੋ ਰਹੇ ਹਨ, ਕਿਉਂਕਿ ਅੱਜ ਹਰ ਇਨਸਾਨ ਪੂੰਜੀ ਇਕੱਠੀ ਕਰਨ ਅਤੇ ਸਿਰਫ਼ ਤੇ ਸਿਰਫ਼ ਆਪਣੇ ਲਈ ਸੋਚਣ ਲੱਗ ਪਿਆ ਹੈ। ਜੇਕਰ ਅਸੀਂ ਲੋਕਰਾਜ ਦੀ ਗੱਲ ਕਰਦੇ ਹਾਂ ਤਾਂ ਇਹ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਰਾਹੀਂ ਹੋਂਦ ਵਿਚ ਆਇਆ ਹੈ। ਇਸ ਵਿਚ ਕਿਸੇ ਖ਼ਾਸ ਵਿਅਕਤੀ ਜਾਂ ਹਿੱਤ ਦੀ ਸਹਾਇਤਾ ਨਹੀਂ ਕੀਤੀ ਜਾਂਦੀ, ਸਗੋਂ ਸਮਾਜ ਵਿਚ ਰਹਿੰਦੇ ਹਰ ਮਨੁੱਖ ਦੀ ਉਨਤੀ ਲਈ ਇਹ ਕੰਮ ਕਰਦਾ ਹੈ। ਲਾਰਡ ਬਰਾਇਸ ਨੇ ਵੀ ਕਿਹਾ ਹੈ:

> ਲੋਕਤੰਤਰ ਉਸ ਕਿਸਮ ਦੀ ਸਰਾਕਰ ਦਾ ਨਾਂ ਹੈ ਜਿਸ ਵਿਚ ਰਾਜ ਦੀ ਅਧਿਕਾਰ ਸ਼ਕਤੀ ਕਿਸੇ ਇਕ ਵਿਸ਼ੇਸ਼ ਵਰਗ ਵਿਚ ਨਹੀਂ, ਸਗੋਂ ਸਮਾਜ ਦੇ ਸਾਰੇ ਵਿਅਕਤੀਆਂ ਵਿਚ ਸਮੂਹਿਕ ਤੌਰ ਤੇ ਹੁੰਦੀ ਹੈ।[3]

ਲੋਕਰਾਜੀ ਸਰਕਾਰ ਤੋਂ ਆਸ ਕੀਤੀ ਜਾਂਦੀ ਹੈ ਕਿ ਹਰ ਵਿਅਕਤੀ ਦੀਆਂ ਮੁਸ਼ਕਲਾਂ ਅਤੇ ਸਹੂਲਤਾਂ ਦਾ ਪੂਰਾ ਧਿਆਨ ਰੱਖੇ। ਲੋਕਰਾਜੀ ਰਾਜ-ਪ੍ਰਬੰਧ ਦਾ ਮੰਤਵ ਹੀ ਸਮਾਜ ਦੇ ਆਮ ਜਨ-ਜੀਵਨ ਦਾ ਇਸ ਤਰ੍ਹਾਂ ਪ੍ਰਬੰਧ ਕਰਨਾ ਹੈ ਤਾਂ ਜੋ ਇਸ ਵਿਚ ਆਈਆਂ ਮੁਸ਼ਕਲਾਂ ਦੂਰ ਹੋ ਸਕਣ ਅਤੇ ਲੋਕ ਇਕ ਖੁਸ਼ਹਾਲ ਜੀਵਨ ਬਤੀਤ ਕਰ ਸਕਣ। ਲੋਕਰਾਜੀ 'ਰਾਜ' ਸਹੀ ਅਰਥਾ ਵਿਚ ਤਾਂ ਹੀ ਲੋਕਰਾਜੀ 'ਰਾਜ' ਹੋ ਸਕਦਾ ਹੈ ਜੇਕਰ ਉਸਦਾ ਸਮਾਜਿਕ ਪ੍ਰਬੰਧ ਵੀ ਲੋਕਰਾਜੀ ਲੀਹਾਂ ਉਤੇ ਸੰਗਠਿਤ ਹੋਵੇ। ਜਿੱਥੇ ਮਨੁੱਖ ਤੇ ਮਨੁੱਖ ਦੇ ਵਿਚਕਾਰ ਕੋਈ ਵਿਤਕਰਾ ਨਾ ਹੋਵੇ ਅਤੇ ਹਰ ਇਕ ਨੂੰ ਸਮਾਨ ਅਧਿਕਾਰ ਪ੍ਰਾਪਤ ਹੋਣ। ਲੋਕਰਾਜੀ 'ਰਾਜ' ਦਾ ਇਹ ਯਤਨ ਹੋਣਾ ਚਾਹੀਦਾ ਹੈ ਕਿ ਸਮਾਜ ਵਿਚ ਕੋਈ ਵੀ ਅਜਿਹਾ ਵਿਅਕਤੀ ਜਾਂ ਵਰਗ ਨਾ ਹੋਵੇ ਕਿ ਉਹ ਦੂਸਰਿਆਂ ਉਤੇ ਕਾਬਜ਼ ਹੋ ਕੇ ਉਹਨਾਂ ਨੂੰ ਸ਼ੋਸ਼ਿਤ ਕਰਕੇ ਨੁਕਸਾਨ ਪਹੁੰਚਾ ਸਕੇ।

ਹਰ 'ਰਾਜ' ਵਿਚ ਅਰਾਜਕਤਾ ਤੋਂ ਬਚਣ ਲਈ ਕਿਸੇ-ਨ-ਕਿਸੇ ਤਰ੍ਹਾਂ ਦੀ ਵਿਵਸਥਾ ਸਥਾਪਿਤ ਕਰਨੀ ਪੈਂਦੀ ਹੈ। ਇਹ ਵਿਵਸਥਾ ਜਾਂ ਸਿਸਟਮ 'ਰਾਜ' ਦਾ ਸੰਵਿਧਾਨ ਹੁੰਦਾ ਹੈ। ਇਸੀ ਅਨੁਸਾਰ 'ਰਾਜ' ਦਾ ਰਾਜ-ਪ੍ਰਬੰਧ, ਅੰਗਾਂ ਦਾ ਆਪਸੀ ਪ੍ਰਬੰਧ ਅਤੇ ਨਾਗਰਿਕਾਂ ਦੇ ਅਧਿਕਾਰ ਅਤੇ ਕਰਤੱਵਾਂ ਨੂੰ ਨਿਸ਼ਚਿਤ ਕੀਤਾ ਜਾਂਦਾ ਹੈ। 'ਰਾਜ' ਦਾ ਰੂਪ ਕੋਈ ਵੀ ਹੋਵੇ ਉਸ ਵਿਚ ਸੰਵਿਧਾਨ ਦਾ ਹੋਣਾ ਜ਼ਰੂਰੀ ਹੈ ਅਤੇ ਸੰਵਿਧਾਨ ਲਿਖਤੀ ਅਤੇ ਅਲਿਖਤੀ ਦੋਹਾਂ ਕਿਸਮਾਂ ਦਾ ਹੋ ਸਕਦਾ ਹੈ। 'ਰਾਜ' ਦੇ ਇਸ ਸੰਵਿਧਾਨ ਨੂੰ ਸਮਾਜ ਅਤੇ ਰਾਜ ਦੀਆਂ ਕਈ ਪ੍ਰਕਾਰ ਦੀਆਂ ਸੰਸਥਾਵਾਂ ਦੁਆਰਾ ਚਲਾਇਆ ਜਾਂਦਾ ਹੈ। ਭਾਰਤੀ ਸਮਾਜ ਵਿਚ 'ਰਾਜ' ਦਾ ਸਰੂਪ ਲੋਕਰਾਜੀ ਹੈ। ਇਥੇ ਜਨਤਾ ਦੁਆਰਾ ਚੁਣੇ ਗਏ ਪ੍ਰਤਿਨਿਧ ਸਮਾਜ ਕਲਿਆਣ ਲਈ ਸਰਕਾਰ ਅੱਗੇ ਪੇਸ਼ ਹੁੰਦੇ ਹਨ। ਲੋਕਰਾਜੀ ਸਰਕਾਰ ਦੀਆਂ ਸਾਰੀਆਂ ਸੰਸਥਾਵਾਂ ਮਨੁੱਖ ਲਈ ਹੁੰਦੀਆਂ ਹਨ ਨਾ ਕਿ ਮਨੁੱਖ ਸੰਸਥਾਵਾਂ ਲਈ ਅਸੀਂ ਲੋਕਰਾਜੀ ਵਿਵਸਥਾ ਦੀਆਂ ਇਹਨਾਂ ਸੰਵਿਧਾਨਿਕ ਸੰਸਥਾਵਾਂ ਨੂੰ ਦੋ ਹਿੱਸਿਆਂ ਵਿਚ ਰੱਖ ਕੇ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਪਹਿਲੀ ਵਿਚ ਲੋਕਰਾਜ ਨੂੰ ਇਕ ਪ੍ਰਣਾਲੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ, ਜੋ ਕੁਝ ਸ਼ਕਤੀਆਂ, ਕਾਰਜ-ਵਿਧੀਆਂ ਅਤੇ ਕੁਝ ਖ਼ਾਸ ਪ੍ਰਕਾਰ ਦੀਆਂ ਸੰਸਥਾਵਾਂ ਨਾਲ ਚਲਦੀ ਹੈ ਅਤੇ ਦੂਜੀ ਨੂੰ ਲੋਕਰਾਜ ਦੇ ਕੁਝ ਕਾਰਕੁਨਾਂ ਅਤੇ ਕਈ ਪ੍ਰਕਾਰ ਦੇ ਅਧਿਕਾਰੀਆਂ ਵਲੋਂ ਚਲਾਇਆ ਜਾਂਦਾ ਹੈ, ਜਿੱਥੇ ਪਹਿਲੀ ਵਿਵਸਥਾ ਦਾ ਸੰਬੰਧ

ਲੋਕਰਾਜੀ 'ਰਾਜ' ਨਾਲ ਹੈ, ਉੱਥੇ ਦੂਜੀ ਦਾ ਸੰਬੰਧ ਪੂੰਜੀਵਾਦੀ ਲੋਕਰਾਜੀ 'ਰਾਜ' ਨਾਲ ਹੈ। ਲੋਕਾਂ ਲਈ'ਰਾਜ' ਦੇ ਇਹ ਦੋਵੇਂ ਪਹਿਲੂ ਵੱਖ-ਵੱਖ ਪ੍ਰਕਾਰ ਦੇ ਅਨੁਭਵਾਂ ਦਾ ਸਰੋਤ ਹਨ।

ਬੇਸ਼ੱਕ ਰਾਜ ਦੇ ਆਰੰਭ ਬਾਰੇ ਕੋਈ ਇਕ ਸਮਾਂ ਜਾਂ ਕਾਲ ਨਿਸ਼ਚਿਤ ਨਹੀਂ। ਵੱਖ ਵੱਖ ਇਤਿਹਾਸਿਕ ਕਾਲਾਂ ਵਿਚੋਂ ਹੁੰਦਾ ਹੋਇਆ ਇਹ ਅੱਜ ਵਾਲੇ ਰੂਪ ਵਿਚ ਮੌਜੂਦ ਹੈ। ਇਸ ਅਵਸਥਾ ਵਿਚ ਇਹ ਜਾਣਨਾ ਕਿ ਮਨੁੱਖ ਨੇ ਪਹਿਲੀ ਵਾਰ 'ਰਾਜ' ਸ਼ਬਦ ਦੀ ਵਰਤੋਂ ਕਦੋਂ ਕੀਤੀ ਜਾਂ ਇਹ ਕਦੋਂ ਸਥਾਪਿਤ ਹੋਇਆ, ਇਕ ਅਸਪਸ਼ਟ ਧਾਰਨਾ ਹੈ। ਸੋ 'ਰਾਜ' ਦੀ ਉਤਪਤੀ ਸਮੇਂ ਦੇ ਵਹਾਅ ਨਾਲ ਚਲਦੀਆਂ ਮਨੁੱਖੀ ਧਾਰਨਾਵਾਂ ਦੇ ਇਤਿਹਾਸ ਉਤੇ ਅਧਾਰਿਤ ਕਈ ਸਿਧਾਂਤਾਂ ਵਿਚੋਂ ਹੋਈ ਮੰਨੀ ਜਾਂਦੀ ਹੈ। 'ਰਾਜ' ਉਹ ਵਿਵਸਥਾ ਜਾਂ ਸੰਗਠਨ ਹੈ ਜਿੱਥੇ ਮਨੁੱਖ ਆਪਣੀਆਂ ਸਮਾਜਿਕ ਜ਼ਰੂਰਤਾਂ ਦੀ ਪੂਰਤੀ ਦੇ ਨਾਲ-ਨਾਲ ਸੰਵਿਧਾਨਿਕ ਤੋਰ ਪਰ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਪੂੰਜੀਵਾਦੀ ਲੋਕਰਾਜੀ 'ਰਾਜ' ਅੰਦਰ ਸਰਕਾਰ ਦੀਆਂ ਸੰਵਿਧਾਨਿਕ ਅਤੇ ਸਮਾਜਿਕ ਸੰਸਥਾਵਾਂ ਕਿਸ ਪ੍ਰਕਾਰ ਰਾਜ-ਪ੍ਰਬੰਧ ਨੂੰ ਸੰਚਾਲਿਤ ਕਰਦੀਆ ਹਨ ਅਤੇ ਕਿਸ ਪ੍ਰਕਾਰ ਦਾ ਰਾਜ-ਪ੍ਰਬੰਧ ਅਮਲ ਵਿਚ ਹੋਣਾ ਚਾਹੀਦਾ ਹੈ। ਇਹਨਾ ਸਾਰੇ ਸਵਾਲਾਂ ਨੂੰ ਅਸੀਂ ਆਪਣੇ ਇਸ ਅਧਿਆਇ ਵਿਚ ਸੰਖਿਪਤ ਢੰਗ ਨਾਲ ਪ੍ਰਸਤੁਤ ਕਰਾਂਗੇ।

'ਰਾਜ' ਅਜਿਹਾ ਸਮੁਦਾਇ ਹੈ ਜੋ ਬਾਕੀ ਸਾਰੇ ਸਮੁਦਾਵਾਂ ਤੋਂ ਉੱਚਾ ਸਥਾਨ ਰੱਖਦਾ ਹੈ। ਇਸ ਅੰਦਰ ਕੰਮ ਕਰਦੀਆਂ ਵੱਖ-ਵੱਖ ਸੰਸਥਾਵਾਂ ਦਾ ਉਦੇਸ਼ ਇਕ ਪ੍ਰਬੰਧ ਵਜੋਂ ਬਾਕੀ ਸਾਰੀਆਂ ਸਮੁਦਾਵਾਂ ਤੇ ਨਿਯੰਤਰਣ ਰੱਖਦਿਆਂ ਹੋਇਆਂ ਉਹਨਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਦਾ ਹੈ ਅਤੇ ਉਹਨਾਂ ਦੇ ਕੰਮ-ਕਾਜ ਨੂੰ ਇਕਸਾਰਤਾ ਵਿਚ ਲਿਆਉਂਦਾ ਹੈ ਕਿਉਂਕਿ ਅਗਰ ਰਾਜ ਸ਼ਾਂਤੀ ਸਥਾਪਤ ਨਹੀਂ ਰੱਖੇਗਾ ਤਾਂ ਦੂਜੀਆਂ ਸੰਸਥਾਵਾਂ ਵੀ ਆਪਣੇ ਉਦੇਸ਼ਾਂ ਦੀ ਪੂਰਤੀ ਵਿਚ ਅਸਫ਼ਲ ਹੋ ਜਾਣਗੀਆਂ। 'ਰਾਜ' ਹੀ ਬਾਕੀ ਸਾਰੀਆਂ ਸੰਸਥਾਵਾਂ ਦੇ ਅਧਿਕਾਰ ਖੇਤਰ ਨੂੰ ਨਿਸਚਿਤ ਕਰਦਾ ਹੈ। ਵੱਖ-ਵੱਖ ਸੰਸਥਾਵਾਂ ਨੂੰ ਇਕੋ ਜਿਹੇ ਅਧਿਕਾਰ ਦੇਣਾ ਹੀ 'ਰਾਜ' ਦਾ ਮੁੱਢਲਾ ਫ਼ਰਜ਼ ਹੈ ਕਿਉਂਕਿ ਜਨਤਾ ਨੂੰ ਸੰਸਥਾਵਾਂ ਬਣਾਉਣ ਦਾ ਹੱਕ ਵੀ ਰਾਜ ਨੇ ਹੀ ਦਿੱਤਾ ਹੈ। 'ਰਾਜ' ਇਸ ਹੱਕ ਦੀ ਰਾਖੀ ਕਰਦਾ ਹੈ। 'ਰਾਜ' ਦਾ ਕੰਮ ਅਜਿਹਾ ਵਾਤਾਵਰਣ ਪੈਦਾ ਕਰਨਾ ਹੀ ਜਿਸ ਵਿਚ ਲੋਕ ਆਪਣੀ ਮਰਜ਼ੀ ਅਤੇ

ਜ਼ਰੂਰਤ ਅਨੁਸਾਰ ਸੰਸਥਾਵਾਂ ਬਣਾ ਸਕਣ ਅਤੇ ਉਹ ਆਪਣੇ ਉਦੇਸ਼ਾਂ ਦੀ ਪੂਰਤੀ ਕਰ ਸਕਣ। ਇਸੀ ਕਰਕੇ ਅਗਰ ਕੋਈ ਸੰਸਥਾ ਰਾਜ ਦੇ ਹਿੱਤਾਂ ਵਿਰੁੱਧ ਕੰਮ ਕਰਦੀ ਹੈ ਤਾਂ ਰਾਜ ਉਸਤੇ ਨਿਯੰਤਰਣ ਕਰਦਾ ਹੈ ਇਸ ਤਰ੍ਹਾਂ ਰਾਜ ਸਮਾਜਿਕ ਜੀਵਨ ਨੂੰ ਸੁਖਾਵਾਂ ਬਣਾਉਣ ਲਈ ਅਵਸਰ ਪੈਦਾ ਕਰਦਾ ਹੈ। ਰਾਜ ਓਨਾ ਚਿਰ ਕਿਸੀ ਵੀ ਸੰਸਥਾ ਦੇ ਕੰਮਾਂ ਵਿਚ ਦਖ਼ਲ ਨਹੀਂ ਦਿੰਦਾ। ਜਦੋਂ ਤੱਕ ਕਿਸੇ ਸੰਸਥਾ ਦੇ ਉਦੇਸ਼ ਵਿਚ ਸ਼ਾਂਤੀ ਭਰਿਆ ਵਾਤਾਵਰਣ ਰਹਿੰਦਾ ਹੈ। ਅਰਸਤੂ ਦੇ ਸ਼ਬਦਾਂ ਵਿਚ:

> ਰਾਜ ਮਨੁੱਖੀ ਸੰਸਥਾਵਾਂ ਦਾ ਸਰਵ-ਉੱਚਤਮ ਰੂਪ ਹੈ। ਇਹ ਮਨੁੱਖੀ ਲੋੜਾਂ ਤੋਂ ਹੀ ਪੈਦਾ ਹੋਇਆ ਹੈ ਅਤੇ ਉੱਤਮ ਜੀਵਨ ਲਈ ਜਾਰੀ ਹੈ।[4]

ਮੈਕਾਇਵਰ ਦੇ ਸ਼ਬਦਾਂ ਵਿਚ:

> ਰਾਜ ਇਕ ਸਮੁਦਾ ਹੈ ਜੋ ਇਕ ਸ਼ਕਤਸ਼ਾਲੀ ਸਰਕਾਰ ਵਲੋਂ ਬਣਾਏ ਗਏ ਕਾਨੂੰਨਾਂ ਰਾਹੀਂ ਇਕ ਨਿਸਚਿਤ ਇਲਾਕੇ ਵਿਚ ਵੱਸਣ ਵਾਲੇ ਜਨ-ਸਮੁਦਾ ਵਿਚ ਸਮਾਜਕ ਵਿਸਵਥਾ ਦੀਆਂ ਸਾਰੀਆਂ ਬਾਹਰਲੀਆਂ ਅਵਸਥਾਵਾਂ ਕਾਇਮ ਰੱਖਦਾ ਹੈ।[5]

ਰਾਜ ਤੋਂ ਬਿਨਾਂ ਲੋਕਾਂ ਅੰਦਰ ਆਪਾ-ਧਾਪੀ ਫੈਲ ਜਾਵੇਗੀ ਤੇ ਸ਼ਾਂਤੀ ਦਾ ਮਾਹੌਲ ਨਹੀਂ ਰਹਿ ਸਕੇਗਾ। ਰਾਜ ਹੀ ਉਹ ਸੰਸਥਾ ਹੈ ਜੋ ਮਨੁੱਖਾਂ ਦੇ ਬਹੁਪੱਖੀ ਵਿਕਾਸ ਲਈ ਯਤਨਸ਼ੀਲ ਹੁੰਦਾ ਹੈ। ਅਗਰ ਮਨੁੱਖ ਦਾ ਜੀਵਨ ਖ਼ਤਰੇ ਵਿਚ ਹੋਵਗਾ ਤਾਂ ਉਹ ਆਪਣਾ ਵਿਕਾਸ ਨਹੀਂ ਕਰ ਸਕੇਗਾ। ਸੱਭਿਆਚਾਰ ਅਤੇ ਸੱਭਿਅਤਾ ਦੀ ਉਨਤੀ ਲਈ 'ਰਾਜ' ਦੀ ਮਨੁੱਖ ਨੂੰ ਬਹੁਤ ਲੋੜ ਹੈ, ਕਿਉਂਕਿ ਰਾਜ ਦੁਆਰਾ ਨਾ ਕੇਵਲ ਕਾਨੂੰਨ ਤੇ ਅਮਨ ਕਾਇਮ ਹੰਦੇ ਹਨ ਬਲਕਿ ਮਨੁੱਖ ਦੇ ਬਹੁਪੱਖੀ ਵਿਕਾਂਸ ਲਈ ਵੀ ਰਾਜ ਅਵਸਰ ਪ੍ਰਦਾਨ ਕਰਦਾ ਹੈ। ਰਾਜ ਅਜਿਹਾ ਸਾਧਨ ਹੈ ਜੋ ਉਚਿੱਤ ਨਿਆਂ ਪ੍ਰਦਾਨ ਕਰਦਾ ਹੈ। ਬਰਗਸ ਅਨੁਸਾਰ:

> ਰਾਜ ਦਾ ਵੱਡਾ ਉਦੇਸ਼ ਮਾਨਵਤਾ ਦਾ ਪੂਰਾ ਵਿਕਾਸ ਕਰਨਾ, ਉਸ ਨੂੰ ਸੱਭਿਆ ਬਣਾਣਾ ਤੇ ਪ੍ਰਿਥਵੀ ਤੇ ਇਖਲਾਕ ਤੇ ਸ਼ੁਭ ਗੁਣਾਂ ਦੀ ਸਥਾਪਨਾ ਕਰਨਾ ਹੈ।[6]

ਇਸ ਪ੍ਰਕਾਰ ਡਾਢਿਆਂ ਦੀਆਂ ਜ਼ਬਰਦਸਤੀਆਂ ਤੋਂ ਮਜ਼ਬੂਰਾਂ ਤੇ ਕਮਜ਼ੋਰਾਂ ਦੀ ਰੱਖਿਆ ਹੁੰਦੀ ਹੈ। ਰਾਜ ਦਾ ਉਦੇਸ਼ ਸਮਾਜ ਅੰਦਰ ਕਾਨੂੰਨ ਤੇ ਅਮਨ-ਚੈਨ ਦੀ ਸਥਾਪਨਾ ਕਰਨ ਦੇ ਨਾਲ-ਨਾਲ ਜਨ-ਕਲਿਆਣ, ਸਮਾਜਿਕ ਕਲਿਆਣ, ਉਚਿੱਤ ਨਿਆਂ ਵਿਵਸਥਾ, ਆਰਥਿਕ ਬਰਾਬਰੀ ਤੇ ਰਾਜਨੀਤਿਕ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਰਾਜ ਦੇ ਇਨ੍ਹਾਂ ਸਾਰੇ ਉਦੇਸ਼ਾਂ ਨੂੰ ਮੁੱਖ ਰੱਖਦਿਆਂ ਹੋਇਆਂ ਰਾਜ ਪ੍ਰਬੰਧ ਅੰਦਰ ਕੰਮ ਕਰਦੀਆਂ ਵੱਖ ਵੱਖ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਆਪਣਾ ਉੱਚਿਤ ਯੋਗਦਾਨ ਦਿੰਦੀਆਂ ਹਨ। 'ਰਾਜ ਦੀਆਂ ਇਹ ਸਰਕਾਰੀ ਸੰਸਥਾਵਾਂ ਤਿੰਨ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ। 'ਰਾਜ' ਦੀਆਂ ਅਸੀਮਤ ਸ਼ਕਤੀਆਂ ਨੂੰ ਸੀਮਿਤ ਕਰਨ ਲਈ ਸ਼ਕਤੀਆਂ ਦੀ ਵੰਡ ਜ਼ਰੂਰੀ ਹੈ, ਕਿਉਂਕਿ ਅਗਰ ਇਹ ਸ਼ਕਤੀਆਂ 'ਰਾਜ' ਦੇ ਕਿਸੇ ਇਕ ਵਿਅਕਤੀ ਜਾਂ ਕੁਝ ਖਾਸ ਵਿਅਕਤੀਆਂ ਦੇ ਸਮੂਹ ਕੋਲ ਹੋਣਗੀਆਂ ਤਾਂ ਸੁਭਾਵਿਕ ਹੀ ਸ਼ਕਤੀਆਂ ਦਾ ਦੁਰ-ਉਪਯੋਗ ਹੋਵੇਗਾ। ਲੋਕਰਾਜੀ ਸਰਕਾਰ ਦੇ ਇਹਨਾਂ ਤਿੰਨਾਂ ਹਿੱਸਿਆਂ ਨੂੰ ਵਿਧਾਨ-ਪਾਲਿਕਾ, ਕਾਰਜ-ਪਾਲਿਕਾ ਅਤੇ ਨਿਆਂ-ਪਾਲਿਕਾ ਕਿਹਾ ਜਾਂਦਾ ਹੈ। ਵਿਧਾਨ-ਪਾਲਿਕਾ ਕਾਨੂੰਨ ਬਣਾਉਂਦੀ ਹੈ, ਜਦੋਂ ਕਿ ਕਾਰਜ-ਪਾਲਿਕਾ ਵਿਧਾਨ ਪਾਲਿਕਾ ਦੁਆਰਾ ਬਣਾਏ ਕਾਨੂੰਨਾਂ ਨੂੰ ਲਾਗੂ ਕਰਦੀ ਹੈ। ਤੀਜਾ ਤੇ ਆਖਰੀ ਹਿੱਸਾ ਨਿਆਂ-ਪਾਲਿਕਾ ਦਾ ਹੈ, ਜੋ ਕਾਨੂੰਨ ਦੀ ਵਿਆਖਿਆ ਕਰਦਾ ਹੈ ਤੇ ਇਹ ਵੀ ਦੇਖਦਾ ਹੈ ਕਿ ਕਾਰਜਕਾਰੀ ਵਿਭਾਗ ਆਪਣੀਆਂ ਸ਼ਕਤੀਆਂ ਦੀ ਵਰਤੋਂ ਵਿਧਾਨਕਾਰੀ ਦੁਆਰਾ ਬਣਾਏ ਗਏ ਨਿਯਮਾਂ ਅਨੁਸਾਰ ਕਰ ਰਿਹਾ ਹੈ ਜਾਂ ਨਹੀਂ। 'ਰਾਜ' ਦੀਆਂ ਇਹ ਤਿੰਨੋਂ ਸੰਸਥਾਵਾਂ ਸ਼ਕਤੀ ਅਤੇ ਅਹੁਦੇ ਪੱਖੋਂ ਵੱਖੋ-ਵੱਖਰਾ ਸਥਾਨ ਰੱਖਦੀਆਂ ਹਨ।

**ਵਿਧਾਨ ਪਾਲਿਕਾ**

ਵਿਧਾਨ ਪਾਲਿਕਾ ਬਾਕੀ ਅੰਗਾਂ ਤੋਂ ਸਰਵ-ਉੱਚ ਮੰਨੀ ਜਾਂਦੀ ਹੈ, ਕਿਉਂਕਿ 'ਰਾਜ' ਦਾ ਆਰੰਭ ਹੀ ਇਸ ਤੋਂ ਹੁੰਦਾ ਹੈ। ਵਿਧਾਨ ਪਾਲਿਕਾ ਹੀ ਅਜਿਹਾ ਅੰਗ ਹੈ ਜਿਸ ਰਾਹੀਂ 'ਰਾਜ' ਦੀ ਇੱਛਾ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਇਸ ਰਾਹੀਂ ਬਣਾਏ ਗਏ ਕਾਨੂੰਨਾਂ ਅਨੁਸਾਰ ਸਰਕਾਰ ਦਾ ਸਾਰਾ ਢਾਂਚਾ ਕੰਮ ਕਰਦਾ ਹੈ। ਵਿਧਾਨ-ਪਾਲਿਕਾ ਹੀ ਅਜਿਹੀ ਸ਼ਕਤੀ ਹੈ ਜੋ ਬਾਕੀ ਦੋਵੇਂ ਅੰਗਾਂ ਦੀਆਂ ਸ਼ਕਤੀਆਂ ਨੂੰ ਨਿਰਧਾਰਿਤ ਕਰਦੀ ਹੈ।

ਲਾਸਕੀ ਅਨੁਸਾਰ:

ਕਾਰਜਕਾਰੀ ਅਤੇ ਨਿਆਂਕਾਰੀ ਦੇ ਅਧਿਕਾਰਾਂ ਦੀ ਹੱਦ ਵਿਧਾਨਕਾਰੀ ਰਾਹੀਂ ਦੱਸੀ ਗਈ ਇੱਛਾ ਵਿਚ ਹੁੰਦੀ ਹੈ।[7]

ਲੋਕਰਾਜੀ ਰਾਜ-ਪ੍ਰਬੰਧ ਅੰਦਰ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧ ਸਮੂਹਿਕ ਰੂਪ ਵਿਚ ਜਨਤਾ ਲਈ ਕਾਰਜ ਕਰਦੇ ਹਨ ਜਿਸ ਨਾਲ ਇਸਦਾ ਪ੍ਰਭਾਵ ਅਤੇ ਮਾਣ ਹੋਰ ਵੀ ਵੱਧ ਜਾਂਦਾ ਹੈ। ਸਰਕਾਰੀ ਖਜ਼ਾਨੇ ਦੀ ਦੇਖ ਰੇਖ ਵੀ ਵਿਧਾਨਕਾਰੀ ਦੁਆਰਾ ਕੀਤੀ ਜਾਂਦੀ ਹੈ। ਕੋਈ ਵੀ ਨਵਾਂ ਖਰਚ ਅਤੇ ਨਵਾਂ ਟੈਕਸ ਵਿਧਾਨ-ਪਾਲਿਕਾ ਦੀ ਮਨਜ਼ੂਰੀ ਤੋਂ ਬਿਨਾਂ ਪਾਸ ਨਹੀਂ ਹੁੰਦਾ। ਜਨਤਾ ਦੀ ਉਮੀਦ ਹਮੇਸ਼ਾ ਵਿਧਾਨਕਾਰੀ ਅੱਗੇ ਬਣੀ ਰਹਿੰਦੀ ਹੈ ਕਿਉਂਕਿ ਇਸ ਵਿਚ ਜਨਤਾ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣ ਵਾਲੇ ਜਨਤਕ ਪ੍ਰਤੀਨਿਧ ਹੁੰਦੇ ਹਨ। ਰਾਜ ਦੇ ਸੰਵਿਧਾਨ ਵਿਚ ਅਗਰ ਕੋਈ ਵੀ ਸੰਸ਼ੋਧਨ ਕਰਨਾ ਹੋਵੇ ਤਾਂ ਵਿਧਾਨ-ਪਾਲਿਕਾ ਹੀ ਕਰਦੀ ਹੈ। ਅਗਰ ਕਾਰਜ-ਪਾਲਿਕਾ ਆਪਣਾ ਕੰਮ ਸਹੀ ਢੰਗ ਨਾਲ ਨਹੀਂ ਕਰਦੀ ਤਾਂ ਵਿਧਾਨ-ਪਾਲਿਕਾ ਇਸ ਨੂੰ ਬਦਲ ਵੀ ਸਕਦੀ ਹੈ। ਰਾਜ ਦੇ ਬਦਲਦੇ ਹਾਲਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਵਿਧਾਨਕਾਰੀ ਆਪਣੇ ਪੁਰਾਣੇ ਕਾਨੂੰਨਾਂ ਵਿਚ ਬਦਲਾਵ ਵੀ ਕਰ ਸਕਦੀ ਹੈ। ਉਹ ਕਾਨੂੰਨ ਜੋ ਗ਼ੈਰ-ਉਪਯੋਗੀ ਸਿੱਧ ਹੋ ਜਾਣ ਖ਼ਤਮ ਕਰ ਦਿੱਤੇ ਜਾਂਦੇ ਹਨ। ਪਰ ਨਵੇਂ ਕਾਨੂੰਨ ਝੱਟ-ਪੱਟ ਨਹੀਂ ਬਣ ਜਾਂਦੇ, ਬਲਕਿ ਬਹੁਤ ਸਾਰਾ ਵਾਦ-ਵਿਵਾਦ ਹੁੰਦਾ ਹੈ। ਇਥੇ ਵੱਖ-ਵੱਖ ਹਿੱਤਾਂ ਦੇ ਪ੍ਰਤੀਨਿਧ ਆਪਣੇ-ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਇਸ ਪ੍ਰਕਾਰ ਕੋਈ ਵੀ ਨਵਾਂ ਕਾਨੂੰਨ ਇਕ ਖ਼ਾਸ ਵਿਧਾਨਿਕ ਤਰੀਕੇ ਰਾਹੀਂ ਬਣਾਇਆ ਜਾਂਦਾ ਹੈ। ਵਿਧਾਨ-ਪਾਲਿਕਾ ਨੂੰ ਦੇਸ਼ ਦੇ ਮੁੱਖ ਅਧਿਕਾਰੀਆਂ ਦੇ ਵਿਰੁੱਧ ਮੁਕੱਦਮਾ ਚਲਾਉਣ ਦਾ ਅਧਿਕਾਰ ਵੀ ਪ੍ਰਾਪਤ ਹੈ। ਅਗਰ ਕਾਰਜਕਾਰੀ ਆਪਣਾ ਕੰਮ ਠੀਕ ਤਰ੍ਹਾਂ ਨਹੀਂ ਕਰਦੀ ਤਾਂ ਵਿਧਾਨ-ਪਾਲਿਕਾ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਕਾਰਜਕਾਰੀ ਨੂੰ ਪੱਦਵੀ ਤੋਂ ਹਟਾ ਵੀ ਸਕਦੀ ਹੈ।

### ਕਾਰਜ ਪਾਲਿਕਾ

ਆਮ ਤੌਰ ਉੱਤੇ ਲੋਕ ਕਾਰਜ-ਪਾਲਿਕਾ ਨੂੰ ਰਾਜ ਦਾ 'ਸ਼ਾਸਨ' ਕਹਿੰਦੇ ਹਨ, ਕਿਉਂਕਿ 'ਰਾਜ' ਦੀ ਸੱਤਾ ਦੀ ਵਰਤੋਂ ਆਮ ਕਰਕੇ ਕਾਰਜ-ਪਾਲਿਕਾ ਦੁਆਰਾ ਹੁੰਦੀ ਹੈ ਕਾਰਜਕਾਰੀ ਦਾ ਸੰਬੰਧ ਉਹਨਾਂ

ਸਾਰੇ ਅਧਿਕਾਰੀਆਂ ਦੇ ਸਮੂਹ ਨਾਲ ਹੈ ਜੋ ਕਾਨੂੰਨ ਲਾਗੂ ਕਰਦੇ ਹਨ। ਇਸ ਵਿਚ·ਪ੍ਰਧਾਨ ਅਧਿਕਾਰੀਆਂ ਤੋਂ ਲੈ ਕੇ ਛੋਟੇ ਸਿਪਾਹੀ ਵਰਗੇ ਸਾਰੇ ਅਧਿਕਾਰੀ ਆਉਂਦੇ ਹਨ ਪਰੰਤੂ ਸਾਡਾ ਭਾਵ ਰਾਜ ਦੀ ਉਸ ਪ੍ਰਬੰਧਕ ਮਸ਼ੀਨਰੀ ਨਾਲ ਹੈ ਜਿਹੜੀ ਸਰਕਾਰ ਦੀ 'ਨੀਤੀ' ਘੜ੍ਹਦੀ ਹੈ, ਯੋਜਨਾ ਬਣਾਉਂਦੀ ਹੈ, ਜਿਵੇਂ ਭਾਰਤ ਵਿਚ ਪ੍ਰਧਾਨ-ਮੰਤਰੀ ਅਤੇ ਉਸਦੇ ਮੰਤਰੀ ਆਦਿ ਹੁੰਦੇ ਹਨ। ਲੋਕਰਾਜੀ ਸਰਕਾਰ ਅੰਦਰ ਸੰਵਿਧਾਨ ਰਾਜ ਦੇ ਮੁੱਖੀਏ ਨੂੰ ਕਾਰਜਕਾਰੀ ਬਣਾਉਂਦਾ ਹੈ। ਸਾਰੀਆਂ ਸ਼ਕਤੀਆਂ ਉਸ ਦੇ ਨਾਂ ਉਤੇ ਵਰਤੀਆਂ ਜਾਂਦੀਆਂ ਹਨ। ਪਰੰਤੂ ਉਹ ਆਪ ਇਹਨਾਂ ਦਾ ਪ੍ਰਯੋਗ ਮੰਤਰੀਆਂ ਦੀ ਸਲਾਹ ਨਾਲ ਹੀ ਕਰ ਸਕਦਾ ਹੈ, ਭਾਰਤ ਸਰਕਾਰ ਅੰਦਰ ਰਾਸ਼ਟਰਪਤੀ ਕਾਰਜਕਾਰੀ ਦਾ ਮੁੱਖੀਆ ਹੈ, ਪਰ ਨਾ-ਮਾਤਰ ਦੀ ਸ਼ਕਤੀ ਹੈ। ਕਿਉਂਕਿ ਅਸਲੀ ਸ਼ਕਤੀਆਂ ਪ੍ਰਧਾਨ-ਮੰਤਰੀ ਦੇ ਹੱਥ ਵਿਚ ਹੁੰਦੀਆਂ ਹਨ। 'ਰਾਜ' ਦੀ ਇੱਛਾ ਨੂੰ ਲਾਗੂ ਕਰਨਾ ਹੀ ਕਾਰਜ-ਪਾਲਿਕਾ ਦਾ ਮੁੱਖ ਕਰਤੱਵ ਹੈ। ਭਾਵੇਂ ਇਹ ਵਿਧਾਨ-ਪਾਲਿਕਾ ਅੱਗੇ ਉੱਤਰਦਾਈ ਹੈ ਪਰੰਤੂ ਅੱਜ ਆਧੁਨਿਕ ਰਾਜ-ਪ੍ਰਬੰਧ ਬਣਨ ਕਾਰਨ ਇਸ ਦੇ ਕਰਤੱਵ ਵੱਧ ਗਏ ਹਨ। ਕਾਰਜਕਾਰੀ ਆਪਣੇ ਕੰਮਾਂ ਲਈ ਵਿਧਾਨਕਾਰੀ ਅੱਗੇ ਉਤਰਦਾਈ ਹੈ। ਕਾਰਜਕਾਰੀ ਅਜਿਹੀ ਸੰਸਥਾ ਹੈ ਜਿਹੜੀ ਲੋਕ-ਕਲਿਆਣ ਲਈ ਸੁਭਾਵਿਕ ਵਾਤਾਵਰਣ ਬਣਾਉਂਦੀ ਹੈ। ਕਾਰਜਕਾਰੀ ਦਾ ਮੁੱਖ ਕੰਮ ਵਿਧਾਨ ਪਾਲਿਕਾ ਦੇ ਬਣਾਏ ਹੋਏ ਕਾਨੂੰਨਾਂ ਨੂੰ ਲਾਗੂ ਕਰਨਾ ਹੈ ਅਤੇ 'ਰਾਜ' ਵਿਚ ਸ਼ਾਂਤੀ ਦੀ ਅਵਸਥਾ ਬਣਾਈ ਰੱਖਣਾ ਹੈ। ਕਾਰਜਕਾਰੀ ਹੀ ਆਪਣੇ 'ਰਾਜ' ਦੀਆਂ ਲੋੜਾਂ ਪੂਰੀਆਂ ਕਰਨ ਤਹਿਤ ਕੂਟਨੀਤੀ ਦੇ ਕੰਮਾਂ ਨੂੰ ਅਖਤਿਆਰ ਕਰਦੀ ਹੈ। ਕਾਰਜਕਾਰੀ ਹੀ ਆਪਣੇ ਨਾਗਰਿਕਾਂ ਨੂੰ ਬਾਹਰਲੇ ਖ਼ਤਰਿਆਂ ਤੋਂ ਸੁਰੱਖਿਆ ਮੁਹੱਈਆ ਕਰਵਾਉਂਦੀ ਹੈ। ਕਾਰਜਕਾਰੀ ਦਾ ਮੁਖੀਆ ਹੀ ਰਾਜ ਦੇ ਵੱਡੇ-ਵੱਡੇ ਜੱਜਾਂ ਦੀ ਨਿਯੁਕਤੀ ਕਰਦਾ ਹੈ। ਕਾਰਜਕਾਰੀ ਹੀ ਵਿਧਾਨ-ਪਾਲਿਕਾ ਸਾਹਮਣੇ ਬਜਟ ਪੇਸ਼ ਕਰਦੀ ਹੈ ਅਤੇ ਮਹਿਕਮਿਆਂ ਦੇ ਖਰਚ ਨੂੰ ਕੰਟਰੋਲ ਕਰਦੀ ਹੈ। ਕਾਰਜ-ਪਾਲਿਕਾ ਕਾਨੂੰਨ ਅਨੁਸਾਰ ਨਿਤ ਦੇ ਪ੍ਰਸ਼ਾਸਨ ਨੂੰ ਸੰਚਾਲਿਤ ਕਰਦੀ ਹੈ ਅਤੇ ਕਾਨੂੰਨ ਦੀ ਉਲੰਘਣਾ ਨਾ ਹੋਣ ਦੇਣਾ ਅਤੇ ਉਹਨਾਂ ਦਾ ਅਤਿਕ੍ਰਮਣ ਕਰਨ ਵਾਲਿਆਂ ਨੂੰ ਦੰਡ ਦੇਣਾ ਹੈ।

## ਨਿਆਂ ਪਾਲਿਕਾ

ਨਿਆਂ ਪਾਲਿਕਾ 'ਰਾਜ' ਦਾ ਤੀਜਾ ਅੰਗ ਹੈ। ਇਸ ਦਾ ਮੁੱਖ ਕੰਮ ਕਾਨੂੰਨ ਦੀ ਵਿਆਖਿਆ ਕਰਨਾ ਅਤੇ ਉਸ ਨੂੰ ਅਮਲ ਵਿਚ ਲਿਅਉਣਾ ਹੈ। ਨਿਆਂ-ਪਾਲਿਕਾ, ਕਾਰਜਪਾਲਿਕਾ ਦੇ ਕਿਸੇ ਵੀ ਅਜਿਹੇ ਹੁਕਮਾਂ ਨੂੰ ਰੱਦ ਕਰ ਸਕਦੀ ਹੈ ਜਿਹੜੇ ਵਿਧਾਨ-ਪਾਲਿਕਾ ਦੁਆਰਾ ਬਣਾਏ ਹੋਏ ਕਾਨੂੰਨਾਂ ਦੀ ਉਲੰਘਣਾ ਕਰਦੇ ਹਨ। ਨਿਆਂਕਾਰੀ ਦਾ ਕੰਮ ਨਾਗਰਿਕਾਂ ਦੇ ਆਪਸੀ ਝਗੜਿਆਂ ਨੂੰ ਨਿਪਟਾਉਣਾ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਦੰਡਿਤ ਕਰਨਾ ਹੈ। ਇਸ ਤੋਂ ਇਲਾਵਾ ਇਹ ਨਾਗਰਿਕਾਂ ਦੀ ਇਕ ਦੂਜੇ ਤੋਂ ਅਤੇ ਸਰਕਾਰ ਤੋਂ ਅਧਿਕਾਰਾਂ ਦੀ ਰੱਖਿਆ ਕਰਦੀ ਹੈ। ਹਰ 'ਰਾਜ' ਅੰਦਰ ਉਸਦਾ ਪ੍ਰਸ਼ਾਸਨ ਕਾਨੂੰਨ ਅਨੁਸਾਰ ਚੱਲਦਾ ਹੈ ਅਤੇ ਰਾਜ ਆਪਣੇ ਨਾਗਰਿਕਾਂ ਲਈ ਅਧਿਕਾਰਾਂ ਦੀ ਯੋਗ ਵਿਵਸਥਾ ਦਾ ਪ੍ਰਬੰਧ ਕਰਦਾ ਹੈ। 'ਰਾਜ' ਵਿਚ ਸ਼ਾਂਤੀ ਅਤੇ ਸੁਰੱਖਿਆ ਸਥਾਪਿਤ ਕਰਨ ਲਈ ਜ਼ਰੂਰੀ ਹੋ ਜਾਂਦਾ ਹੈ ਕਿ 'ਰਾਜ' ਵਿਚ ਨਿਰਪੱਖ ਅਤੇ ਛੇਤੀ ਨਿਆਂ ਕਰਨ ਵਾਲੇ ਨਿਆਇਕ-ਪ੍ਰਸ਼ਾਸਨ ਦਾ ਵਧੀਆ ਪ੍ਰਬੰਧ ਕੀਤਾ ਜਾਵੇ। ਲਾਰਡ ਬ੍ਰਾਈਸ ਦੇ ਕਥਨ ਅਨੁਸਾਰ:

> ਜੇ ਕਾਨੂੰਨ ਦਾ ਪ੍ਰਸ਼ਾਸਨ ਈਮਾਨਦਾਰੀ ਨਾਲ ਨਹੀਂ ਕੀਤਾ ਜਾਂਦਾ ਤਾਂ ਇਹ ਸਮਝਿਆ ਜਾਵੇਗਾ ਕਿ ਸ਼ਾਸਨ ਦੀ ਆਪਣੀ ਹੋਂਦ ਹੀ ਸਮਾਪਤ ਹੋ ਗਈ ਹੈ ਅਤੇ ਲੋਕਾਂ ਲਈ ਜੀਊਣ ਦਾ ਮਨੋਰਥ ਭਾਵ ਸੁਆਦ ਹੀ ਕਿਰਕਰਾ ਹੋ ਗਇਆ ਹੈ। ਜੇ ਨਿਆਂ ਦਾ ਸੰਚਾਲਨ ਕਮਜ਼ੋਰੀ ਜਾਂ ਅਸਥਿਰਤਾ ਨਾਲ ਕੀਤਾ ਜਾਂਦਾ ਹੈ, ਤਾਂ ਕਾਨੂੰਨੀ ਵਿਵਸਥਾ ਵਿਚ ਵਿਸ਼ਵਾਸ ਨਹੀਂ ਰਹੇਗਾ ਕਿਉਂਕਿ ਅਪਰਾਧਾਂ ਨੂੰ ਘਟਾਉਣ ਲਈ ਦੰਡ ਦੀ ਕਠੋਰਤਾ ਨਹੀਂ, ਸਗੋਂ ਲੋਕਾਂ ਦਾ ਵਿਸ਼ਵਾਸ ਜ਼ਰੂਰੀ ਹੁੰਦਾ ਹੈ। ਇਹ ਵਿਸ਼ਵਾਸ ਕਿ ਅਪਰਾਧ ਕਰਨ ਵਾਲੇ ਨੂੰ ਅਪਰਾਧ ਲਈ ਦੰਡ ਜ਼ਰੂਰ ਦਿੱਤਾ ਜਾਵੇਗਾ। ਜੇ ਨਿਆਇ ਰੂਪੀ ਦੀਪਕ ਬੁਝ ਗਇਆ ਤਾਂ ਘੋਰ ਅੰਧਕਾਰ ਜਿਸ ਦੀ ਕੋਈ ਹੱਦ ਨਹੀਂ, ਚੌਤਰਫ਼ੀ ਫੈਲ ਜਾਵੇਗਾ।[8]

ਨਿਆਂ ਪਾਲਿਕਾ ਵਿਅਕਤੀਆਂ ਵਿਚਕਾਰ ਅਤੇ ਵਿਅਕਤੀ ਅਤੇ ਰਾਜ ਵਿਚਕਾਰ ਝਗੜੇ ਸੁਣਦੀ ਹੈ ਅਤੇ ਇਨ੍ਹਾਂ ਦਾ ਫ਼ੈਸਲਾ ਵਿਧਾਨਪਾਲਿਕਾ ਦੇ ਬਣਾਏ ਹੋਏ ਕਾਨੂੰਨ ਅਨੁਸਾਰ ਕਰਦੀ ਹੈ। ਬੇਸ਼ੱਕ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਾਰਜ-ਪਾਲਿਕਾ ਫੜਦੀ ਹੈ ਪਰੰਤੂ ਇਸ ਦਾ ਅੰਤਿਮ ਫ਼ੈਸਲਾ ਨਿਆਂਕਾਰੀ ਹੀ ਕਰਦੀ ਹੈ ਕਿ ਉਸ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ ਜਾਂ ਨਹੀਂ। ਇਸ ਪ੍ਰਕਾਰ ਨਿਆਂਕਾਰੀ ਨਾਗਰਿਕਾਂ ਨੂੰ ਸਰਕਾਰ ਅਤੇ ਭੈੜੇ ਨਾਗਰਿਕਾਂ ਦੇ ਅਤਿਆਚਾਰਾਂ ਤੋਂ ਬਚਾਉਂਦੀ ਹੈ। ਨਿਆਂਕਾਰੀ ਕਾਨੂੰਨ ਨੂੰ ਉਸੇ ਤਰ੍ਹਾਂ ਹੀ ਲਾਗੂ ਕਰਦੀ ਹੈ ਜਿਸ ਤਰ੍ਹਾਂ ਕਿ ਉਹ ਬਣਿਆ ਹੋਵੇ, ਫ਼ੈਸਲਾ ਦੇਣ ਲੱਗਿਆਂ ਇਹ ਨਹੀਂ ਦੇਖਦੀ ਕਿ ਕਾਨੂੰਨ ਚੰਗਾ ਹੈ ਜਾਂ ਮਾੜਾ। ਨਿਆਂਕਾਰੀ ਆਪਣੇ ਨਾਗਰਿਕਾਂ ਨੂੰ ਇਹ ਵੀ ਦੱਸਦੀ ਹੈ ਕਿ ਕਿਸੇ ਕਾਨੂੰਨ ਦੇ ਕੀ ਅਰਥ ਹਨ ਅਤੇ ਇਸ ਦਾ ਫ਼ੈਸਲਾ ਅੰਤਿਮ ਮੰਨਿਆ ਜਾਂਦਾ ਹੈ ਬੇਸ਼ੱਕ ਕਾਨੂੰਨ ਘੜਨ ਦਾ ਕੰਮ ਵਿਧਾਨ-ਪਾਲਿਕਾ ਦਾ ਹੈ ਪਰ ਕਈਆਂ ਹਾਲਤਾਂ ਵਿਚ ਨਿਆਂ-ਪਾਲਿਕਾ ਵੀ ਕਾਨੂੰਨ ਘੜ ਸਕਦੀ ਹੈ। ਨਿਆਂਕਾਰੀ ਵਿਚ ਅਗਰ ਕੋਈ ਅਜਿਹਾ ਮੁਕੱਦਮਾ ਆ ਜਾਵੇ ਜਿਸ ਉੱਪਰ ਫ਼ੈਸਲਾ ਦੇਣ ਬਾਰੇ ਕੋਈ ਕਾਨੂੰਨ ਘੜਿਆ ਨਹੀਂ ਹੁੰਦਾ, ਤਾਂ ਉਸ ਵੇਲੇ ਜੱਜ ਨਿਆਂ ਦੇ ਅਸੂਲਾਂ ਨਿਰਪੱਖਤਾ, ਸਮਾਨਤਾ ਅਤੇ ਇਮਾਨਦਾਰੀ ਦੇ ਅਨੁਸਾਰ ਫ਼ੈਸਲਾ ਕਰ ਸਕਦਾ ਹੈ। ਨਿਆਂਕਾਰੀ ਦਾ ਫ਼ੈਸਲਾ ਆਖ਼ਰੀ ਹੁੰਦਾ ਹੈ। ਨਿਆਂ ਪਾਲਿਕਾ ਦਾਂ ਚੰਗਾ ਹੋਣਾ ਹੀ ਨਾਗਰਿਕਾਂ ਦੀ ਸੁਤੰਤਰਤਾ ਹੀ ਵੱਡੀ ਸ਼ਰਤ ਹੈ। ਨਿਆਂਕਾਰੀ ਹੀ ਨਾਗਰਿਕਾਂ ਨੂੰ ਸਰਕਾਰ ਦੇ ਜ਼ੁਲਮ ਤੋਂ ਬਚਾਉਂਦੀ ਹੈ ਅਤੇ ਕਾਰਜਕਾਰੀ ਨੂੰ ਅਤਿਆਚਾਰੀ ਹੋਣ ਤੋਂ ਰੋਕਦੀ ਹੈ। ਨਿਆਂ ਪਾਲਿਕਾ ਲੋੜ ਪੈਣ ਤੇ ਸਰਕਾਰ ਨੂੰ ਕਾਨੂੰਨੀ ਨੁਕਤਿਆਂ ਉਪਰ ਸਲਾਹ ਦੇਣ ਦਾ ਕੰਮ ਵੀ ਕਰਦੀ ਹੈ। ਨਿਆਂ ਤੱਦ ਹੀ ਠੀਕ ਹੋ ਸਕਦਾ ਹੈ ਜੇਕਰ ਜੱਜ ਸੁਤੰਤਰ ਨਿੱਡਰ ਅਤੇ ਨਿਰਪੱਖ ਹੋਣ। ਨਿਆਂ ਪਾਲਿਕਾ ਦੇ ਸੁਤੰਤਰ ਹੋਣ ਦਾ ਅਰਥ ਇਹੋ ਹੈ ਕਿ ਜਦੋਂ ਜੱਜ ਨਿਆਂ ਦੇ ਰਿਹਾ ਹੋਵੇ ਤਾਂ ਉਹ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਦੇ ਕਿਸੇ ਅੰਗ ਦੇ ਦਬਾਅ ਹੇਠਾਂ ਆ ਕੇ ਫ਼ੈਸਲਾ ਨਾ ਕਰੇ। ਲੋਕਰਾਜੀ 'ਰਾਜ' ਵਿਚ ਇਕ ਨਿਰਪੱਖ ਅਤੇ ਸਵਤੰਤਰ ਨਿਆਂਕਾਰੀ ਦੀ ਹੋਰ ਵੀ ਲੋੜ ਹੈ, ਕਿਉਂਕਿ ਨਾਗਰਿਕ ਸਵਤੰਤਰਤਾ ਤਾਂ ਹੀ ਬਣੀ ਰਹਿ ਸਕਦੀ ਹੈ ਜੇਕਰ ਨਿਆਂਕਾਰੀ ਗਰੀਬ ਨੂੰ ਅਮੀਰ ਦੇ ਜ਼ੁਲਮ ਤੋਂ ਅਤੇ ਸਰਕਾਰੀ ਅਧਿਕਾਰੀਆਂ ਦੇ ਜ਼ੁਲਮ ਤੋਂ ਬਚਾਵੇ।

ਇਹ ਤਿੰਨੋਂ ਸੰਵਿਧਾਨਿਕ ਸੰਸਥਾਵਾਂ ਆਪਣੀ-ਆਪਣੀ ਜਗ੍ਹਾ ਉਪਰ ਰਹਿ ਕੇ ਇਕ ਦੂਸਰੇ ਦੇ ਸਹਿਯੋਗ ਨਾਲ ਲੋਕਰਾਜੀ 'ਰਾਜ' ਅੰਦਰ ਨਾਗਰਿਕਾਂ ਲਈ ਕਾਨੂੰਨ ਬਣਾਉਣ, ਲਾਗੂ ਕਰਨ ਅਤੇ ਨਿਆਂ ਦੀਆਂ ਸੀਮਾਵਾਂ ਸਥਾਪਿਤ ਕਰਦੀਆਂ ਹਨ। ਪਰੰਤੂ ਅੱਜ ਦਾ ਇਹ ਯੁੱਗ ਪੂੰਜੀਵਾਦੀ ਕਦਰਾਂ-ਕੀਮਤਾਂ ਨਾਲ ਭਰਪੂਰ ਹੈ, ਜਿੱਥੇ ਆਮ ਗਰੀਬ/ਲਾਚਾਰ ਇਨਸਾਨ ਦੀ ਕੋਈ ਸੁਣਵਾਈ ਨਹੀਂ। ਇੱਥੇ ਹਰ ਚੀਜ਼ ਵਿਕਾਊ ਹੈ। ਕਾਨੂੰਨ ਬਣਾਏ ਵੀ ਉਹਨਾਂ ਲਈ ਜਾਂਦੇ ਹਨ ਜਿਨ੍ਹਾਂ ਦੀਆਂ ਜੇਬਾਂ ਨੋਟਾਂ ਨਾਲ ਭਰੀਆਂ ਹਨ ਅਤੇ ਲਾਗੂ ਵੀ ਉਹਨਾਂ ਦੀਆਂ ਜ਼ਰੂਰਤਾਂ ਤੇ ਸਹੂਲਤਾਂ ਨੂੰ ਮੁੱਖ ਰੱਖਦਿਆਂ ਕੀਤੇ ਜਾਂਦੇ ਹਨ ਜੋ ਇਸਨੂੰ ਤੋੜਦੇ ਹਨ। ਅੰਤਿਮ ਫੈਸਲਾ ਨਿਆਂਕਾਰੀ ਨੇ ਦੇਣਾ ਹੁੰਦਾ ਹੈ, ਪਰ ਇਹ ਵੀ ਉਹਨਾਂ ਸਰਮਾਏਦਾਰਾਂ ਦੇ ਹੱਕ ਵਿਚ ਭੁਗਤਦੀ ਹੈ, ਜਿਥੋਂ ਇਹ ਜਨਮ ਲੈਂਦਾ ਹੈ। ਇਸ ਪ੍ਰਕਾਰ ਅੱਜ 'ਰਾਜ' ਸਿਰਫ਼ ਪੂੰਜੀਪਤੀਆਂ ਦੇ ਹੱਥਾਂ ਦਾ ਖਿਡੌਣਾ ਬਣ ਕੇ ਰਹਿ ਗਿਆ ਹੈ। ਇਹ ਪੂੰਜੀਵਾਦੀ ਲੋਕਰਾਜੀ 'ਰਾਜ' ਅਮੀਰਾਂ ਦਾ, ਅਮੀਰਾਂ ਲਈ ਅਤੇ ਅਮੀਰਾਂ ਦੁਆਰਾ ਬਣਾਇਆ ਜਾਂਦਾ ਹੈ। ਪੂੰਜੀਵਾਦੀ ਰਾਜ-ਪ੍ਰਬੰਧ ਅੰਦਰ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਹੋਣ ਕਾਰਨ 'ਰਾਜ' ਸਿਰਫ਼ ਸਰਮਾਏਦਾਰਾਂ ਦਾ ਹੀ ਗੁਲਾਮ ਹੈ। ਪੂੰਜੀਵਾਦੀ ਲੋਕਰਾਜੀ 'ਰਾਜ' ਦੇ ਤਿੰਨ ਵੱਡੇ ਥੰਮ੍ਹ ਹਨ: ਸਮਾਨਤਾ, ਸੁਤੰਤਰਤਾ ਅਤੇ ਭਰੱਪਣ। ਪਰੰਤੂ ਜੇਕਰ ਸਮਾਜ ਵਿਚ ਅਮੀਰ ਅਤੇ ਗਰੀਬ ਵਿਚ ਵੱਡਾ ਅੰਤਰ ਹੋਵੇਗਾ ਤਾਂ ਰਾਜਨੀਤਕ ਅਤੇ ਸਮਾਜਿਕ ਸਮਾਨਤਾ ਵੀ ਨਹੀਂ ਹੋ ਸਕਦੀ। ਅੱਜ ਗਰੀਬ ਆਪਣੀ ਵੋਟ ਦੀ ਵਰਤੋਂ ਆਪਣੀ ਇੱਛਾ ਅਨੁਸਾਰ ਨਹੀਂ, ਬਲਕਿ ਪੂੰਜੀਪਤੀਆਂ ਦੀ ਮਰਜ਼ੀ ਅਨੁਸਾਰ ਇਸਤੇਮਾਲ ਕਰੇਗਾ, ਕਿਉਂਕਿ ਅੱਜ ਉਸ ਦੀ ਸਮੱਸਿਆ ਅਜ਼ਾਦੀ ਨਾਲ ਪੇਟ ਦੀ ਭੁੱਖ ਦੀ ਪੂਰਤੀ ਪ੍ਰਾਥਮਿਕਤਾ ਬਣ ਗਈ ਹੈ। ਚੋਣ ਖੇਤਰ ਅੰਦਰ ਸਿਰਫ਼ ਅਮੀਰਾਂ ਦਾ ਆਉਣਾ ਹੀ ਪੈਸੇ ਦੀ ਧੌਂਸ ਦਾ ਵੱਡਾ ਚਿੰਨ੍ਹ ਹੈ।

ਪੂੰਜੀਵਾਦੀ ਜਗਤ ਵਿਚ ਰਾਜ ਆਰਥਿਕ ਦ੍ਰਿਸ਼ਟੀ ਤੋਂ ਹਾਵੀ ਧਿਰ ਦਾ ਇਕ ਰਾਜਨੀਤਕ ਸੰਗਠਨ ਹੁੰਦਾ ਹੈ ਅਤੇ ਇਹ ਸਿਰਫ਼ ਬੁਰਜੂਆ ਧਿਰ ਦੇ ਹਿੱਤਾਂ ਅਤੇ ਦ੍ਰਿਸ਼ਟੀਕੋਣ ਨੂੰ ਹੀ ਵਿਅਕਤ ਕਰਦਾ ਹੈ। ਪੂੰਜੀਵਾਦੀ ਦੇਸ਼ਾਂ ਦੀ ਬਹੁ-ਸੰਖਿਆ ਆਬਾਦੀ ਦੇ ਬੁਰਜੂਆ ਸ਼ੋਸ਼ਣ ਨੂੰ ਕਾਨੂੰਨ ਦੇ ਦੁਆਰਾ ਹੋਰ ਵੀ ਮਜ਼ਬੂਤ ਬਣਾਉਂਦੀ ਹੈ। ਪੂੰਜੀਵਾਦੀ ਰਾਜ ਪੂੰਜੀਵਾਦੀ ਧਿਰਾਂ ਦੇ ਹੱਥਾਂ ਵਿਚ ਇਕ ਲਚਕੀਲਾ ਹਥਿਆਰ ਹੋਣ ਦੇ ਨਾਤੇ ਵੱਡੇ ਬੁਰਜੂਆ ਇਜ਼ਾਰੇਦਾਰਾਂ ਦੁਆਰਾ ਮਹਿਜ਼ ਇਕ ਤਾਨਾਸ਼ਾਹੀ ਰਾਜ ਹੋ

ਨਿੱਬੜਦਾ ਹੈ। ਇਸ ਪ੍ਰਕਾਰ ਪੂੰਜੀਪਤੀ ਰਾਜਨੀਤਿਕ ਸੱਤਾ ਦਾ ਉਪਯੋਗ ਵੀ ਪ੍ਰਤੱਖ ਅਤੇ ਅਪ੍ਰਤੱਖ ਢੰਗ ਨਾਲ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਕਰਦੇ ਹਨ। ਪੂੰਜੀਵਾਦੀ 'ਰਾਜ' ਅੰਦਰ ਮੁੱਖ ਵਿਚਾਰਧਾਰਾ ਸ਼ਾਸਕ ਬੁਰਜੂਆ ਧਿਰ ਦੀ ਹੀ ਵਿਚਾਰਧਾਰਾ ਹੁੰਦੀ ਹੈ। ਇਹ ਲੋਕ ਆਰਥਿਕ ਅਤੇ ਰਾਜਨੀਤਿਕ ਸੱਤਾ ਦੇ ਨਾਲ-ਨਾਲ ਸਮਾਜ ਵਿਚ ਉਪਲਬਧ ਵੱਖ-ਵੱਖ ਸਾਧਨਾਂ ਨੂੰ ਗਰੀਬਾਂ ਅਤੇ ਮਜ਼ਬੂਰਾਂ ਉਪਰ ਆਰਥਿਕ ਅਤੇ ਮਾਨਸਿਕ ਗੁਲਾਮੀ ਥੋਪਣ ਲਈ ਵਰਤੋਂ ਵਿਚ ਲਿਆਉਂਦੇ ਹਨ।

'ਰਾਜ' ਅੱਜ ਦੇ ਸਮਾਜ ਵਿਚ ਅਜਿਹੀ ਗੁੰਝਲਦਾਰ ਬੁਝਾਰਤ ਬਣ ਗਿਆ ਹੈ ਕਿ ਆਮ ਆਦਮੀ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ 'ਰਾਜ' ਗਰੀਬਾਂ ਤੇ ਕਿਰਤੀਆਂ ਦਾ ਨਾ ਰਹਿ ਕੇ ਸਿਰਫ਼ ਅਮੀਰਾਂ ਤੇ ਜਗੀਰਦਾਰਾਂ ਦਾ ਹੀ ਪਹਿਰੇਦਾਰ ਹੋ ਨਿਬੜਦਾ ਹੈ। ਜਿੱਥੇ ਪੂੰਜੀਪਤੀਆਂ ਅਤੇ ਸਰਮਾਏਦਾਰਾਂ ਦਾ ਨਵਾਂ ਦੌਰ ਪਨਪਦਾ ਹੈ। ਪੂੰਜੀਪਤੀ ਸਮਾਜ ਦੇ ਇਸ ਸੰਕਟਮਈ ਸਮੇਂ ਅੰਦਰ ਆਮ ਆਦਮੀ ਦੀ ਹੋਂਦ ਨਿਰਾਰਥਕ ਹੀ ਜਾਪਦੀ ਹੈ ਜਿਸ ਨੂੰ 'ਰਾਜ' ਦੇ ਪਹਿਰੇਦਾਰ ਅਤੇ ਅਮੀਰ ਸਰਮਾਏਦਾਂਰ ਸਿਰਫ਼ ਆਪਣੇ ਹੀ ਹੁਕਮਾਂ ਦਾ ਗੁਲਾਮ ਬਣਾਈ ਰੱਖਣ ਲਈ ਘੋਰ ਜ਼ੁਲਮਾਂ ਦਾ ਸ਼ਿਕਾਰ ਬਣਾਉਂਦੇ ਹਨ। ਸਰਕਾਰ ਦੇ ਘਟੀਆ ਰਾਜ-ਪ੍ਰਬੰਧ ਅੰਦਰ ਜਨਤਾ ਦੀਆਂ ਬੇਮਿਸਾਲ ਵਿਕਰਾਲ ਮੁਸੀਬਤਾਂ ਅਸਹਿ ਬਣਦੀਆਂ ਜਾ ਰਹੀਆਂ ਹਨ। ਇਥੇ ਇਨਸਾਨ ਦਾ ਸਬਰ, ਉਸ ਦੀ ਸੀਮਾ ਅਤੇ ਹੋਰ ਸਿਧਾਂਤਕ ਪੱਖਾਂ ਦੀ ਮਿਆਰ ਗਿਰਦੀ ਨਜ਼ਰ ਆਉਂਦੀ ਹੈ। ਰਾਜ ਦੀਆਂ ਇਹ ਅਖੌਤੀ ਵੱਡੀਆਂ ਸ਼ਕਤੀਆਂ ਲੰਮੇ ਸਮੇਂ ਤੋਂ ਹੀ ਛੋਟੇ ਅਤੇ ਕਮਜ਼ੋਰ ਵਰਗਾਂ ਦੀ ਲੁੱਟ-ਖੋਹ ਕਰਦੀਆਂ ਰਹੀਆਂ ਹਨ। ਬੇਸ਼ੱਕ ਇਸ ਲੁੱਟ-ਖੋਹ ਦੇ ਢੰਗ ਸਮੇਂ-ਸਮੇਂ ਤਬਦੀਲ ਹੁੰਦੇ ਰਹੇ ਹਨ। ਪੂੰਜੀਵਾਦੀ 'ਰਾਜ' ਅਧੀਨ ਹੁੰਦੀ ਇਸ ਲੁੱਟ ਦਾ ਕਾਰਨ ਕਮਜ਼ੋਰ ਰਾਜ-ਪ੍ਰਬੰਧ ਅਤੇ ਅਜ਼ਾਰੇਦਾਰ ਸਰਮਾਏਦਾਰੀ ~~ਦਾ ਇਸ ਰਾਜ-ਪ੍ਰਬੰਧ ਅਤੇ ਅਜ਼ਾਰੇਦਾਰ ਸਰਮਾਏਦਾਰੀ~~ ਦਾ ਇਸ ਰਾਜ-ਪ੍ਰਬੰਧ ਨੂੰ ਹਥਿਆਉਣਾ ਹੈ। ਰਾਜ-ਪ੍ਰਬੰਧ ਦੀਆਂ ਵੱਖ-ਵੱਖ ਸ਼ਕਤੀਆਂ ਨੂੰ ਇਸ ਪੂੰਜੀਵਾਦੀ ਬੁਰਜੂਆਜ਼ੀ ਦੇ ਪ੍ਰਭਾਵ ਤੋਂ ਮੁਕਤ ਕਰਵਾ ਕੇ ਆਮ ਲੋਕਾਂ ਨੂੰ 'ਰਾਜ' ਦੇ ਉਸ ਪ੍ਰਸ਼ਾਸਨ ਅੰਦਰ ਲਿਅਉਣਾ ਹੈ ਜਿੱਥੇ ਹਰੇਕ ਨੂੰ ਬਰਾਬਰੀ ਭਰਾਤਰੀ ਅਤੇ ਸਵਤੰਤਰਤਾ ਦਾ ਹਰ ਮੋੜ ਆਸਾਨੀ ਨਾਲ ਮਿਲ ਜਾਵੇ।

ਪੂੰਜੀਵਾਦੀ ਵਿਵਸਥਾ ਅੰਦਰ ਰਹਿੰਦਾ ਹਰ ਮਨੁੱਖ ਵਿਰੋਧੀ ਸ਼੍ਰੇਣੀਆਂ ਵਿਚ ਵੰਡਿਆ ਹੁੰਦਾ ਹੈ। ਇਹ ਸਰਮਾਏਦਾਰੀ ਜਮਾਤ ਉਸ ਨੂੰ ਸਿਰਫ਼ ਆਪਣੇ ਸੁੱਖਾਂ ਲਈ ਵਰਤਣ ਵਾਲਾ ਇਕ ਹਥਿਆਰ ਹੀ ਸਮਝਦੇ ਹਨ। ਆਮ ਮਨੁੱਖ ਦੀ ਹੋਂਦ ਨੂੰ ਖ਼ਤਮ ਕਰਦਾ ਜਾ ਰਿਹਾ ਇਹ ਰਾਜ-ਪ੍ਰਬੰਧ, ਉਸ ਨੂੰ ਇਹਨਾਂ ਸਮਾਜ ਵਿਰੋਧੀ ਅਨਸਰਾਂ ਦੇ ਹੱਥੋਂ ਵਿਕਣ ਲਈ ਮਜ਼ਬੂਰ ਕਰਦਾ ਹੈ। ਭੁੱਖ, ਗਰੀਬੀ, ਲਾਚਾਰੀ ਮਨੁੱਖ ਦੀ ਉਸਾਰੂ ਸੋਚ ਨੂੰ ਹਰ ਪਲ ਖੁੰਢਾ ਕਰਦੇ ਜਾ ਰਹੇ ਬੇਵਸੀ ਦੇ ਨਾਕਾਰਾਤਮਕ ਪੱਖ ਹੀ ਤਾਂ ਹਨ, ਜੋ ਜ਼ਿੰਦਗੀ ਦੇ ਹਰ ਰਸਤੇ ਉਪਰ ਉਸਦਾ ਮਜ਼ਾਕ ਬਣਾਉਂਦੇ ਸਮਾਜ ਵਿਰੋਧੀ ਕੰਮ ਕਰਵਾਉਂਦੇ ਹਨ। ਅੱਜ ਦਾ ਮਨੁੱਖ ਸੱਭਿਅਕ ਸਮਾਜ ਅੰਦਰ ਰਹਿ ਕੇ ਵੀ ਅਸੱਭਿਅਕ ਅਤੇ ਸਮਾਜ ਵਿਰੋਧੀ ਕੰਮ ਕਰਦਾ ਹੈ। ਇਕ 'ਰਾਜ' ਉੱਭਰਦਾ ਅਤੇ ਇਕ ਖ਼ਤਮ ਹੋ ਜਾਂਦਾ ਹੈ। ਇਸੀ ਤਰ੍ਹਾਂ ਨਵੀਂ ਸ਼ਕਤੀ ਸਮਾਜ ਅੰਦਰ ਆਉਂਦੀ ਹੈ ਤਾਂ ਪੁਰਾਣੀ ਆਪਣਾ ਜਲੌਅ ਵਿਖਾ ਚੁੱਕੀ ਹੁੰਦੀ ਹੈ। ਸਮੇਂ ਅਨੁਸਾਰ ਬਦਲਦਾ ਇਹ ਰਾਜ ਅਤੇ ਇਸਦੀਆਂ ਸ਼ਕਤੀਆਂ ਰਾਜਕੀ ਢਾਂਚੇ ਦੇ ਇਸ ਜੱਦੋ-ਜਹਿਦ ਅੰਦਰ ਆਮ ਮਨੁੱਖਾਂ ਦੀ ਹੁੰਦੀ ਖ਼ਰੀਦੋ-ਫ਼ਰੋਖ਼ਤ ਨੂੰ ਸਪਸ਼ਟ ਤੋਰ ਉੱਪਰ ਵਿਖਾਉਂਦਾ ਹੈ। ਹਾਕਮ ਸ਼੍ਰੇਣੀ ਹਥਿਆਰਬੰਦ ਲੋਕਾਂ ਦੇ ਉਹ ਖ਼ਾਸ ਦਸਤੇ ਮੁੜ ਸਥਾਪਤ ਕਰਨ ਦਾ ਯਤਨ ਕਰਦੀ ਹੈ, ਜਿਹੜੇ ਇਸਦੀ ਸੇਵਾ ਕਰਦੇ ਹਨ। ਇਸ ਪ੍ਰਕਾਰ ਇਹ ਸਰਮਾਏਦਾਰ ਇਕ ਅਜਿਹੀ ਸ਼੍ਰੇਣੀ ਨੂੰ ਜਨਮ ਦਿੰਦੇ ਹਨ ਜੋ ਕਿ ਲੁੱਟ-ਖੋਹ ਕਰਨ ਵਾਲੀ ਨਹੀਂ ਬਲਕਿ ਉਹਨਾਂ ਲੁੱਟ-ਖੋਹ ਕਰਨ ਵਾਲੇ ਪੂੰਜੀਪਤੀਆਂ ਦੀ ਸੇਵਾ ਹਰ ਹੀਲੇ ਕਰਦੀ ਹੈ। ਸਾਮਰਾਜ ਦੇ ਇਸ ਦੌਰ ਨੇ ਸਮਾਜ ਨੂੰ ਵੱਡੀਆਂ ਵੱਡੀਆਂ ਲੋਟੂ ਸ਼ਕਤੀਆਂ ਵਿਚ ਵੰਡ ਦਿੱਤਾ, ਜਿੱਥੇ ਸਰਮਾਏਦਾਰ ਰਾਜ ਦੀ ਹਰ ਚੀਜ਼ ਨੂੰ ਖ਼ਰੀਦਣ ਦੀ ਸਮਰੱਥਾ ਰੱਖਦੇ ਹਨ। ਸਮਾਜ ਦੀਆਂ ਇਹ ਹੈਂਸਿਆਰੀ ਸ਼ਕਤੀਆਂ ਦਿਨੋ-ਦਿਨ ਆਮ ਮਨੁੱਖ ਦੀ ਹੋਂਦ ਨੂੰ ਦੀਮਕ ਦੀ ਤਰ੍ਹਾਂ ਖ਼ਤਮ ਕਰਦੀਆਂ ਜਾ ਰਹੀਆਂ ਹਨ।

ਸਮਾਜ ਨੂੰ ਚਲਾਉਣ ਵਾਲੀਆਂ ਇਹ ਵੱਡੀਆਂ ਸ਼ਕਤੀਆਂ ਆਪਣੀ ਮਰਜ਼ੀ ਮੁਤਾਬਿਕ ਕਾਨੂੰਨ ਬਣਾਉਂਦੀਆਂ ਤੇ ਪਾਸ ਕਰਦੀਆਂ ਅਤੇ ਫਿਰ ਕਾਨੂੰਨ ਨੂੰ ਇਕ ਹਥਿਆਰ ਦੀ ਤਰ੍ਹਾਂ ਇਸਤੇਮਾਲ ਕਰਦੀਆਂ ਹੋਈਆਂ ਆਮ ਜਨਤਾ ਉਪਰ ਲਾਗੂ ਕਰਦੀਆਂ ਹਨ। ਤਾਕਤ ਦੇ ਨਸ਼ੇ ਵਿਚ ਇਹ ਲੋਕ ਇਨਸਾਨੀਅਤ ਭੁੱਲੀ ਬੈਠੇ ਹਨ। ਆਪਣੀ ਮੁੱਠੀ ਵਿਚ ਸਮਝਦੇ ਹੋਏ ਆਪਣੇ-ਆਪ ਨੂੰ ਸਮਾਜ ਅਤੇ ਇਨਸਾਨੀਅਤ ਤੋਂ ਉਪਰ ਖੜ੍ਹਾ ਮਹਿਸੂਸ ਕਰਦੇ ਹਨ। 'ਰਾਜ' ਦਾ ਆਤੰਕ ਹਰ ਸ਼੍ਰੇਣੀ ਹਰ ਵਰਗ ਅਤੇ

ਹਰ ਪ੍ਰਕਾਰ ਦੇ ਲੋਕਾਂ ਨੂੰ ਇਕ ਹੱਦ ਅੰਦਰ ਰੱਖਣ ਅਤੇ ਸਾਰੀਆਂ ਸਹੂਲਤਾਂ ਬਰਾਬਰਤਾ ਦੀ ਪੱਧਰ ਉਪਰ ਦੇਣ ਲਈ ਹੋਇਆ। ਪਰੰਤੂ ਅੱਜ ਰਾਜ ਉਹਨਾਂ ਦਾ ਹੀ ਪੱਖ ਪੂਰਦਾ ਹੈ ਜਿਨ੍ਹਾਂ ਕੋਲ ਤਾਕਤ ਤੇ ਜੇਬ ਵਿਚ ਪੈਸਾ ਖਣਕਦਾ ਹੈ। ਆਰਥਿਕ ਤੌਰ ਉੱਤੇ ਮਜ਼ਬੂਤ ਸ਼੍ਰੇਣੀਆਂ 'ਰਾਜ' ਹਾਸਿਲ ਕਰ ਲੈਂਦੀਆਂ ਹਨ ਜੋ ਰਾਜ ਦੇ ਸਾਧਨਾਂ ਕਾਰਨ ਰਾਜਸੀ ਤੌਰ ਉੱਪਰ ਇਕ ਸਮ੍ਰਿਧ ਅਤੇ ਭਾਰੂ ਸ਼ਕਤੀ ਵਜੋਂ ਸਮਾਜ ਅੰਦਰ ਉਦਯ ਹੁੰਦੀਆਂ ਹਨ। ਇਹ ਸ਼ਕਤੀਆਂ ਪ੍ਰਸਥਿਤੀਆਂ ਅੰਦਰ ਰਹਿ ਕੇ ਸਮਾਜ ਦੀ ਹਰ ਪੱਖੋਂ ਨਜ਼ਾਇਜ਼ ਵਰਤੋਂ ਅਤੇ ਨਜ਼ਾਇਜ਼ ਸਾਧਨ ਪੈਦਾ ਕਰ ਲੈਂਦੀਆਂ ਹਨ। ਅੱਜ ਦਾ ਇਹ ਪ੍ਰਤਿਨਿਧ ਸਰਮਾਏਦਾਰੀ ਰਾਜ-ਪ੍ਰਬੰਧ ਆਮ ਲੋਕਾਂ ਦੀ ਲੁੱਟ ਦਾ ਇਕ ਹਥਿਆਰ ਮਾਤਰ ਹੀ ਹੈ। ਦੌਲਤ ਉਹ ਸ਼ਕਤੀ ਹੈ ਜੋ ਪ੍ਰੋਖ ਰੂਪ ਵਿਚ ਪਰ ਵਧੇਰੇ ਮਜਬੂਤ ਢੰਗ ਨਾਲ ਪੂੰਜੀਪਤੀਆਂ ਦੁਆਰਾ ਆਮ ਲੋਕਾਂ ਨੂੰ ਆਪਣਾ ਗੁਲਾਮ ਬਣਾ ਲੈਂਦੀ ਹੈ। ਪੂੰਜੀਵਾਦੀ ਸਮਾਜ ਅੰਦਰ ਹਰ ਚੀਜ਼ ਵਿਕਾਊ ਹੈ, ਜ਼ਰੂਰਤ ਹੈ ਤਾਂ ਉਚਿੱਤ ਕੀਮਤ ਅਦਾ ਕਰਨ ਦੀ। ਚੀਜ਼ਾਂ ਹੀ ਨਹੀਂ ਇਥੇ ਇਨਸਾਨ ਵੀ ਵਿਕਦੇ ਹਨ, ਜਿਹੜੇ ਸਿੱਧੇ-ਅਸਿੱਧੇ ਹਰ ਢੰਗ ਨਾਲ ਭ੍ਰਿਸ਼ਟਾਚਾਰ ਫੈਲਾਉਂਦੇ ਹਨ। ਹਕੂਮਤ ਦੀ ਅਜਿਹੀ ਸਿਆਸਤ ਹੀ ਅੱਜ ਦੇ ਸਮਾਜ ਦਾ ਆਧਾਰ ਹੈ। ਆਮ ਗਰੀਬ ਇਨਸਾਨ ਨੂੰ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਇਹਨਾਂ ਭ੍ਰਿਸ਼ਟ ਹੋ ਚੁੱਕੀਆਂ ਸ਼ਕਤੀਆਂ ਕੋਲੋਂ ਇਨਸਾਫ਼ ਦੀ ਮੰਗ ਕਰਨਾ ਇਕ ਵਿਅੰਗਾਤਮਕ ਸਥਿਤੀ ਤੇ ਪ੍ਰਹਸਨ ਤੋਂ ਘੱਟ ਨਹੀਂ। ਪੂੰਜੀਪਤੀ ਅਤੇ ਸਰਮਾਏਦਾਰੀ ਵਰਗ ਆਪਣੇ ਮੁਨਾਫ਼ੇ ਲਈ ਰਾਜ ਦੇ ਸਾਧਨਾਂ ਅਤੇ ਉੱਚ ਅਧਿਕਾਰੀਆਂ ਨੂੰ ਰਿਸ਼ਵਤ ਰਾਹੀਂ ਖ਼ਰੀਦ ਲੈਂਦੇ ਹਨ। ਹਕੂਮਤ ਅਤੇ ਸਿਆਸੀ ਸੰਘਾਂ ਵਿਚਾਕਰ ਦੋਸਤਾਨਾ ਸੰਬੰਧ ਕਾਇਮ ਕਰਨਾ ਵੀ ਇਹਨਾਂ ਵੱਡੀਆਂ ਸ਼ਕਤੀਆਂ ਦਾ ਸਮਾਜ ਨੂੰ ਆਪਣੇ ਅਨੁਸਾਰ ਢਾਲਣ ਦਾ ਇਕ ਸਿਧਾਂਤਕ ਪਹਿਲੂ ਹੈ। ਸਰਮਾਏਦਾਰਾਂ ਦੁਆਰਾ ਰਾਜਸੀ ਢਾਂਚੇ ਉਪਰ ਕੀਤਾ ਕਬਜ਼ਾ ਇੰਨਾ ਮਜ਼ਬੂਤ ਅਤੇ ਪੱਕਾ ਹੈ ਕਿ ਸਮਾਜ ਅੰਦਰ ਵੱਧਦਾ ਜਾ ਰਿਹਾ ਭ੍ਰਿਸ਼ਟਾਚਾਰ, ਗਰੀਬ ਮਜ਼ਦੂਰਾਂ ਦੀ ਲੁੱਟ-ਮਾਰ, ਵਾਪਰਦੀਆਂ ਭਿਅੰਕਰ ਘਟਨਾਵਾਂ, ਆਮ ਲੋਕਾਂ ਦਾ ਸ਼ੋਸ਼ਣ, ਸਭ ਇਹਨਾਂ ਦੀਆਂ ਸਾਜ਼ਿਸ਼ਾਂ ਦਾ ਨਤੀਜਾ ਹੈ।

ਪ੍ਰਾਚੀਨ ਸਮਿਆਂ ਵਿਚ ਗੁਲਾਮਾਂ ਅਤੇ ਮਾਲਕਾਂ ਵਾਲਾ ਰਾਜ-ਪ੍ਰਬੰਧ ਸੀ। ਮੱਧ-ਯੁੱਗ ਅੰਦਰ ਸਾਮੰਤੀ ਰਾਠਾਂ ਆਇਆ ਅਤੇ ਅੱਜ ਦਾ ਸਮਾਜ ਪੂੰਜੀਵਾਦੀ ਲੋਕਰਾਜੀ ਰਾਜ-ਪ੍ਰਬੰਧ ਹੈ।

ਲੋਕਾਂ ਉਪਰ ਸਿੱਧੀ ਹਕੂਮਤ ਦੀ ਥਾਂ ਵਸਤਾਂ ਦੇ ਪ੍ਰਬੰਧ ਅਤੇ ਉਤਪਾਦਨ ਨੂੰ ਅਮਲ ਵਿਚ ਲਿਆਉਣਾ ਹੀ ਪੂੰਜੀਵਾਦੀ ਵਿਵਸਥਾ ਦਾ ਪ੍ਰਮੁੱਖ ਕਾਰਜ ਹੈ। 'ਰਾਜ' ਸਮੁੱਚੇ ਤੌਰ ਉੱਤੇ ਸਮਾਜ ਦਾ ਸਰਕਾਰੀ ਪਤਿਨਿਧ ਨਾ ਰਹਿ ਕੇ ਪੂੰਜੀਵਾਦੀ ਵਿਵਸਥਾ ਦਾ ਸ਼ਿਕਾਰ ਹੋ ਜਾਂਦਾ ਹੈ। ਪੂੰਜੀਵਾਦੀ 'ਰਾਜ' ਪ੍ਰਬੰਧ ਅੰਦਰ ਰਾਜ ਖ਼ਤਮ ਨਹੀਂ ਹੁੰਦਾ ਬਲਕਿ ਰਾਜ ਦੀ ਸਮਾਜਿਕ ਵਿਵਸਥਾ ਖ਼ਤਮ ਹੋ ਜਾਂਦੀ ਹੈ। ਪੂੰਜੀਵਾਦੀ ਵਿਵਸਥਾ ਕਾਰਨ 'ਰਾਜ' ਦੀ ਸਮਾਜਿਕ ਵਿਵਸਥਾ ਦੀਆਂ ਸਾਰੀਆਂ ਸੰਸਥਾਵਾਂ ਆਪਣਾ ਰੂਪ ਬਦਲ ਲੈਂਦੀਆਂ ਹਨ। 'ਰਾਜ' ਵੱਡੀਆਂ ਜਗੀਰਾਂ ਦੇ ਵਜ਼ੀਰਾਂ ਦਾ ਖਿਡੌਣਾ ਬਣ ਕੇ ਰਹਿ ਜਾਂਦਾ ਹੈ। ਇਹ ਅਰਾਜਕਤਾਵਾਦੀ ਲੋਕ ਸਮਾਜ ਦੀ ਹੋਂਦ ਨੂੰ ਦਿਨੋ-ਦਿਨ ਖ਼ਤਮ ਕਰਦੇ ਜਾ ਰਹੇ ਹਨ।

ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵੱਖ ਵੱਖ ਸਮਾਜਿਕ ਜਥੇਬੰਦੀਆਂ ਸੰਸਥਾਵਾਂ, ਸੰਪਰਦਾਵਾਂ ਆਦਿ ਅਨੇਕ ਪ੍ਰਕਾਰ ਦੇ ਗਰੁੱਪਾਂ ਵਿਚ ਵੰਡੇ ਜਾਣ ਦੀ ਬਜਾਇ ਏਕੇ ਅੰਦਰ ਰਹਿ ਕੇ ਆਪਣੇ ਇਹਨਾਂ ਦੁੱਖਾਂ ਦਾ ਨਿਪਟਾਰਾ ਕਰਨ, ਜੋ ਪੂੰਜੀਵਾਦੀ ਸਮਾਜ ਨੇ ਇਹਨਾਂ ਲਈ ਤਿਆਰ ਕਰ ਰੱਖੇ ਹਨ। ਅਸਲ ਵਿਚ ਪੂੰਜੀਵਾਦੀ ਸਮਾਜ ਲਈ 'ਸਮਾਜ' ਸ਼ਬਦ ਹੀ ਉਪਯੁਕਤ ਨਹੀਂ। ਇਸ ਸਮਾਜ ਅੰਦਰ 'ਸਮਾਜ' ਵਾਲੀ ਕੋਈ ਵਿਸ਼ੇਸ਼ਤਾ ਨਹੀਂ। ਆਜ਼ਾਦੀ ਸਿਰਫ਼ ਅਮੀਰਾਂ ਦੇ ਹੱਕ ਵਿਚ ਆਈ ਹੈ, ਗਰੀਬਾਂ ਕੋਲ ਤਾਂ ਸਿਰਫ਼ ਆਪਣੇ-ਆਪ ਨੂੰ ਖ਼ਤਮ ਕਰਨ ਦੀ ਹੀ ਖੁੱਲ੍ਹ ਹੈ। ਕਹਿਣ ਨੂੰ ਅਦਾਲਤਾਂ ਹਨ, ਕਾਨੂੰਨ ਹੈ, ਪਰ ਕਿੱਥੇ? ਅਮੀਰਾਂ ਨੂੰ ਤਾਂ ਇਸ ਕਾਨੂੰਨ ਦੇ ਲੰਬੇ ਹੱਥ ਵੀ ਛੂਹ ਨਹੀਂ ਸਕਦੇ। ਪਰੰਤੂ ਗਰੀਬ ਆਪਣੀ ਸਾਰੀ ਉਮਰ ਹੱਕ-ਸੱਚ ਲੈਣ ਲਈ ਗੁਜ਼ਾਰ ਦਿੰਦਾ ਹੈ। ਧੰਨ ਦੀ ਬਖ਼ਸ਼ਿਸ ਸਦਕਾ ਪੁਲਿਸ ਅਤੇ ਨਿਆਂਪਾਲਿਕਾ ਦੇ ਮੁੱਖੀ ਨੂੰ ਖੁਸ਼ ਕਰਕੇ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਵਿਚ ਬਦਲਿਆ ਜਾਂਦਾ ਹੈ। ਪੂੰਜੀਵਾਦੀ ਦੌਰ ਅੰਦਰ ਪੈਸਾ ਉਹ ਹਥਿਆਰ ਹੈ ਜਿਸ ਨਾਲ ਦਿਨ-ਦਿਹਾੜੇ ਚੁਰਾਹਿਆਂ ਵਿਚ ਬੇਕਸੂਰ ਮਾਰੇ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਬਾਹੂਬਲ ਸਹਾਰੇ ਆਪਣੀ ਲੜਾਈ ਲੜੀ ਜਾਂਦੀ ਸੀ, ਅੱਜ ਪੈਸਾ ਹੀ ਲੜਾਈ ਦਾ ਮੁੱਖ ਆਧਾਰ ਤੇ ਸੋਮਾ ਹੈ। ਬੰਗਾਲੀ ਲੇਖਕ ਰਾਧਾ ਗੋਬਿੰਦ ਚਟੋਪਾਧਿਆਇ ਅਨੁਸਾਰ:

> ਬੁਰਜੂਆ ਸੰਸਕ੍ਰਿਤੀ ਸਮਾਜ ਵਿਰੋਧੀ ਹੈ, ਫਲਸਰੂਪ ਮਾਨਵ ਵਿਰੋਧੀ ਵੀ ਹੈ। ਇਸ ਸੰਸਕ੍ਰਿਤੀ ਦਾ ਵਿਕਾਸ ਸਵਾਰਥਪਰਕਤਾ ਅਤੇ ਹਿੰਸਾ ਨਾਲ ਕਦਮ ਨਾਲ ਕਦਮ ਮਿਲਾ ਕੇ ਹੁੰਦਾ ਹੈ।[9]

ਅਦਾਲਤਾਂ ਅੰਦਰ ਇਨਸਾਫ਼ ਲੈਣ ਖ਼ਾਤਿਰ ਸੱਚੇ ਇਨਸਾਨ ਚਾਹੇ ਕਿੰਨੇ ਵੀ ਤਰਕ ਦੇਣ ਪਰੰਤੂ ਉਹ ਸਾਰੇ ਤਰਕ ਉਦੋਂ ਤੱਕ ਬੇਅਰਥ ਹਨ ਜਦੋਂ ਤੱਕ ਸੱਚ ਨੂੰ ਸਾਬਿਤ ਕਰਨ ਲਈ ਉੱਚੀ ਕੀਮਤ ਅਦਾ ਨਹੀਂ ਕੀਤੀ ਜਾਂਦੀ। ਬੇਸ਼ਕ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਸਾਬਿਤ ਕਰਨ ਲਈ ਪੈਸੇ ਦਿੱਤੇ ਜਾਂਦੇ ਹਨ, ਪਰੰਤੂ ਅੱਜ ਇਹ ਪ੍ਰਸਥਿਤੀਆਂ ਹਨ ਕਿ ਬੰਦੇ ਨੂੰ ਖ਼ੁਦ ਆਪਣੀ ਪਹਿਚਾਣ ਦੱਸਣ ਲਈ ਵੀ ਕਈ ਪ੍ਰਕਾਰ ਦੇ 'ਸੱਚ' ਖ਼ਰੀਦਣੇ ਪੈਂਦੇ ਹਨ। ਇਨਸਾਫ਼ ਉਦੋਂ ਤੱਕ ਨਹੀਂ ਮਿਲਦਾ ਜਦੋਂ ਤੱਕ ਉੱਚੀ ਫ਼ੀਸ ਨਾਲ ਨਾਮੀ ਵਕੀਲ ਅਤੇ ਜੱਜ ਨਾ ਖ਼ਰੀਦੇ ਜਾਣ। ਅੱਜ ਦਾ ਕਾਨੂੰਨ ਇਨਸਾਫ਼ ਦੇ ਤਰਾਜ਼ੂ ਨਹੀਂ ਬਲਕਿ ਪੈਸੇ ਦੀ ਤੱਕੜੀ ਤੋਲਿਆ ਜਾਂਦਾ ਹੈ। ਨਿਰਪੱਖ ਨਿਆਂ ਦਾ ਢੋਲ ਪਿੱਟਣ ਵਾਲੀ ਨਿਆਂ-ਵਿਵਸਥਾ ਤਾਂ ਬਣੀ ਹੈ, ਪਰ ਨਿਰਪੱਖਤਾ ਹੈ ਕਿੱਥੇ? ਪੈਸੇ ਦਾ ਇਹ ਖੇਲ ਆਮ ਆਦਮੀ ਦੀ ਸੋਚ ਤੋਂ ਬਹੁਤ ਦੂਰ ਹੈ। ਪੂੰਜੀਵਾਦੀ ਬੁਰਜੂਆ ਸਮਾਜ ਕਾਨੂੰਨ ਨੂੰ ਆਪਣੀਆਂ ਜੇਬਾਂ ਵਿਚ ਪਾਈ ਫ਼ਿਰਦਾ ਹੈ, ਜਿਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਉਪਰ ਕਾਨੂੰਨ ਇਕ ਅਜਿਹੇ ਪਰਦੇ ਦੀ ਤਰ੍ਹਾਂ ਹੈ, ਜੋ ਆਮ ਆਦਮੀ ਦੀ ਦ੍ਰਿਸ਼ਟੀ ਨੂੰ ਆਦ੍ਰਿਸ਼ਟ ਕਰ ਦਿੰਦਾ ਹੈ। ਰਾਧਾ ਗੋਵਿੰਦ ਚਟੋਪਾਧਿਆਇ ਅਨੁਸਾਰ:

> ਧਨੀ ਲੋਕ ਕਾਨੂੰਨ ਨੂੰ ਠੇਂਗਾ ਦਿਖਾਂਦੇ ਹਨ, ਉਹਨਾਂ ਦੀਆਂ ਕਾਲੀਆਂ ਕਰਤੂਤਾਂ ਉਪਰ ਕਾਨੂੰਨ ਇਕ ਸੁਹਾਵਣਾ ਪਰਦਾ ਹੈ।[10]

ਮਨੁੱਖੀ ਜਾਮਾ ਪਹਿਨਣ ਤੋਂ ਬਾਅਦ ਹੀ ਮਨੁੱਖ ਇਹ ਸੋਚਣ ਲੱਗ ਪਿਆ ਕਿ ਉਸ ਦੇ ਜੀਵਨ ਦਾ ਮਨੋਰਥ ਕੀ ਹੈ? ਪਰ ਅੱਜ ਮਨੁੱਖ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਸਮਾਜ ਅੰਦਰ ਜੋ ਵਾਪਰ ਰਿਹਾ ਹੈ, ਇਹ ਇਸ ਤਰ੍ਹਾਂ ਕਿਉਂ ਹੈ ਅਤੇ ਇਸ ਨੂੰ ਚੰਗੇਰਾ ਬਣਾਉਣ ਲਈ ਕੀ ਕੀਤਾ ਜਾਵੇ।

ਬੇਸ਼ੱਕ ਪੂੰਜੀਵਾਦ ਅਧੀਨ ਅਗਾਂਹਵਧੂ ਸਿਧਾਂਤ ਵੀ ਮੌਜੂਦ ਹੁੰਦੇ ਹਨ, ਜੋ ਆਮ ਲੋਕਾਂ ਅਤੇ ਹੋਰ ਅਗਾਂਹਵਧੂ ਤਾਕਤਾਂ ਦੇ ਹਿੱਤ ਪਰਗਟ ਕਰਦੇ ਹਨ। ਪ੍ਰੰਤੂ ਇਸ ਸਭ ਦੇ ਬਾਵਜੂਦ ਪੂੰਜੀਵਾਦੀ ਵਿਵਸਥਾ ਆਮ ਜਨਤਾ ਨੂੰ ਲੁੱਟਦੀ ਹੀ ਰਹਿੰਦੀ ਹੈ। ਪੂੰਜੀਵਾਦ ਦੇ ਪ੍ਰਭਾਵ ਅਧੀਨ ਸਮਾਜ ਵਿਚ ਪੈਦਾ

ਹੋਏ ਪੈਦਾਵਾਰੀ ਸੰਬੰਧ ਸਮਾਜ ਦੀਆਂ ਸੱਭਿਆਚਾਰਕ, ਰਾਜਸੀ ਅਤੇ ਵਿਚਾਰਧਾਰਕ ਸਰਗਰਮੀਆਂ ਦੇ ਨਾਲ ਨਾਲ ਸਮਾਜੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਹਨ। ਪੂੰਜੀਵਾਦੀ ਸਮਾਜ ਅੰਦਰ ਇਕੋ ਸਮੇਂ ਪੂੰਜੀਵਾਦੀ ਤੇ ਸਮਾਜਵਾਦੀ ਦੋਵੇਂ ਵਿਚਾਰਧਾਰਾਵਾਂ ਮੌਜੂਦ ਹੁੰਦੀਆਂ ਹਨ। ਪਹਿਲੀ ਵਿਚਾਰਧਾਰਾ ਪੂੰਜੀਵਾਦੀ ਪ੍ਰਣਾਲੀ ਦੀ ਰਾਖੀ ਕਰਦੀ ਹੈ। ਇਹ ਜਮਾਤ ਇਹਨਾਂ ਦੀ ਪੁਜੀਸ਼ਨ ਤੇ ਹਿੱਤਾਂ ਨੂੰ ਪ੍ਰਗਟ ਕਰਦੀ ਹੈ। ਦੂਜੇ ਪਾਸੇ ਸਮਾਜਵਾਦੀ ਵਿਚਾਰਾਂ ਦੇ ਧਾਰਨੀ ਆਮ ਲੋਕ ਹੁੰਦੇ ਹਨ ਜੋ ਪੂੰਜੀਵਾਦੀਆਂ ਵਲੋਂ ਲੁੱਟੇ ਜਾਂਦੇ ਹਨ। ਸਮਾਜਵਾਦੀ ਲੋਕ ਮਿਹਨਤਕਸ਼ ਜਨਤਾ ਦੇ ਹਿੱਤ ਪ੍ਰਗਟ ਕਰਦੇ ਹੰਨ। ਇਹ ਦੌਲਤ ਦੇ ਅਧਾਰ ਉਪਰ ਵਿਸ਼ੇਸ਼ ਹੱਕਾਂ ਦੀ ਰਾਖੀ ਨਹੀਂ ਕਰਦੇ। ਸਗੋਂ ਲੋਕਾਂ ਵਿਚਕਾਰ ਸੰਬੰਧ ਭਾਈਚਾਰੇ ਦੇ ਅਸੂਲਾਂ ਉਤੇ ਆਧਾਰਿਤ ਮੰਗਦੇ ਹਨ ਜੋ ਆਦਮੀ ਦੀ ਕਦਰ ਦਾ ਨਿਰਣਾ ਇਸ ਗੱਲ ਉਪਰ ਕਰਦੇ ਹਨ ਕਿ ਮਨੁੱਖ ਸਮੁੱਚੇ ਸਮਾਜ ਲਈ ਕਿੰਨਾ ਕੁਝ ਕਰਦਾ ਹੈ।

ਸਮਾਜ ਨੂੰ ਉਸਾਰੂ ਢੰਗ ਨਾਲ ਚਲਾਉਣ ਲਈ ਜੀਵਨ ਦੇ ਅਨੇਕਾਂ ਪੱਖ ਹੁੰਦੇ ਹਨ ਜੋ ਹਰ ਸਮੇਂ ਹਰ ਥਾਂ ਇਨਸਾਨ ਦੀ ਰਹਿਨੁਮਾਈ ਕਰਦੇ ਹਨ। ਕਿਉਂਕਿ ਆਦਮੀ ਸਿਰਫ਼ ਪਦਾਰਥਿਕ ਹਿਤਾਂ ਨਾਲ ਹੀ ਜਿਉਂਦਾ ਨਹੀਂ ਰਹਿੰਦਾ। ਇਸੀ ਕਰਕੇ ਜੀਵਨ ਲੋਕਾਂ ਦੇ ਸਮਾਜਿਕ, ਆਰਥਿਕ, ਕਾਨੂੰਨੀ ਤੇ ਹੋਰ ਸੰਬੰਧਾਂ ਦਾ ਇਕ ਸੁਖਾਵਾਂ ਆਧਾਰ ਹੈ, ਜੋ ਵੱਖ-ਵੱਖ ਵਿਚਾਰਾਂ ਤੇ ਸਿਧਾਂਤਾਂ ਦਾ ਮੁਜੱਸਮਾ ਹੁੰਦਾ ਹੈ। ਸਮਾਜ ਦਾ ਵਿਕਾਸ ਆਰਥਿਕਤਾ, ਰਾਜਨੀਤੀ, ਨਵੀਂ ਵਿਚਾਰਧਾਰਾ ਅਤੇ ਜੀਵਨ ਦੇ ਬਾਕੀ ਸਾਰੇ ਪੱਖਾਂ ਦੇ ਆਪਸੀ ਅਮਲ ਰਾਹੀਂ ਵਾਪਰਦਾ ਸੱਚ ਹੈ। ਪਰੰਤੂ ਅੱਜ ਸਮਾਜ ਅੰਦਰ ਲੋਕਾਂ ਦੇ ਆਪਸੀ ਸੰਬੰਧ ਨਿਜ਼ੀ ਜ਼ਾਇਦਾਦ ਅਤੇ ਪੂੰਜੀ ਉਤੇ ਆਧਾਰਿਤ ਹਨ। ਇਹ ਸੰਬੰਧ ਮਨੁੱਖ ਨੂੰ ਪੂੰਜੀਵਾਦੀ ਸਭਿਅਚਾਰ ਦੀ ਭਿਆਨਕਤਾ ਨਿਰਦਾਇਤਾ ਤੇ ਪੈਸੇ ਦੀ ਸਰਦਾਰੀ ਵਾਲੇ ਸਿਧਾਂਤਾਂ ਵਿਚ ਜਕੜਦੇ ਹਨ। ਪੂੰਜੀਪਤੀ ਆਰਥਿਕ ਪੱਖੋਂ ਮਜ਼ਬੂਤ ਹਨ ਅਤੇ ਉਹਨਾਂ ਕੋਲ ਰਾਜਸੀ ਤਾਕਤ ਹੈ, ਜਿਹੜੀ ਉਹਨਾਂ ਨੂੰ ਦੂਜਿਆਂ ਦੀ ਕੀਮਤ ਉਪਰ ਅਮੀਰ ਹੋਣਾ ਸਿਖਾਉਂਦੀ ਹੈ। ਸਮਾਜ ਦਾ ਇਹ ਹਿੱਸਾ ਅਥਾਹ ਦੌਲਤ ਨੂੰ ਜੋੜ ਕੇ ਸਮਾਜ ਅੰਦਰ ਅਨਾਚਾਰ, ਦੁਰਵਿਵਹਾਰ ਅਤੇ ਹਰਾਮਖ਼ੋਰੀ ਵਰਗੀਆਂ ਭੈੜੀਆਂ ਬੁਰਾਈਆਂ ਨੂੰ ਜਨਮ ਦਿੰਦਾ ਹੈ। ਪੂੰਜੀਵਾਦ ਇਕ ਅਜਿਹੀ ਬਿਮਾਰੀ ਹੈ ਜੋ ਦੂਜਿਆਂ ਦੀ ਸ਼ਕਤੀ ਨੂੰ ਖ਼ਤਮ ਕਰਕੇ ਖ਼ੁਦ ਅੱਗੇ ਵਧਣਾ ਚਾਹੁੰਦੀ ਹੈ। ਇਹ ਦੂਜਿਆਂ ਦੀ ਕਿਰਤ ਲੁੱਟ ਕੇ ਐਸ਼ ਕਰਨਾ ਜਾਣਦੀ ਹੈ। ਆਮ ਲੋਕਾਂ ਲਈ ਇਸਦਾ

ਭਾਵ ਬੇਰੁਜ਼ਗਾਰੀ ਅਤੇ ਗਰੀਬੀ ਹੈ ਜੋ ਉਹਨਾਂ ਨੂੰ ਜੀਵਨ ਨਿਰਬਾਹ ਦੇ ਜ਼ਰੂਰੀ ਸਮਾਨ ਤੋਂ ਸੱਖਣੇ ਰੱਖਦੀ ਹੈ। ਰਾਧਾ ਗੋਵਿੰਦ ਚਟੋਪਾਧਿਆਇ ਅਨੁਸਾਰ:

> ਪੂੰਜੀਵਾਦੀ ਸੰਸਕ੍ਰਿਤੀ ਹੀ ਬੁਰਜੂਆ ਸੰਸਕ੍ਰਿਤੀ ਕਹਾਉਂਦੀ ਹੈ। ਇਹ ਸੰਸਕ੍ਰਿਤੀ ਪੂੰਜੀਵਾਦੀ ਵਿਸ਼ਮ ਵਿਵਸਥਾ ਦਾ ਉਤਪਾਦ ਹੈ ਅਤੇ ਉਸਦੇ ਲਈ ਰੱਖਿਆ ਕਵਚ ਵੀ। ਇਸ ਸੰਸਕ੍ਰਿਤੀ ਦੇ ਪ੍ਰਭਾਵ ਤੋਂ ਪੂੰਜੀਵਾਦ ਦੁਆਰਾ ਪ੍ਰਚੱਲਿਤ ਨੀਤੀ ਉਤਕ੍ਰਿਸ਼ਟ ਸਮਾਜਿਕ ਨੀਤੀ ਪ੍ਰਤੀਤ ਹੁੰਦੀ ਹੈ, ਅਤਿ ਬਜਰ ਅਤੇ ਅਮਾਨਵੀ ਅੱਤਿਆਚਾਰ ਵੀ ਸਦਾਚਾਰ ਵਰਗਾ ਲਗਦਾ ਹੈ। ਮੂਰਤੀਮਾਨ ਸ਼ੈਤਾਨ ਦੇਵਦੂਤ ਵਰਗੀ ਸ਼ਾਂਤੀ ਦਿੰਦਾ ਹੈ, ਚੰਗੇ ਮਾੜੇ ਦਾ ਬੋਧ ਲੁਪਤ ਹੁੰਦਾ ਜਾਂਦਾ ਹੈ। ਕਈ ਆਧੁਨਿਕ ਵਿਧੀ ਵਿਧਾਨ ਤਾਂ ਮਨੂਸਮ੍ਰਿਤੀ ਦੇ ਵਿਧਾਨਾਂ ਤੋਂ ਵੱਧ ਹਿੰਸਕ ਹਨ। ਬੁਰਜੂਆ ਸਮਾਜ ਦੇ ਕੰਮ-ਕਾਜ ਆਦਿਮ ਯੁੱਗ ਦੇ ਆਦਮਖੋਰ ਬਰਬਰ ਲੋਕਾਂ ਨੂੰ ਵੀ ਸ਼ਰਮਸਾਰ ਕਰਦੇ ਹਨ।[11]

ਪੂੰਜੀਪਤੀ ਵਿਸਵਥਾ ਦਾ ਮੂਲ ਮਕਸਦ ਤੇ ਧਰਮ ਮੁਨਾਫ਼ਾ ਕਮਾਉਣਾ ਹੁੰਦਾ ਹੈ। ਇਸ ਸਮਰਾਏਦਾਰੀ ਸਮਾਜ ਅੰਦਰ ਆਮ ਜਨਤਾ ਦੀ ਹਾਲਤ ਹੋਰ ਵੀ ਭੈੜੀ ਹੋ ਜਾਂਦੀ ਹੈ। ਇਕ ਆਦਮੀ ਜ਼ਰੂਰਤ ਤੋਂ ਵੱਧ ਕੰਮ ਕਰਕੇ ਵੀ ਆਪਣੇ ਜੀਵਨ ਨਿਰਬਾਹ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦਾ।

ਘੱਟ ਗਿਣਤੀ ਵਾਲੇ ਇਹ ਉਪਰਲੇ ਪੂੰਜੀਪਤੀ ਸਮਾਜ ਦੀ ਬਹੁਗਿਣਤੀ ਲੋਕਾਂ ਨੂੰ ਲੁੱਟਣਾ ਆਪਣਾ ਕੁਦਰਤੀ ਹੱਕ ਸਮਝਦੇ ਹਨ। ਅਥਾਹ ਆਰਥਿਕ ਤਾਕਤਾਂ ਦੀਆਂ ਮਾਲਕ ਹੁੰਦੀਆਂ ਹੋਈਆਂ ਇਹ ਜਮਾਤਾਂ ਸਮਾਜ ਨੂੰ ਆਪਣੀ ਮਰਜ਼ੀ ਅਨੁਸਾਰ ਚੱਲਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਪੂੰਜੀਵਾਦੀ ਹਿੱਤਾਂ ਦੇ ਵਿਰੁੱਧ ਹੁੰਦੀ ਜਨਤਾ ਦੀ ਹਰ ਸਰਗਰਮੀ ਨੂੰ ਇਹ ਲੋਕ ਗ਼ੈਰ-ਕਾਨੂੰਨੀ ਰੰਗਣ ਵਿਚ ਢਾਲ ਕੇ ਆਪਣੀ ਮਰਜ਼ੀ ਮੁਤਾਬਿਕ ਬਣਾ ਲੈਂਦੇ ਹਨ ਤਾਂ ਜੋ ਇਹ ਸਰਮਾਏਦਾਰ ਲੋਕ ਸਮਾਜ ਅੰਦਰਲੇ ਸਮਾਜੀ ਸੰਬੰਧਾਂ ਨੂੰ ਆਪਣੀ ਮਰਜ਼ੀ ਅਨੁਸਾਰ ਨੇਮਾਂ ਅਤੇ ਕਾਨੂੰਨਾਂ ਵਿਚ ਬਦਲ ਸਕਣ।

ਉਹਨਾਂ ਦੇ ਇਸ ਜੋੜ ਤੋੜ ਨੂੰ ਹੀ ਕਾਨੂੰਨ ਕਿਹਾ ਜਾਂਦਾ ਹੈ। ਹਾਕਮ ਜਮਾਤਾਂ ਦੀਆਂ ਪੈਦਾ ਕੀਤੀਆਂ ਪ੍ਰਸਥਿਤੀਆਂ ਅੱਗੇ ਆਮ ਲੋਕਾਂ ਦਾ ਝੁਕਣਾ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਉਹਨਾਂ ਨੇ ਸਮਾਜ ਦੀਆਂ ਸਰਕਾਰੀ ਤੇ ਸਮਾਜਿਕ ਸੰਸਥਾਵਾਂ (ਨਿਆਂ ਪ੍ਣਾਲੀ, ਵਿਧਾਨ-ਪਾਲਿਕਾ, ਕਾਰਜਪਾਲਿਕਾ, ਪੁਲਿਸ, ਹਸਪਤਾਲ, ਵਿਦਿਅਕ ਅਦਾਰੇ, ਧਾਰਮਿਕ ਸੰਗਠਨ ਤੇ ਰਾਜੀਤਕ ਸੰਗਠਨ) ਨੂੰ ਆਪਣੀ ਤਾਕਤ ਨਾਲ ਖਰੀਦਿਆ ਹੁੰਦਾ ਹੈ। ਇਸੇ ਕਰਕੇ ਲੈਨਿਨ ਨੇ ਰਾਜ ਦੀ ਵਾਸਤਵ ਪ੍ਰਕਿਰਤੀ ਤੇ ਪ੍ਰਯੋਜਨ ਨੂੰ ਸਾਰ-ਰੂਪ ਵਿਚ ਪੇਸ਼ ਕਰਦਿਆਂ ਕਿਹਾ ਹੈ ਕਿ:

> ਰਾਜ ਲੁੱਟੇ ਜਾਂਦੇ ਲੋਕਾਂ ਉਤੇ ਲੁਟੇਰਿਆਂ ਦੇ
> ਜਮਾਤੀ ਦਾਬੇ ਦਾ ਹਥਿਆਰ ਹੁੰਦਾ ਹੈ। [12]

ਪੂੰਜੀਵਾਦੀ ਰਾਜ ਆਪਣੀ ਭੂਮਿਕਾ ਨਿੱਗਰ ਹੱਦ ਤੱਕ ਬਦਲ ਰਿਹਾ ਹੈ। ਪੂੰਜੀਪਤੀ ਆਪਣੇ ਬੰਦਿਆਂ ਨੂੰ ਚੋਣਾਂ ਵਿਚ ਸਫ਼ਲ ਕਰਵਾਉਣ ਖ਼ਾਤਿਰ ਕਰੋੜਾਂ ਰੁਪਇਆ ਖਰਚ ਕਰਦੇ ਹਨ। ਲੋਕਰਾਜ ਅੰਦਰ ਹਰ ਨਾਗਰਿਕ ਨੂੰ ਵੋਟ ਦੇਣ ਦਾ ਅਧਿਕਾਰ ਹੈ। ਪਰੰਤੂ ਪੂੰਜੀਪਤੀਆਂ ਦੀ ਹਕੂਮਤ ਇ੍ਹਹਨਾਂ ਨੂੰ ਆਪਣੀ ਮਰਜ਼ੀ ਮੁਤਾਬਿਕ ਵੋਟ ਦੇਣ ਦਾ ਅਧਿਕਾਰ ਵੀ ਨਹੀਂ ਦਿੰਦੀ। ਨਕਲੀ ਅਤੇ ਪੈਸੇ ਨਾਲ ਖ਼ਰੀਦੀਆਂ ਵੋਟਾਂ ਦੁਆਰਾ ਸਰਕਾਰੀ ਕੁਰਸੀ ਜਿੱਤ ਤੇ ਫ਼ਿਰ ਇਹ ਲੋਕ ਆਪਣੀ ਮਰਜ਼ੀ ਮੁਤਾਬਿਕ 'ਰਾਜ' ਨੂੰ ਚਲਾਉਂਦੇ ਹਨ। ਇਸੀ ਕਰਕੇ ਪੂੰਜੀਵਾਦੀ ਰਾਜ ਹਮੇਸ਼ਾ ਹੀ ਪੂੰਜੀਵਾਦੀ ਜਮਾਤੀ ਗ਼ਲਬੇ ਦਾ ਹਥਿਆਹ ਰਿਹਾ ਹੈ। ਅਜੋਕਾ ਪੂੰਜੀਵਾਦੀ 'ਰਾਜ' ਕਿਰਤ ਅਤੇ ਪੂੰਜੀ ਵਿਚਕਾਰਲੇ ਸਬੰਧਾਂ ਵਿਚ ਦਖ਼ਲ ਦਿੰਦਾ ਹੈ ਅਤੇ ਨਿਰਪੱਖ ਨਿਰਣਾਕਾਰ ਹੋਣ ਦਾ ਦਾਅਵਾ ਕਰਦਾ ਹੈ। ਪਰ ਅਸਲ ਵਿਚ 'ਰਾਜ' ਦੀ ਸਮੁੱਚੀ ਕਾਰਜਗੁਜ਼ਾਰੀ ਸੱਤਾ ਅਤੇ ਅਧਿਕਾਰ ਪੂੰਜੀਪਤੀਆਂ ਦੇ ਹਿੱਤਾਂ ਲਈ ਵਰਤੇ ਜਾਂਦੇ ਹਨ। ਪੂੰਜੀਵਾਦੀ ਲੋਕਰਾਜੀ 'ਰਾਜ' ਅੰਦਰ ਵਰਤਿਆ ਜਾਂਦਾ ਬਰਾਬਰੀ ਦਾ ਨਾਅਰਾ ਵੀ ਅਰਥਹੀਣ ਹੋ ਗਿਆ ਹੈ, ਕਿਉਂਕਿ ਇਹਨਾਂ ਪੂੰਜੀਪਤੀਆਂ ਦੇ ਘਰਾਂ ਅੰਦਰ ਹਰ ਚੀਜ਼ ਜ਼ਰੂਰਤ ਤੋਂ ਵੱਧ ਮੌਜੂਦ ਹੈ। ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਘਰਾਂ ਤੋਂ ਬਾਹਰ ਲੱਖਾਂ ਲੋਕ ਅਜਿਹੇ ਵੀ ਹਨ ਜਿਹੜੇ ਢਿੱਡ ਭਰਨ ਲਈ ਰੋਟੀ, ਤਨ ਕੱਜਣ ਲਈ ਕੱਪੜੇ ਨੂੰ ਤਰਸਦੇ ਹੋਏ ਝੁੱਗੀਆਂ ਅੰਦਰ ਦੁਖਦਾਈ ਹਾਲਤਾਂ ਵਿਚ ਰਹਿੰਦੇ ਹਨ ਅਤੇ ਗੁਜ਼ਾਰਾ ਕਰਨ ਤੋਂ ਅਸਮਰੱਥ ਹਨ। ਪੂੰਜੀਵਾਦੀ ਸਮ੍ਾਜ ਦੇ ਹਰ ਕੋਨੇ ਅੰਦਰ

ਮਿਲਾਵਟ ਤੇ ਗਿਰਾਵਟ ਹੈ। ਇੱਥੇ ਸੰਵਿਧਾਨਿਕ ਤੇ ਸਮਾਜਿਕ ਸੰਸਥਾਵਾਂ ਤੋਂ ਲੈ ਕੇ ਸਾਹਿਤ ਅਤੇ ਮੀਡੀਏ ਦਾ ਹਰ ਰੂਪ ਆਪਣੇ ਮਿਆਰ ਤੋਂ ਗਿਰਦਾ ਜਾ ਰਿਹਾ ਹੈ। ਇੱਥੇ ਹਰ ਸਮੇਂ ਜ਼ੁਲਮ, ਹਿੰਸਾ ਤੇ ਬਦਚਲਨੀ ਦੀ ਮਹਿਮਾ ਗਾਈ ਜਾਂਦੀ ਹੈ ਅਤੇ ਘਟੀਆ ਪ੍ਰਵਿਰਤੀਆਂ ਭੜਕਾਈਆਂ ਜਾਂਦੀਆਂ ਹਨ। ਬੇਸ਼ੱਕ ਪੂੰਜੀਵਾਦੀ ਸਮਾਜ ਅੰਦਰ ਸੱਚੇ ਅਤੇ ਇਮਾਨਦਾਰ ਲੋਕ ਵੀ ਹਨ, ਪਰੰਤੂ ਇਨ੍ਹਾਂ ਨੂੰ ਹਰ ਪੈਰ੍ਹ ਤੇ ਇਹਨਾਂ ਪੂੰਜੀਪਤੀਆਂ ਅੱਗੇ ਮਜ਼ਬੂਰੀ ਅਤੇ ਬੇਵਸੀ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਇਸ ਪ੍ਰਕਾਰ ਪੂੰਜੀਵਾਦੀ ਲੋਕਰਾਜੀ ਰਾਜ ਸਮਾਜ ਦੇ ਉਹਨਾਂ ਲੋਕਾਂ ਦਾ ਪੱਖ ਪੂਰਣ ਵਾਲਾ ਜ਼ਰੀਆ ਬਣ ਜਾਂਦਾ ਹੈ ਜੋ ਆਮ ਲੋਕਾਂ ਨੂੰ ਕੀੜਿਆਂ-ਮਕੌੜਿਆਂ ਦੀ ਤਰ੍ਹਾਂ ਕੁਚਲਦੇ ਹਨ। ਨਿੱਜੀ ਜ਼ਾਇਦਾਦ ਦੀ ਮਾਲਕ ਜਮਾਤ ਨੇ ਆਪਣੇ ਹੱਕਾਂ ਦੀ ਰਾਖੀ ਲਈ ਸਮਾਜ ਵਿਚੋਂ ਤਾਕਤ ਖੋਹ ਲਈ। ਜਿਸ ਦੇ ਅਮਲ ਵਜੋਂ ਸਰਕਾਰ ਲੋਕਾਂ ਦੀ ਨਾ ਰਹੀ ਅਤੇ 'ਰਾਜ' ਵੀ ਦੱਬੀ ਕੁਚਲੀ ਜਾਂਦੀ ਬਹੁਗਿਣਤੀ ਦੇ ਹੱਕਾਂ ਨੂੰ ਮਿਟਾਉਣ ਵਾਲਾ ਇਕ ਹਥਿਆਰ ਮਾਤਰ ਬਣ ਕੇ ਰਹਿ ਗਿਆ। ਪੂੰਜੀਵਾਦੀ ਲੋਕਰਾਜੀ 'ਰਾਜ' ਦੀਆਂ ਤਿੰਨੋ ਸੰਵਿਧਾਨਿਕ (ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂਪਾਲਿਕਾ) ਸੰਸਥਾਵਾਂ ਆਪਣੇ ਫ਼ਰਜ਼ਾਂ ਨਾਲ ਕੁਤਾਹੀ ਕਰਦੀਆਂ ਹੋਈਆਂ ਆਪਣੇ ਫ਼ਰਜ਼ਾਂ ਅਤੇ ਉਦੇਸ਼ਾਂ ਤੋਂ ਬੇਮੁੱਖ ਹੋ ਕੇ ਇਹਨਾਂ ਪੂੰਜੀਪਤੀਆਂ ਦਾ ਗੁਲਾਮ ਬਣ ਜਾਂਦੀਆਂ ਹਨ।

ਪੂੰਜੀਵਾਦੀ ਲੋਕਰਾਜੀ 'ਰਾਜ' ਦੀਆਂ ਇਹਨਾਂ ਸੰਵਿਧਾਨਿਕ ਸੰਸਥਾਵਾਂ ਤੋਂ ਬਿਨ੍ਹਾਂ ਸਮਾਜ ਅੰਦਰ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਵੀ ਹਨ, ਜੋ ਸਮਾਜ ਨੂੰ ਪੂੰਜੀਵਾਦੀ ਸਿਧਾਤਾਂ ਅਨੁਸਾਰ ਚਲਾਉਂਦੀਆਂ ਹਨ। ਜਦੋਂ ਕਿ ਇਹਨਾਂ ਦਾ ਫਰਜ ਇਹ ਬਣਦਾ ਹੈ ਕਿ ਇਹ ਸਮਾਜ ਦੇ ਨਾਗਰਿਕਾਂ ਦੀ ਰਹਿਨੁਮਾਈ ਇਕ ਆਦਰਸ਼ਕ ਸਮਾਜਿਕ ਅਦਾਰਿਆਂ ਵਜੋਂ ਕਰਨ। ਸਮਾਜ ਅੰਦਰ ਚਲਦੇ ਇਹ ਸਮਾਜਿਕ ਅਦਾਰੇ ਪੁਲਿਸ, ਹਸਪਤਾਲ, ਰਾਜਨੀਤਕ ਦਲ, ਵਿਦਿਆਰਥੀ ਯੂਨੀਅਨ ਹਿਊਮਨ ਰਾਈਟਸ ਐਸੋਸੀਏਸ਼ਨ, ਪੱਤਰਕਾਰੀ, ਧਾਰਮਿਕ ਸੰਗਠਨ ਅਤੇ ਹੋਰ ਸਮਾਜਿਕ ਜਥੇਬੰਦੀਆਂ ਹਨ। ਇਹਨਾਂ ਦਾ ਕੰਮ ਲੋਕਾਂ ਨੂੰ ਹੱਕ ਸੱਚ, ਇਮਾਨ, ਇਨਸਾਫ਼ ਅਤੇ ਸੁਰੱਖਿਆ ਆਦਿ ਦਿਲਵਾਉਣਾ ਹੈ।

ਪੁਲਿਸ ਸਮਾਜ ਦਾ ਉਹ ਅੰਗ ਹੈ ਜਿਸ ਨੇ ਸਮਾਜ ਅੰਦਰ ਫ਼ੈਲੀਆਂ ਬੁਰਾਈਆਂ ਨੂੰ ਮਿਟਾਉਣਾ ਅਤੇ ਨਵੀਆਂ ਬੁਰਾਈਆਂ ਨੂੰ ਪਨਪਣ ਤੋਂ ਰੋਕਣਾ ਹੈ। ਸਮਾਜਿਕ ਜ਼ਿੰਦਗੀ ਨੂੰ ਸੁਖਾਵਾਂ ਪੱਧਰਾ ਬਣਾਈ

ਰੱਖਣ ਲਈ ਇਨਸਾਨ ਹਰ ਵਖ਼ਤ ਯਤਨਸ਼ੀਲ ਹੈ। ਇਹਨਾਂ ਯਤਨਾਂ ਦੇ ਅੰਤਰਗਤ ਹੀ ਸਮਾਜਿਕ ਵਿਵਸਥਾ ਬਣਾਈ ਰੱਖਣ ਲਈ ਪੁਲਿਸ ਪ੍ਰਬੰਧ ਵੀ ਇਕ ਵਿਸ਼ੇਸ਼ ਮੰਤਵ ਤਹਿਤ ਹੋਂਦ ਵਿਚ ਆਇਆ। ਇਸ ਦਾ ਮੁੱਖ ਕੰਮ ਆਮ ਲੋਕਾਂ ਦੀ ਹਰ ਪੱਖੋਂ ਰੱਖਿਆ ਕਰਨਾ ਅਤੇ ਲੋਕਾਂ ਨੂੰ ਇਕ ਖੁਸ਼ਹਾਲ ਸਮਰਿੱਧ ਜੀਵਨ ਜਿਊਣ ਦਾ ਅਧਿਕਾਰ ਮੁਹੱਈਆ ਕਰਵਾਉਣਾ ਹੈ। ਹਰ ਖੇਤਰ ਅੰਦਰ ਆਜ਼ਾਦੀ ਅਤੇ ਬਰਾਬਰਤਾ ਦੇ ਅਧਿਕਾਰਾਂ ਦੀ ਰੱਖਿਆ ਕਰਦੀ ਹੋਈ ਇਕ ਲੋਕ-ਸੇਵਕ ਅਤੇ ਲੋਕ ਹਿਤੈਸ਼ੀ ਪ੍ਰਬੰਧਕੀ ਸ਼ਕਤੀ ਵਜੋਂ ਸਾਹਮਣੇ ਆਉਂਦੀ ਹੈ। ਪੁਲਿਸ ਦਾ ਕੰਮ ਗਰੀਬਾਂ ਅਤੇ ਮਾਸੂਮਾਂ ਦੀ ਸਹਾਇਤਾ ਕਰਨਾ ਆਮ ਜਨਤਾ ਦੇ ਜਾਨ-ਮਾਲ ਦੀ ਰਾਖੀ ਕਰਨਾ ਅਤੇ ਹਰੇਕ ਨਾਲ ਸਦ-ਭਾਵਨਾ ਵਾਲਾ ਸਲੂਕ ਕਰਨਾ ਹੈ। ਸਮਾਜਿਕ ਦ੍ਰਿਸ਼ਟੀ ਤੋਂ ਵਾਚਦਿਆਂ ਪਤਾ ਚਲਦਾ ਹੈ ਕਿ ਪੁਲਿਸ ਸਮਾਜ ਦਾ ਉਹ ਪ੍ਰਬੰਧ ਹੈ ਜਿਸ ਨੇ ਸਮਾਜ ਅੰਦਰ ਫ਼ੈਲਣ ਵਾਲੀ ਹਰ ਬੁਰਾਈ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਹੈ। ਪਰੰਤੂ ਅੱਜ ਦਾ ਪੂੰਜੀਵਾਦੀ ਦੌਰ ਏਨਾ ਭ੍ਰਿਸ਼ਟ ਹੋ ਚੁੱਕਿਆ ਹੈ ਕਿ ਇਥੇ ਇਕ ਵੀ ਈਮਾਨਦਾਰ ਪੁਲਿਸ ਅਧਿਕਾਰੀ ਲੱਭਣਾ ਨਾਮੁਮਕਿਨ ਜਾਪਦਾ ਹੈ। ਜਿਸਦਾ ਜਿੱਥੇ ਅਤੇ ਜਿੰਨਾ ਦਾਅ ਲੱਗੇ ਮਾਰ ਹੀ ਲੈਂਦਾ ਹੈ। ਸਮਾਜਿਕ ਵਿਵਸਥਾ ਦੇ ਪ੍ਰਸੰਗ ਵਿਚ ਪੁਲਿਸ ਦੀ ਭੂਮਿਕਾ ਇਕ ਭ੍ਰਿਸ਼ਟ ਪ੍ਰਬੰਧ ਵਜੋਂ ਸਾਹਮਣੇ ਆਉਂਦੀ ਹੈ। ਪੁਲਿਸ ਦੀ ਅਜਿਹੀ ਕਾਰਗੁਜ਼ਾਰੀ, ਭ੍ਰਿਸ਼ਟਾਚਾਰੀ, ਰਿਸ਼ਵਤਖੋਰੀ ਅਤੇ ਅਪਰਾਧੀਆਂ ਦਾ ਸਾਥ ਦੇ ਕੇ ਸਮਾਜ ਨੂੰ ਭਿਅੰਕਰ ਰਸਤੇ ਉਪਰ ਤੋਰਦੀ ਹੋਈ ਆਮ ਇਨਸਾਨ ਦੇ ਤੁਰਨ ਦੀ ਸਮਰੱਥਾ ਨੂੰ ਅਸਮਰੱਥ ਕਰਦੀ ਹੈ। ਪੁਲਿਸ ਆਪਣਾ ਮੁੱਖ ਕਾਰਜ ਲੋਕਾਂ ਦੀ ਰੱਖਿਆ ਨਾ ਕਰਕੇ ਰਿਸ਼ਵਤ ਲੈਣਾ ਹੀ ਸਮਝਦੀ ਹੈ, ਚਾਹੇ ਦੋਸ਼ੀ ਕੋਲੋਂ ਮਿਲ ਜਾਵੇ ਤੇ ਭਾਵੇਂ ਨਿਰਦੋਸ਼ ਨੂੰ ਬਲੀ ਦਾ ਬੱਕਰਾ ਬਣਾਇਆ ਜਾਵੇ। ਇਸ ਪ੍ਰਕਾਰ ਸਮਾਜ ਦੀ ਰੱਖਿਅਕ ਹੀ ਭੱਖਿਅਕ ਬਣੀ ਹੋਈ ਹੈ। ਜਿਵੇਂ-ਜਿਵੇਂ ਪੁਲਿਸ ਅਧਿਕਾਰੀਆਂ ਦੇ ਅਹੁਦੇ ਵੱਧਦੇ ਜਾਂਦੇ ਹਨ ~~ਤਿਵੇਂ-ਤਿਵੇਂ ਇਹਨਾਂ ਪੁਲਿਸ ਅਧਿਕਾਰੀਆਂ ਦੇ ਅਹੁਦੇ ਵੱਧਦੇ ਜਾਂਦੇ ਹਨ~~ ਤਿਵੇਂ ਤਿਵੇਂ ਇਹਨਾਂ ਅਧਿਕਾਰੀਆਂ ਦੀ ਰਿਸ਼ਵਤ ਵਿੱਚ ਵੀ ਵਾਧਾ ਹੁੰਦਾ ਜਾਂਦਾ ਹੈ। ਪੁਲਿਸ ਅਧਿਕਾਰੀਆਂ ਦੇ ਰਿਸ਼ਵਤ ਲੈਣ ਦੇ ਢੰਗ ਏਨੇ ਪੁੱਖਤਾ ਤੇ ਸਿਧਾਂਤਿਕ ਕਿਸਮ ਦੇ ਹੁੰਦੇ ਹਨ ਕਿ ਆਮ ਇਨਸਾਨ ਯਕੀਨ ਹੀ ਨਹੀਂ ਕਰ ਸਕਦਾ ਕਿ ਪੁਲਿਸ ਵਿਭਾਗ ਏਨਾ ਭ੍ਰਿਸ਼ਟ ਹੋ ਚੁੱਕਿਆ ਹੈ। ਪੁਲਿਸ ਕਰਮਚਾਰੀ ਆਪਣੀਆਂ ਜੇਬਾਂ ਭਰਨ ਖ਼ਾਤਿਰ ਅਮੀਰਾਂ ਤੇ ਵੱਡੇ ਲੋਕਾਂ ਦਾ ਸਾਥ ਦਿੰਦੇ ਹਨ। ਭਾਵੇਂ ਉਹ

ਖ਼ੂਨੀ-ਡਾਕੂ ਤੇ ਵਹਿਸ਼ਤੀ ਦਰਿੰਦੇ ਹੀ ਕਿਉਂ ਨਾ ਹੋਣ? ਪੁਲਿਸ ਕਰਮਚਾਰੀ ਇਹਨਾਂ ਜਗੀਰਾਂ ਦੇ ਮਾਲਿਕ ਅਮੀਰਾਂ ਕੋਲੋਂ ਰਿਸ਼ਵਤ ਲੈ ਕੇ ਕਮਜ਼ੋਰ ਤੇ ਗਰੀਬ ਵਿਅਕਤੀਆਂ ਨਾਲ ਸਮਾਜਿਕ ਬੇ-ਇਨਸਾਫ਼ੀ ਤਾਂ ਕਰਦੇ ਹੀ ਹਨ ਨਾਲ ਹੀ ਉਹਨਾਂ ਨੂੰ ਮੌਲਿਕ ਅਧਿਕਾਰਾਂ ਤੋਂ ਵੰਚਿਤ ਕਰਕੇ ਉਹਨਾਂ ਦਾ ਸਮਾਜਿਕ ਸ਼ੋਸ਼ਣ ਵੀ ਕਰਦੇ ਹਨ। ਜੇ ਅਮੀਰਾਂ ਜਾਂ ਅਮੀਰਾਂ ਦੁਆਰਾ ਸੁਪਾਰੀ ਦੇ ਕੇ ਖ਼ਰੀਦੇ ਗੁੰਡੇ ਗਰੀਬਾਂ ਤੇ ਮਜ਼ਬੂਰਾਂ ਦੀਆਂ ਮਾਸੂਮ ਬਹੁ-ਬੇਟੀਆਂ ਦੀ ਇਜ਼ਤ ਲੁੱਟ ਕੇ ਉਹਨਾਂ ਦੇ ਕਤਲ ਤੱਕ ਕਰ ਦਿੰਦੇ ਹਨ ਪਰ ਪੁਲਿਸ ਵਾਲੇ ਅਮੀਰਾਂ ਨਾਲ ਗੰਢ-ਤਰੁੱਪ ਕਰਕੇ ਸਾਰੇ ਮਾਮਲੇ ਨੂੰ ਰਫ਼ਾ-ਦਫ਼ਾ ਕਰ ਦਿੰਦੇ ਹਨ। ਪੁਲਿਸ ਕਰਮਚਾਰੀ ਰਿਸ਼ਵਤ ਲੈ ਕੇ ਸਾਰੇ ਕੇਸ ਨੂੰ ਅਜਿਹਾ ਗੁੰਝਲਦਾਰ ਬਣਾ ਦਿੰਦੇ ਹਨ ਕਿ ਮਹਿਰੂਮ ਸਬਰ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਕਰ ਸਕਦੇ। ਪੁਲਿਸ-ਪ੍ਰਬੰਧ ਨੇ ਇਨਸਾਫ਼ ਤਾਂ ਕੀ ਕਰਨਾ ਸੀ ਉਹ ਤਾਂ ਗਰੀਬ ਤੇ ਕਮਜ਼ੋਰ ਨੂੰ ਇਨਸਾਫ਼ ਲੈਣ-ਯੋਗ ਹੀ ਨਹੀਂ ਰਹਿਣ ਦਿੰਦੇ। ਪੂੰਜੀਵਾਦੀ ਦੌਰ ਅੰਦਰ ਪੁਲਿਸ ਵਾਲੇ ਬੰਦੇ ਦੀਆਂ ਅੱਖਾਂ ਸਾਹਮਣੇ ਵਾਪਰੇ ਸੱਚ ਨੂੰ ਝੂਠ ਤੇ ਫਿਰ ਝੂਠ ਨੂੰ ਸੱਚ ਸਾਬਿਤ ਕਰਨ ਲਈ ਬਹੁਤਾ ਸਮਾਂ ਨਹੀਂ ਲਗਾਉਂਦੇ। ਇਸ ਪ੍ਰਕਾਰ ਅੱਜ ਪੁਲਿਸ ਦੀ ਭੂਮਿਕਾ ਲੋਕ-ਮੁੱਖ ਨਹੀਂ ਬਲਕਿ ਜੋਕ-ਮੁੱਖ ਹੈ। ਇਹ ਪ੍ਰਬੰਧ ਲੋਕ-ਹਿਤੈਸ਼ੀ ਸ਼ਕਤੀ ਵਜੋਂ ਸਾਕਾਰ ਨਹੀਂ ਹੁੰਦਾ ਬਲਕਿ ਲੋਕ-ਵਿਰੋਧੀ ਸ਼ਕਤੀ ਵਜੋਂ ਉੱਭਰਦਾ ਹੈ। ਗਾਂਜੇ ਅਤੇ ਅਫੀਮ ਦੀ ਤਸਕਰੀ ਕਰਨ ਵਾਲੇ ਪੁਲਿਸ ਦੀ ਸ਼ਹਿ ਨਾਲ ਕਿਸੇ ਦਿਨ ਹਥਿਆਰਾਂ ਦੀ ਤਸਕਰੀ ਕਰਨ ਲੱਗ ਪੈਂਦੇ ਹਨ ਅਤੇ ਜੇਬਾਂ ਕੱਟਣ ਵਾਲੇ ਲੋਕਾਂ ਦੇ ਗਲੇ ਕੱਟਣ ਲੱਗ ਪੈਂਦੇ ਹਨ। ਇਹ ਸਭ ਪੁਲਿਸ-ਪ੍ਰਬੰਧ ਦੀਆਂ ਨਾਕਾਮੀਆਂ ਅਤੇ ਕਮਜ਼ੋਰੀਆਂ ਦਾ ਨਤੀਜਾ ਹਨ।

ਹਸਪਤਾਲ ਸਮਾਜ ਦੀ ਉਹ ਇਕਾਈ ਹੈ ਜਿੱਥੇ ਜ਼ਿੰਦਗੀ ਦੇਣ ਵਾਲੇ ਰੱਬ ਰੂਪੀ ਡਾਕਟਰ ਹੁੰਦੇ ਹਨ। ਇਹਨਾਂ ਦਾ ਕਰਤੱਵ ਬਿਮਾਰ ਵਿਅਕਤੀ ਦਾ ਸਮੇਂ ਸਿਰ ਅਤੇ ਸਹੀ ਢੰਗ ਨਾਲ ਇਲਾਜ ਕਰਨਾ ਹੈ। ਆਧੁਨਿਕ ਸਹੂਲਤਾਂ ਨਾਲ ਲੈਸ ਇਹ ਹਸਪਤਾਲ ਸਿਰਫ਼ ਸਰਕਾਰੀ ਹਸਪਤਾਲਾਂ ਤੱਕ ਹੀ ਸੀਮਿਤ ਨਹੀਂ ਬਲਕਿ ਕਈ ਛੋਟੇ-ਵੱਡੇ ਪ੍ਰਾਈਵੇਟ ਕਲੀਨਿਕਾਂ ਅਤੇ ਹਸਪਤਾਲਾਂ ਵਿਚ ਵੀ ਵੰਡੇ ਹੋਏ ਹਨ। ਇਹਨਾਂ ਪ੍ਰਾਈਵੇਟ ਹਸਪਤਾਲਾਂ ਦੇ ਮਾਲਿਕ ਜ਼ਿਆਦਾਤਰ ਉਹੀ ਵੱਖ-ਵੱਖ ਡਾਕਟਰ ਹੁੰਦੇ ਹਨ ਜੋ ਸਰਕਾਰੀ ਹਸਪਤਾਲਾਂ ਅੰਦਰ ਨੌਕਰੀਆਂ ਕਰਦੇ ਹਨ ਅਤੇ ਨੌਕਰੀ ਦੌਰਾਨ ਹੀ ਆਪਣੀਆਂ ਕਲੀਨਿਕਾਂ

ਵੀ ਚਲਾਉਂਦੇ ਹਨ। ਇਹਨਾਂ ਡਾਕਟਰਾਂ ਦਾ ਪਹਿਲਾ ਫਰਜ਼ ਇਹ ਹੁੰਦਾ ਹੈ ਕਿ ਸਰਕਾਰੀ ਹਸਪਤਾਲ ਅੰਦਰ ਪਹੁੰਚੇ ਹਰ ਮਰੀਜ਼ ਦਾ ਸਮੇਂ-ਸਿਰ ਅਤੇ ਸਹੀ ਢੰਗ ਨਾਲ ਇਲਾਜ ਕਰਨ ਅਤੇ ਜਿੱਥੋਂ ਤੱਕ ਹੋ ਸਕੇ ਉਹਨਾਂ ਦੀ ਬਿਮਾਰੀ ਦੇ ਅਨੁਸਾਰ ਉਹਨਾਂ ਦੀ ਰਹਿਨੁਮਾਈ ਇਕ ਆਦਰਸ਼ਕ ਸੰਸਥਾ ਵਜੋਂ ਕਰਨ। ਪਰੰਤੂ ਅੱਜ ਦੇ ਪੂੰਜੀਵਾਦੀ ਸਮਾਜ ਅੰਦਰ ਹਸਪਤਾਲ ਦੀ ਇਹ ਸੰਸਥਾ ਵੀ ਭ੍ਰਿਸ਼ਟ ਹੋਣੋ ਬੱਚ ਨਹੀਂ ਸਕੀ। ਰੱਬੀ ਰੂਪ ਸਮਝੇ ਜਾਣ ਵਾਲੇ ਡਾਕਟਰ ਜ਼ਿੰਦਗੀ ਦੇਣ ਤੱਕ ਹੀ ਸੀਮਿਤ ਨਹੀਂ ਰਹੇ ਬਲਕਿ ਮੌਤ ਰੂਪੀ ਜਲਾਦ ਦਾ ਰੂਪ ਵੀ ਧਾਰਨ ਕਰ ਚੁੱਕੇ ਹਨ। ਉੱਚੀਆਂ ਤਨਖਾਹਾਂ ਅਤੇ ਫ਼ੀਸਾਂ ਲੈਣ ਦੇ ਬਾਵਜੂਦ ਇਹ ਕਈ ਢੰਗਾਂ ਨਾਲ ਮਰੀਜ਼ਾਂ ਤੋਂ ਪੈਸੇ ਬਟੋਰਦੇ ਹਨ। ਹਸਪਤਾਲਾਂ ਅੰਦਰ ਦਾਖ਼ਲ ਹੋਣ ਤੋਂ ਲੈ ਕੇ ਬਾਹਰ ਨਿਕਲਣ ਤੱਕ ਹਰ ਮੋੜ ਉੱਪਰ ਅਧਿਕਾਰੀਆਂ ਦੀਆਂ ਮੁੱਠੀਆਂ ਗਰਮ ਕਰਨੀਆਂ ਪੈਂਦੀਆਂ ਹਨ। ਕਈ ਵਾਰ ਤਾਂ ਡਾਕਟਰ ਮਰੀਜ਼ ਨੂੰ ਉਦੋਂ ਤੱਕ ਦੇਖਣ ਨਹੀਂ ਆਉਂਦੇ ਜਦੋਂ ਤੱਕ ਨੋਟਾਂ ਦੀਆਂ ਥੱਦੀਆਂ ਉਹਨਾਂ ਤੱਕ ਪਹੁੰਚ ਨਹੀਂ ਜਾਂਦੀਆਂ। ਇਹ ਹੀ ਨਹੀਂ ਲੜਾਈ-ਝਗੜੇ ਅੰਦਰ ਹੋਈ ਕੁੱਟ-ਮਾਰ ਅੰਦਰ ਵੀ ਡਾਕਟਰ ਹਾਵੀ ਧਿਰ ਦਾ ਹੀ ਸਾਥ ਦਿੰਦੇ ਹਨ, ਭਾਵੇਂ ਉਹ ਕਸੂਰਵਾਰ ਹੀ ਹੋਣ। ਇਥੇ ਫ਼ਿਰ ਗਰੀਬ ਆਮ-ਇਨਸਾਨ ਪ੍ਰਸਥਿਤੀਆਂ ਅੱਗੇ ਝੁੱਕਣ ਲਈ ਮਜ਼ਬੂਰ ਹੋ ਜਾਂਦਾ ਹੈ ਕਿਉਂਕਿ ਅਗਰ ਉਹ ਅਵਾਜ਼ ਬੁਲੰਦ ਕਰੇਗਾ ਤਾਂ ਡਾਕਟਰਾਂ ਦੇ ਮਿਲਦੇ ~~ਮਿਲਦੇ~~ ਇਲਾਜ਼ ਤੋਂ ਮਹਿਰੂਮ ਹੋ ਜਾਵੇਗਾ। ਇਸ ਤੋਂ ਇਲਾਵਾ ਡਾਕਟਰ ਆਪਣੇ ਪੇਸ਼ੇ ਨਾਲ ਗ਼ੱਦਾਰੀ ਕਰਦੇ ਹੋਏ ਮਰੀਜ਼ਾਂ ਦੇ ਇਲਾਜ਼ ਸਮੇਂ ਉਹਨਾਂ ਦੇ ਸਰੀਰ ਅੰਦਰੋਂ ਜ਼ਰੂਰੀ ਅੰਗਾਂ ਨੂੰ ਵੀ ਚੋਰੀ ਕਰਕੇ ਵੇਚ ਦਿੰਦੇ ਹਨ ਜਿਸਦੇ ਨਤੀਜੇ ਵਜੋਂ ਕਈ ਘਰ ਬੇਘਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਸਰਕਾਰੀ ਅਦਾਰਿਆਂ ਲਈ ਚਾਹੀਦੀਆਂ ਮੈਡੀਕਲ ਰਿਪੋਰਟਾਂ ਨੂੰ ਵੀ ਰਿਸ਼ਵਤ ਦੀ ਪਾਨ ਚੜ੍ਹਾ ਕੇ ਝੂਠੀਆਂ ਨੂੰ ਸੱਚੀਆਂ ਅਤੇ ਸੱਚੀਆਂ ਨੂੰ ਝੂਠੀਆਂ ਵਿਚ ਬਦਲਿਆ ਜਾਂਦਾ ਹੈ। ਸਮਾਜ ਦੀਆਂ ਇਹ ਸੰਸਥਾਵਾਂ ਜਿੱਥੇ ਆਪਣਾ ਰੂਪ ਬਦਲ ਰਹੀਆਂ ਹਨ ਉਥੇ ਸਮਾਜਿਕ ਹੋਂਦ ਵੀ ਬਦਲ ਰਹੀਆਂ ਹਨ।

ਪੁਲਿਸ ਅਤੇ ਹਸਪਤਾਲਾਂ ਤੋਂ ਬਿਨਾਂ ਰਾਜਨੀਤਿਕ ਦਲ ਵੀ ਸਮਾਜ ਅੰਦਰ ਇਕ ਸੰਸਥਾ ਵਜੋਂ ਅਹਿਮ ਭੂਮਿਕਾ ਨਿਭਾਉਂਦੇ ਹਨ। ਰਾਜਨੀਤਿਕ ਦਲ ਜਨਤਾ ਦੁਆਰਾ ਚੁਣੇ ਗਏ ਪ੍ਰਤਿਨਿਧੀਆਂ ਦਾ ਸਮੂਹ ਹੁੰਦਾ ਹੈ। ਇਹ ਦਲ ਜਨਤਾ ਦੀ ਆਵਾਜ਼ ਨੂੰ ਸਰਕਾਰ ਤੱਕ ਪਹੁੰਚਾਉਂਦਾ ਹੈ। ਇਹਨਾਂ ਚੁਣੇ ਗਏ

ਪ੍ਰਤਿਨਿਧੀਆਂ ਦੁਆਰਾ ਸਰਕਾਰ ਬਣਾਈ ਜਾਂਦੀ ਹੈ ਅਤੇ ਲੋਕਾਂ ਨੂੰ ਦਿੱਤੇ ਵਚਨਾਂ ਅਨੁਸਾਰ ਸਰਕਾਰੀ ਨੀਤੀ ਪਾਸ ਹੁੰਦੀ ਹੈ। ਇਹਨਾਂ ਪ੍ਰਤਿਨਿਧੀਆਂ ਵਿਚ ਲੋਕ ਰਾਏ ਦਾ ਟਕਰਾਅ ਵੀ ਹੁੰਦਾ ਹੈ। ਜਦੋਂ ਤੱਕ ਇਹ ਰਾਏ ਲੋਕ-ਹਿੱਤ ਹੋਵੇਗੀ 'ਰਾਜ' ਅੰਦਰ ਸ਼ਾਂਤੀ ਰਹੇਗੀ ਪਰੰਤੂ ਟਕਰਾਅ ਜੇਕਰ ਹਿੰਸਾਤਮਿਕ ਤਰੀਕਿਆਂ ਰਾਹੀਂ ਹੋਵੇਗਾ ਤਾਂ ਲੋਕਰਾਜੀ 'ਰਾਜ' ਸਫ਼ਲ ਨਹੀਂ ਹੋ ਸਕੇਗਾ। ਪੂੰਜੀਵਾਦੀ ਦੌਰ ਅੰਦਰ ਰਾਜਨੀਤਿਕ ਦਲ ਬੇਸ਼ੱਕ ਜਨਤਾ ਵਜੋਂ ਹੋਂਦ ਵਿਚ ਆਉਂਦੇ ਹਨ ਪਰ ਅੱਜ ਇਹ ਦਲ ਲੋਕਾਂ ਲਈ ਨਹੀਂ ਬਲਕਿ ਕੁਰਸੀ, ਪੈਸੇ, ਰੁਤਬੇ ਆਦਿ ਲਈ ਚੋਣਾਵੀ ਖੇਤਰ ਅੰਦਰ ਦਾਖ਼ਲ ਹੁੰਦੇ ਹਨ। ਜਿਸ ਵਿਚ ਜਨਤਾ ਦੀ ਮਜ਼ਬੂਰੀ ਇਹ ਹੈ ਕਿ ਉਸ ਕੋਲ ਪ੍ਰਤਿਨਿਧ ੀਆਂ ਨੂੰ ਚੁਣਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਦਾ। ਲੋਕਰਾਜੀ ਰਾਜ ਹੋਣ ਕਰਕੇ ਜਨਤਾ ਦੁਆਰਾ ਪ੍ਰਤਿਨਿਧ ਦਾ ਚੋਣਾਵੀ ਹੋਣਾ ਜ਼ਰੂਰੀ ਹੈ। ਪਰੰਤੂ ਇਹ ਚੁਣੇ ਗਏ ਪ੍ਰਤਿਨਿਧ ਸਿਰਫ਼ ਆਪਣੇ ਸਵਾਰਥਾਂ ਨੂੰ ਮੁੱਖ ਰੱਖ ਕੇ ਹੀ ਸਰਕਾਰ ਅੱਗੇ ਪੇਸ਼ ਹੁੰਦੇ ਹਨ। ਜਨਤਾ ਨਾਲ ਤਾਂ ਇਹ ਝੂਠੀ ਹਮਦਰਦੀ ਅਤੇ ਵਾਅਦੇ ਕਰਦੇ ਹਨ। ਅੱਜ ਦੇ ਇਹਨਾਂ ਰਾਜਨੀਤਿਕ ਦਲਾਂ ਦਾ ਜਨਤਾ ਨਾਲ ਰਿਸ਼ਤਾ ਸਿਰਫ਼ ਵੋਟਾਂ ਵਾਲਾ ਹੀ ਰਹਿ ਗਿਆ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਜਿਸ ਨਿਜ਼ਾਮ ਅੰਦਰ ਝੂਠੇ ਅਤੇ ਮੱਕਾਰ ਪਹਿਰੇਦਾਰ ਹੋਣਾ ਉਸ ਨਿਜ਼ਾਮ ਅੰਦਰ ਲੋਕਾਂ ਨੂੰ ਇਨਸਾਫ਼ ਦੀ ਕੀ ਆਸ ਹੋ ਸਕਦੀ ਹੈ। ਅੱਜ ਇਹਨਾਂ ਸਿਆਸੀ ਧਿਰਾਂ ਅੰਦਰ ਰੋਜ਼ ਇਕ ਦੂਸਰੇ ਉੱਪਰ ਤੋਹਮਤਾਂ ਲਗਾਈਆਂ ਜਾਂਦੀਆਂ ਹਨ। ਇਕ ਦੂਜੇ ਦੇ ਖਿਲਾਫ ਖੇਲ੍ਹੀ ਜਾਂਦੀ ਪੈਂਤੜੇਬਾਜ਼ੀ ਆਮ ਜਨਤਾ ਦੀ ਉਮੀਦ ਵਿਸ਼ਵਾਸ ਅਤੇ ਮਾਹੌਲ ਨੂੰ ਡੱਗ-ਮਗਾ ਰਹੀ ਹੈ। ਅੱਜ ਜਨਤਾ ਨੂੰ ਆਪਣੇ ਇਹਨਾਂ ਪ੍ਰਤਿਨਿਧਤੀਆਂ ਉਪਰ ਬਿਲਕੁਲ ਵੀ ਵਿਸ਼ਵਾਸ ਨਹੀਂ ਰਿਹਾ। ਇਹਨਾਂ ਦਾ ਮਾਹੌਲ ਇਕ ਗ਼ੈਰ ਯਕੀਨੀ ਵਾਲਾ ਬਣਦਾ ਜਾ ਰਿਹਾ ਹੈ। ਪੂੰਜੀਵਾਦੀ ਸੋਚ ਕਾਰਨ ਇਹਨਾਂ ਰਾਜਨੀਤਕ ਦਲਾਂ ਦੀ ਸਰਕਾਰ ਅੰਦਰਲੀ ਖਿੱਚੋਤਾਣ ਕਾਰਨ ਬੇਭਰੋਸਗੀ ਦੇ ਵਾਤਾਵਰਣ ਨੂੰ ਵਧਾਵਾ ਦੇ ਰਹੀ ਹੈ। ਅੱਜ ਦੀਆਂ ਪਾਰਟੀਆਂ ਆਪਣੀ ਚੜ੍ਹਤ ਅਤੇ ਸੱਤਾ ਬਣਾਈ ਰੱਖਣ ਲਈ ਜਨਤਾ ਵਲੋਂ ਬੇਮੁੱਖ ਹੋ ਕੇ ਸਿਰਫ਼ ਤੇ ਸਿਰਫ਼ ਪੂੰਜੀ ਦੀ ਹੋੜ ਵਿਚ ਲੱਗੀਆਂ ਹਨ। ਇਹ ਪੂੰਜੀ ਸਿਰਫ਼ ਆਪਣੇ ਦੇਸ਼ ਤੱਕ ਹੀ ਸੀਮਿਤ ਨਹੀਂ ਰਹਿੰਦੀ ਬਲਕਿ ਵੱਖ-ਵੱਖ ਦੇਸ਼ਾਂ ਤੱਕ ਪਹੁੰਚ ਜਾਂਦੀ ਹੈ। ਰਾਜਨੀਤਿਕ ਨੇਤਾ ਆਪਸ ਵਿਚ ਰਾਜਸੀ ਲੜਾਈ ਦੇ ਨਾਲ-ਨਾਲ ਕਾਨੂੰਨੀ ਲੜਾਈ ਵੀ ਲੜਦੇ ਹਨ। ਇਹ ਰਾਜਨੀਤਿਕ ਪਾਰਟੀਆਂ ਇਕ ਦੂਜੇ

ਨੂੰ ਨੀਵਾਂ ਦਿਖਾਉਣ ਖ਼ਾਤਿਰ ਕਈ ਪ੍ਰਕਾਰ ਦੇ ਦੰਗੇ-ਫ਼ਸਾਦ ਕਰਵਾਉਂਦੀਆਂ ਹਨ ਅਤੇ ਫ਼ਿਰ ਜਨਤਾ ਵਿਚ ਆਪਣੀ ਪਾਰਟੀ ਨੂੰ ਉੱਚਾ ਚੁੱਕਣ ਲਈ ਹਮਦਰਦੀ ਵੀ ਪ੍ਰਗਟ ਕਰਦੀਆਂ ਹਨ। ਇਹ ਸਿਆਸੀ ਧਿਰਾਂ ਉਹ ਹਨ ਜੋ ਜਖ਼ਮ ਵੀ ਦਿੰਦੀਆਂ ਹਨ ਤੇ ਫਿਰ ਝੂਠੀ ਤਸੱਲੀ ਵਾਲੀ ਮੱਲ੍ਹਮ ਨਾਲ ਇਲਾਜ ਵੀ ਕਰਦੀਆਂ ਹਨ। ਅਸਲ ਵਿਚ 'ਰਾਜ' ਅੰਦਰ ਸਥਾਪਿਤ ਸੰਵਿਧਾਨਿਕ ਅਤੇ ਸਮਾਜਿਕ ਸੰਸਥਾਵਾਂ ਅੰਦਰ ਫੈਲੀ ਭ੍ਰਿਸ਼ਟਾਚਾਰੀ ਇਹਨਾਂ ਹੀ ਰਾਜਨੀਤਕ ਦਲਾਂ ਦੀ ਦੇਣ ਹੈ। ਇਸ ਗੱਲ੍ਹ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਸਿਆਸੀ ਤੌਰ 'ਤੇ ਉਲਝਿਆ ਤਾਣਾ-ਬਾਣਾ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ।

ਸਮਾਜ ਅੰਦਰ ਫ਼ੈਲੀਆਂ ਬਦਨੀਤੀਆਂ ਇਥੇ ਹੀ ਖ਼ਤਮ ਨਹੀਂ ਹੁੰਦੀਆਂ ਬਲਕਿ ਸਮਾਜ ਸੇਵਕ ਸੰਸਥਾਵਾਂ (ਧਾਰਮਿਕ ਤੇ ਸਮਾਜਿਕ) ਅਤੇ ਵਿਦਿਅਕ ਅਦਾਰੇ ਵੀ ਪੂੰਜੀਵਾਦੀ ਸਮਾਜ ਅੰਦਰ ਭ੍ਰਿਸ਼ਟ ਹੋ ਚੁੱਕੇ ਹਨ। ਅੱਜ ਵਿਦਿਅਕ ਸੰਸਥਾਵਾਂ ਇਕ ਆਦਰਸ਼ਕ ਸਿੱਖਿਅਕ ਕੇਂਦਰ ਵਜੋਂ ਸਥਾਪਿਤ ਨਹੀਂ ਹੋ ਰਹੀਆਂ। ਬਲਕਿ ਇਹਨਾਂ ਸੰਸਥਾਵਾਂ ਅੰਦਰ ਰਾਜਨੀਤੀ ਕਾਰਨ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿਚ ਨਜ਼ਰ ਆ ਰਿਹਾ ਹੈ। ਇਹਨਾਂ ਅਦਾਰਿਆਂ ਅੰਦਰ ਅਧਿਆਪਕਾਂ ਦੀ ਇਕ ਦੂਜੇ ਪ੍ਰਤੀ ਵੈਰ ਭਾਵਨਾ ਕਾਰਨ ਵਿਦਿਅਕ ਢਾਂਚਾ ਵਿਦਿਅਕ ਨਾ ਰਹਿ ਕੇ ਸਿਆਸੀ ਧਿਰਾਂ ਦਾ ਅਖਾੜਾ ਬਣਦਾ ਜਾ ਰਿਹਾ ਹੈ। ਰਾਜਨੀਤਕ ਨੇਤਾ ਭੋਲੇ-ਭਾਲੇ ਵਿਦਿਆਰਥੀਆਂ ਨੂੰ ਆਪਣੀਆਂ ਰਣ-ਨੀਤੀਆਂ ਦਾ ਸ਼ਿਕਾਰ ਬਣਾ ਕੇ ਗੁੰਮਰਾਹ ਕਰਦੇ ਹਨ। ਅਗਰ ਵਿਦਿਅਕ ਸੰਸਥਾਵਾਂ ਦੇਸ਼ ਦਾ ਭਵਿੱਖ ਸੰਵਾਰਨਾ ਚਾਹੁੰਦੀਆਂ ਹਨ ਤਾਂ ਉਹਨਾਂ ਨੂੰ ਆਪਣੇ ਸਿਧਾਂਤ ਅਤੇ ਅਧਿਆਪਕਾਂ ਦੀ ਸੋਚ ਵਿਚ ਤਬਦੀਲੀ ਲਿਆਉਣੀ ਪਵੇਗੀ। ਅੱਜ ਦੇ ਵਿਦਿਆਰਥੀ ਆਪਣੀ ਮੌਲਿਕ ਸਮਝ ਭੁੱਲ ਕੇ ਸਿਰਫ਼ ਵਿਖਾਵੇ ਤੇ ਬਾਹਰੀ ਗਿਆਨ ਤੱਕ ਹੀ ਸੀਮਿਤ ਰਹਿ ਗਏ ਹਨ। ਕਿਸੇ ਦੇਸ਼ ਲਈ ਚੰਗੇ ਨਾਗਰਿਕ ਤਾਂ ਹੀ ਪੈਦਾ ਕੀਤੇ ਜਾ ਸਕਦੇ ਹਨ। ਜੇਕਰ ਇਹਨਾਂ ਦੇ ਸ਼ਿਲਪਕਾਰ ਖ਼ੁਦ ਆਦਰਸ਼ਕ ਹੋਣਗੇ। ਮੌਲਿਕ ਸਿੱਖਿਆ ਹਰ ਵਿਅਕਤੀ ਦੇ ਜੀਵਨ ਵਿਕਾਸ ਲਈ ਜ਼ਰੂਰੀ ਹੈ।

ਵਿਦਿਅਕ ਅਦਾਰਿਆਂ ਤੋਂ ਬਿਨਾਂ ਸਮਾਜ ਸੇਵਕ ਲੋਕ ਵੀ ਪੈਸੇ ਅਤੇ ਨਾਮ ਖ਼ਾਤਿਰ ਸੰਸਥਾਵਾਂ ਸਥਾਪਿਤ ਕਰਦੇ ਹਨ। ਪਰੰਤੂ ਇਹ ਸੰਸਥਾਵਾਂ ਵਿਖਾਵੇ ਵਾਲੀਆਂ ਅਤੇ ਝੂਠੀ ਹਮਦਰਦੀ ਵਾਲੀਆਂ

ਸਾਬਿਤ ਹੁੰਦੀਆਂ ਹਨ। ਅਸਲ ਵਿਚ ਇਹ ਸੰਸਥਾਵਾਂ ਜਿਨ੍ਹਾਂ ਸਿਧਾਂਤਾਂ ਅਤੇ ਆਦਰਸ਼ਾਂ ਦੀ ਗੱਲ ਕਰਦੀਆਂ ਹਨ ਉਹਨਾਂ ਨੂੰ ਅਮਲ ਵਿਚ ਨਹੀਂ ਲਿਆਉਂਦੀਆਂ। ਆਪਣੇ ਮਕਸਦ ਤੋਂ ਬੇਮੁੱਖ ਹੋ ਕੇ ਚਲਦੀਆਂ ਇਹ ਸੰਸਥਾਵਾਂ ਅਸਲ ਵਿਚ ਲੋਕਾਂ ਦੇ ਜਜ਼ਬਾਤਾਂ ਨਾਲ ਖੇਲਦੀਆਂ ਹਨ ਤੇ ਜਾਂ ਫਿਰ ਇਹਨਾਂ ਦੀ ਆੜ ਵਿਚ ਆਪਣੇ ਮਕਸਦ ਪੂਰੇ ਕਰਦੀਆਂ ਹਨ। ਹਿਊਮਨ ਰਾਈਟਸ ਐਸੋਸ਼ੀਏਸ਼ਨ, ਵੂਮਨ ਰਾਈਟਸ ਐਸੋਸ਼ੀਏਸ਼ਨਾਂ ਬਣੀਆਂ ਤਾਂ ਹਨ ਪਰ ਜਿੱਥੇ ਕਿਤੇ ਆਮ ਆਦਮੀ ਦੇ ਹੱਕਾਂ ਦੀ ਗੱਲ ਆਉਂਦੀ ਹੈ ਤਾਂ ਉਥੇ ਇਹ ਸੰਸਥਾਵਾਂ ਵੀ ਹੱਥ ਖੜ੍ਹੇ ਕਰ ਦਿੰਦੀਆਂ ਹਨ। ਇਸ ਦਾ ਭਾਵ ਇਹੀ ਹੈ ਕਿ ਪੈਸੇ ਅਤੇ ਤਾਕਤ ਨਾਲ ਹਰ ਚੀਜ਼ ਨੂੰ ਖਰੀਦਿਆ ਜਾ ਸਕਦਾ ਹੈ। ਇਸ ਕਰਕੇ ਇਹ ਸੰਸਥਾਵਾਂ ਵੀ ਉਹਨਾਂ ਅੱਗੇ ਹੀ ਝੁਕਦੀਆਂ ਹਨ ਜਿਨ੍ਹਾਂ ਦੀਆਂ ਜੇਬਾਂ ਨੋਟਾਂ ਨਾਲ ਭਰੀਆਂ ਹਨ। ਇਸ ਤੋਂ ਬਿਨਾਂ ਧਾਰਮਿਕ ਸੰਸਥਾਵਾਂ ਦੇ ਆਗੂ ਵੀ ਧਰਮ ਦੇ ਨਾਂ ਉਪਰ ਲੋਕਾਂ ਨੂੰ ਭਾਵੁਕ ਕਰਕੇ ਆਪਣੇ ਮਕਸਦ ਪੂਰੇ ਕਰਦੇ ਹਨ। ਲੋਕਾਂ ਨੂੰ ਤਾਂ ਇਹ ਧਾਰਮਿਕ ਉਪਦੇਸ਼ ਦਿੰਦੇ ਹਨ ਪਰੰਤੂ ਖ਼ੁਦ ਧਰਮ ਤੋਂ ਕੋਹਾਂ ਦੂਰ ਹਨ। ਅਸਲ ਵਿਚ ਇਹ ਧਾਰਿਮਕ ਨੇਤਾ ਧਰਮ ਦੀ ਪਰਿਭਾਸ਼ਾ ਤੋਂ ਹੀ ਅਨਜਾਣ ਹਨ। ਜਿਸ ਪ੍ਰਕਾਰ ਅੱਜ ਦੇ ਰਾਜਨੀਤਕ ਨੇਤਾਵਾਂ ਨੂੰ ਦੇਸ਼ ਦੇ ਇਤਿਹਾਸ, ਭੂਗੋਲ, ਜਨ-ਸੰਖਿਆ ਆਦਿ ਬਾਰੇ ਜਾਣਕਾਰੀ ਨਹੀਂ ਹੁੰਦੀ ਪਰ ਫ਼ਿਰ ਵੀ ਉਹ ਆਪਣੇ ਆਪ ਨੂੰ ਰਾਜਸੀ ਆਗੂ ਕਹਿੰਦੇ ਹਨ, ਉਸੀ ਪ੍ਰਕਾਰ ਇਹ ਧਾਰਮਿਕ ਨੇਤਾ ਵੀ ਰੱਬ ਤੋਂ ਦੂਰ ਆਪਣੇ ਆਪ ਨੂੰ ਰੱਬੀ ਨੁਮਾਇੰਦੇ ਕਹਿੰਦੇ ਹਨ। ਇਸੀ ਕਰਕੇ ਅੱਜ ਸਾਡੇ ਦੇਸ਼ ਅੰਦਰ ਭ੍ਰਿਸ਼ਟ ਹੋ ਚੁੱਕਿਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਇਸ ਤੋਂ ਬਿਨ੍ਹਾਂ ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਵਾਲੇ ਮੀਡੀਏ ਦੇ ਕੁਝ ਪੱਖ ਵੀ ਧੁੰਦਲੇ ਹੋ ਚੁੱਕੇ ਹਨ। ਇਹ ਧੁੰਦਲਾਹਟ ਵੀ ਇਹਨਾਂ ਰਾਜਨੀਤਿਕ ਪਾਰਟੀਆਂ ਅਤੇ ਵੱਡੇ-ਵੱਡੇ ਪੂੰਜੀਪਤਾਂ ਦੁਆਰਾ ਪੈਦਾ ਕੀਤੀ ਜਾਂਦੀ ਹੈ। ਮੀਡੀਏ ਦੇ ਲੋਕ ਵੀ ਕਈ ਵਾਰੀ ਵੱਡੀਆਂ ਤਾਕਤਾਂ ਹੱਥੋਂ ਅਤੇ ਕਈ ਵਾਰੀ ਆਪਣੀਆਂ ਜ਼ਰੂਰਤਾਂ ਹੱਥੋਂ ਮਜ਼ਬੂਰ ਆਪਣੇ ਉਦੇਸ਼ਾਂ ਤੋਂ ਡਿੱਗਦੇ ਨਜ਼ਰ ਆਉਂਦੇ ਹਨ। ਕਈ ਵਾਰੀ ਇਹ ਲੋਕ ਆਪਣੀਆਂ ਲਿਖਤਾਂ ਵਿਚ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਸਾਬਿਤ ਕਰਨ ਦੇ ਨਾਲ-ਨਾਲ ਝੂਠੀਆਂ ਖ਼ਬਰਾਂ ਵੀ ਲਗਾ ਦਿੰਦੇ ਹਨ। ਕਿਸੀ ਵੀ ਖਾਸ ਖ਼ਬਰ ਨੂੰ ਵਧਾ-ਚੜ੍ਹਾ ਕੇ ਲਿਖਣਾ ਇਹਨਾਂ ਦੀ ਫ਼ਿਤਰਤ ਬਣਦਾ ਜਾ

ਰਿਹਾ ਹੈ। ਨਿਰਪੱਖ ਹੋ ਕੇ ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਦੀ ਬਜਾਇ ਅੱਜ ਇਹ ਲੋਕ ਰਾਜਨੀਤਕ ਗੁੱਟਾਂ ਵਿਚ ਵੰਡੇ ਜਾ ਚੁੱਕੇ ਹਨ।

ਪਰ ਅਸਲ ਗੱਲ ਇਨ੍ਹਾਂ ਸਮਾਜ ਸੇਵਕ ਸੰਸਥਾਵਾਂ ਦੇ ਭ੍ਰਿਸ਼ਟ ਹੋਣ ਦੀ ਨਹੀਂ, ਸਗੋਂ ਇਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਭ੍ਰਿਸ਼ਟ ਕਰਨ ਵਾਲੇ ਰਾਜਨੀਤਿਕ ਅਤੇ ਪੂੰਜੀਪਤੀਆਂ ਦੀ ਤਿਕੜਮਬਾਜ਼ੀ ਦੀ ਹੈ। ਸਰਕਾਰੀ ਅਤੇ ਸਮਾਜਿਕ ਸੰਸਥਾਵਾਂ ਅੰਦਰ ਦਖ਼ਲ ਦੇਣਾ ਇਹ ਆਪਣਾ ਮੁੱਢਲਾ ਫ਼ਰਜ਼ ਸਮਝਦੀਆਂ ਹਨ। ਪੂੰਜੀਵਾਦੀ ਸਮਾਜ ਦੀਆਂ ਇਹ ਸਿਆਸੀ ਪਾਰਟੀਆਂ ਹਰ ਸਮੇਂ ਆਮ ਲੋਕਾਂ ਉੱਪਰ ਭਾਰੂ ਹੁੰਦੀਆਂ ਹਨ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਕਿ ਅੱਜ ਦਾ ਜੀਵਨ ਉਹਨਾਂ ਲੋਕਾਂ ਦਾ ਹੀ ਹੈ ਜਿਨ੍ਹਾਂ ਕੋਲ ਪੂੰਜੀ ਅਤੇ ਸਿਆਸੀ ਤਾਕਤ ਹੈ। ਸਮਾਜ ਦੀਆਂ ਇਹਨਾਂ ਦਰਪੇਸ਼ ਸਮੱਸਿਆਵਾਂ ਨੂੰ ਹਰ ਇਨਸਾਨ ਦੇ ਜਾਗਰੂਕ ਹੋਣ ਵਜੋਂ ਹੀ ਖ਼ਤਮ ਕੀਤਾ ਜਾ ਸਕਦਾ ਹੈ। ਪੂੰਜੀਵਾਦੀ ਲੋਕਰਾਜੀ 'ਰਾਜ' ਨੂੰ ਸੁਧਾਰਨ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਨੌਜਵਾਨਾਂ ਨੂੰ ਇਕ-ਜੁੱਟ ਹੋ ਕੇ ਇਸ ਗੰਧਲੇ ਅਤੇ ਭ੍ਰਿਸ਼ਟ ਨਿਜ਼ਾਮ ਨੂੰ ਬਦਲਣ ਲਈ ਹੰਭਲਾ ਮਾਰਨ ਦੀ ਜ਼ਰੂਰਤ ਹੈ। ਯੁਵਾ ਪੀੜੀ ਦੇ ਲੋਕ ਅਗਰ ਇਹ ਨਿਸ਼ਚਾ ਕਰ ਲੈਣ ਕਿ ਉਹਨਾਂ ਨਾ ਰਿਸ਼ਵਤ ਦੇਣੀ ਹੈ ਅਤੇ ਨਾ ਹੀ ਲੈਣੀ ਹੈ ਤਾਂ ਸ਼ਾਂਇਦ ਸਾਡੇ ਸਮਾਜ ਦੀਆਂ ਸੰਸਥਾਵਾਂ ਹੌਲੀ-ਹੌਲੀ ਆਪਣਾ ਰੂਪ ਬਦਲ ਲੈਣ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਪ੍ਰਤਿਨਿਧ ਉਹੀ ਚੁਣਨ ਜਿਨ੍ਹਾਂ ਦਾ ਜੀਵਨ ਸੱਚ ਅਤੇ ਇਮਾਨ ਉੱਪਰ ਚਲਦਾ ਹੋਵੇ। ਖਪਤ ਸੱਭਿਆਚਾਰ ਨੇ ਅੱਜ ਦੇ ਹਰ ਇਨਸਾਨ ਦਾ ਜੀਵਨ ਬੇਈਮਾਨੀ ਵਾਲਾ ਬਣਾ ਦਿੱਤਾ ਹੈ। ਇੱਥੇ ਹਰ ਇਨਸਾਨ ਪੂੰਜੀ ਦੀ ਹੋੜ ਅੰਦਰ ਆਪਣੇ-ਆਪ ਤੋਂ ਬੇਮੁੱਖ, ਜ਼ਿੰਦਗੀ ਦੇ ਅਸਲੀ ਰੰਗਾਂ ਤੋਂ ਦੂਰ ਜ਼ਿੰਦਗੀ ਬਤੀਤ ਕਰ ਰਿਹਾ ਹੈ। ਪੂੰਜੀਵਾਦੀ ਸਮਾਜ ਅੰਦਰ ਨਕਲੀ ਜ਼ਿੰਦਗੀ ਜੀਅ ਰਿਹਾ ਇਨਸਾਨ ਏਨਾ ਭ੍ਰਿਸ਼ਟ ਹੋ ਚੁੱਕਿਆ ਹੈ ਕਿ ਖ਼ੂਨ ਦੇ ਰਿਸ਼ਤੇ ਵੀ ਪਾਣੀ ਬਣ ਗਏ ਨਜ਼ਰ ਆਉਂਦੇ ਹਨ। ਲੋਕਾਂ ਅੰਦਰ ਭਾਈਚਾਰੇ ਦੀ ਭਾਵਨਾ ਖ਼ਤਮ ਹੋ ਚੁੱਕੀ ਹੈ ਅਤੇ ਉਹ ਪਦਾਰਥਵਾਦੀ ਬਣ ਚੁੱਕੇ ਹਨ। ਜਦੋਂ ਕਿ ਸਮਾਜ ਦੇ ਹਰ ਨਾਗਰਿਕ ਦਾ ਫ਼ਰਜ਼ ਇਹ ਬਣਦਾ ਹੈ ਕਿ ਉਹ ਜਿਸ ਸਮਾਜ ਅੰਦਰ ਰਹਿ ਰਿਹਾ ਹੋਵੇ, ਉਥੋਂ ਦੇ ਸੱਭਿਆਚਾਰ ਅਤੇ ਲੋਕਾਂ ਨਾਲ ਮਿਲ ਕੇ ਆਪਣੇ ਸਮਾਜ ਨੂੰ ਗਤੀਸ਼ੀਲਤਾ ਪ੍ਰਦਾਨ ਕਰੇ। ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹਨਾਂ ਭ੍ਰਿਸ਼ਟ ਹੋ ਚੁੱਕੀਆਂ ਸੰਸਥਾਵਾਂ ਬਾਰੇ ਜਾਣਕਾਰੀ ਦੇਣ ਲਈ

ਸਮੇਂ-ਸਮੇਂ ਜ਼ਰੂਰੀ ਕੈਂਪ, ਸੈਮੀਨਾਰ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੌਰਾਨ ਸਿੱਖਿਅਤ ਕਰਨਾ ਬਹੁਤ ਜ਼ਰੂਰੀ ਹੈ। ਨੌਜਵਾਨ ਨਵਾਂ ਭਾਰਤ ਸਿਰਜਣ ਲਈ ਉਨ੍ਹਾਂ ਚੁਣੌਤੀਆਂ ਅੱਗੇ ਦੀਵਾਰ ਬਣ ਕੇ ਖੜ੍ਹਨ ਜਿਨ੍ਹਾਂ ਦੀ ਬਦੌਲਤ ਸਮਾਜ ਦਾ ਹਰ ਵਰਗ ਭ੍ਰਿਸ਼ਟ ਹੋ ਚੁੱਕਿਆ ਹੈ। ਅਗਰ ਅੱਜ ਵੀ ਨੌਜਵਾਨ ਲਾਮਬੰਦ ਨਾ ਹੋਏ ਤਾਂ ਨਤੀਜੇ ਭਿਆਨਕ ਹੋਣਗੇ।

# ਹਵਾਲੇ ਅਤੇ ਟਿੱਪਣੀਆਂ


1. ਅਮਰ ਸਿੰਘ ਭਾਟੀਆ (ਪ੍ਰੋ.) ਅਤੇ ਹੋਰ, **ਰਾਜਨੀਤੀ ਵਿਗਿਆਨ ਦੇ ਸਿਧਾਂਤ**, ਪੰ. 3
2. **ਉਹੀ**, ਪੰ. 477
3. **ਉਹੀ**, ਪੰ. 303
4. **ਉਹੀ**, ਪੰ. 62
5. **ਉਹੀ**, ਪੰ. 62
6. ਰਾਮ ਚੰਦਰ ਅਗਰਵਾਲ, **ਨਾਗਰਿਕ ਸ਼ਾਸਤਰ ਦੇ ਸਿਧਾਂਤ ਅਤੇ ਭਾਰਤੀ ਸੰਵਿਧਾਨ ਤੇ ਰਾਜ ਪ੍ਰਬੰਧ**, ਪੰ. 128
7. ਅਮਰ ਸਿੰਘ ਭਾਟੀਆ (ਪ੍ਰੋ.), **ਉਹੀ**, ਪੰ. 415
8. ਰਤਨ ਸਿੰਘ ਜੱਗੀ (ਡਾ.) ਤੇ ਹੋਰ (ਸੰਪਾ.), **ਰਾਜਨੀਤੀ ਵਿਗਿਆਨ ਅਤੇ ਸੰਗਠਨ ਦੇ ਮੂਲ ਸਿਧਾਂਤ**, ਪੰ. 285
9. ਰਾਧਾ ਗੋਵਿੰਦ ਚਖਟੋਪਾਧਿਆਇ, "ਬੁਰਜ਼ੂਆ ਸਮਾਜ ਅਤੇ ਸੰਸਕ੍ਰਿਤੀ ਤੱਤਾਂ ਦਾ ਅਧਿਐਨ", ਅਨੁ. ਪ੍ਰਮੋਦ ਬੇੜੀਆ, **ਪਹਿਲ 74**, ਪੰ. 50
10. **ਉਹੀ**, ਪੰ. 44
11. **ਉਹੀ**, ਪੰ 38
12. ਵ.ਇ. ਲੈਨਿਨ, **ਚੋਣਵੀਆਂ ਕਿਰਤਾਂ ਬਾਰਾਂ ਸੰਚੀਆਂ ਵਿਚ ਪੰਜਾਬੀ ਅਨੁਵਾਦ**, ਪੰ. 25

ਅਧਿਆਇ ਦੂਜਾ

*

*

*

*

# 'ਕੌਰਵ ਸਭਾ' ਨਾਵਲ ਵਿਚ ਪੇਸ਼ ਹੋਈਆਂ ਉਪ-ਵਿਵਸਥਾਵਾਂ ਦਾ ਸੰਕਲਪ, ਸਰੂਪ ਤੇ ਲੱਛਣ

# 'ਕੌਰਵ ਸਭਾ' ਨਾਵਲ ਵਿਚ ਪੇਸ਼ ਹੋਈਆਂ ਉਪ-ਵਿਵਸਥਾਵਾਂ ਦਾ ਸੰਕਲਪ, ਸਰੂਪ ਤੇ ਲੱਛਣ

ਨਾਵਲ 'ਕੌਰਵ ਸਭਾ' ਦਾ ਬਿਰਤਾਂਤ ਪਰਿਵਾਰਿਕ ਰਿਸ਼ਤਿਆਂ ਤੋਂ ਸ਼ੁਰੂ ਹੋ ਕੇ ਸਰਕਾਰੀ ਤੇ ਗ਼ੈਰ-ਸਰਕਾਰੀ ਵਿਵਸਥਾਵਾਂ ਦੀ ਸਨਸਨੀਖੇਜ ਸਥਿਤੀ ਦਾ ਚਿਤਰਨ ਕਰਦਾ ਹੈ। 'ਕੌਰਵ ਸਭਾ' ਅੱਜ ਦੀ ਸਥਿਤੀ ਦੇ ਅਮਾਨਵੀ ਕਿਰਦਾਰ ਦਾ ਸਰਵਪੱਖੀ ਰੂਪਕ ਵੀ ਹੈ ਅਤੇ ਪੂੰਜੀਵਾਦੀ ਵਰਗ ਦਾ ਪੱਖ ਪੂਰਦੀ ਨਿਆਂਪਾਲਿਕਾ ਦਾ ਦ੍ਰਿਸ਼ਟਾਂਤ ਵੀ ਪੇਸ਼ ਕਰਦਾ ਹੈ। ਇਸ ਵਿਚ ਉਸ ਨੇ ਭ੍ਰਿਸ਼ਟ ਸੰਸਥਾਗਤ ਸਮਾਜਿਕ ਵਿਵਸਥਾ ਦਾ ਜੋ ਚਿੱਤਰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ, ਸ਼ਾਇਦ ਇਹ ਪੰਜਾਬੀ ਨਾਵਲ ਵਿਚ ਇਕ ਨਿਵੇਕਲਾ ਤੇ ਵਿਲੱਖਣ ਵਰਤਾਰਾ ਕਿਹਾ ਜਾ ਸਕਦਾ ਹੈ। ਨਾਵਲਕਾਰ ਦਾ ਇਹਨਾਂ ਵਾਸਤਵਿਕ ਪਰਿਸਥਿਤੀਆਂ ਨੂੰ ਗਲਪ ਪ੍ਰਬੰਧ 'ਚ ਡੋਲਣਾ ਹਰ ਪਲ ਇਕ ਨਵੇਂ ਅਨੁਭਵ ਅਤੇ ਵਿਚਾਰ ਅਧੀਨ ਗ੍ਰਹਿਣ ਕਰਨ ਦੀ ਆਤਮ-ਦ੍ਰਿਸ਼ਟੀ ਵਿਚ ਨਿਹਿਤ ਪ੍ਰਤੀਤ ਹੁੰਦਾ ਹੈ। ਵਾਸਤਵ ਵਿਚ ਮੀਤ ਦਾ ਇਕ ਸੁਚੇਤ ਵਕੀਲ ਹੋਣ ਦੇ ਨਾਤੇ ਇਹਨਾਂ ਭ੍ਰਿਸ਼ਟ ਸੰਸਥਾਗਤ ਵਿਵਸਥਾਵਾਂ ਵਿਚੋਂ ਗੁਜ਼ਰਨਾ ਹੀ ਇਸ ਨਾਵਲ ਦੇ ਹੋਂਦ ਵਿਚ ਆਉਣ ਦੀ ਪ੍ਰਕ੍ਰਿਆ ਹੈ। ਮੀਤ ਤੋਂ ਪਹਿਲਾਂ ਪੰਜਾਬੀ ਨਾਵਲ ਸਾਹਿਤ ਵਿਚ ਕਿਸੇ ਪ੍ਰੀਤ-ਕਥਾ ਜਾਂ ਕਥਾਨਕ ਨੂੰ ਦੋ ਵਿਰੋਧੀ ਧਿਰਾਂ ਵਿਚ ਵੰਡ ਕੇ ਨਾਇਕ ਧਿਰ ਉਪਰ ਬਹੁਤਾ ਧਿਆਨ ਕੇਂਦ੍ਰਿਤ ਕਰਨ ਦੀ ਰੁਚੀ ਪ੍ਰਚੱਲਿਤ ਸੀ। ਪਰ ਮੀਤ ਨੇ ਆਪਣੇ ਨਾਵਲ ਵਿਚ ਜਿੱਥੇ ਇਹਨਾਂ ਜਾਣੀਆਂ ਪਛਾਣੀਆਂ ਰੂੜ੍ਹੀਆਂ ਦਾ ਤਿਆਗ ਕੀਤਾ, ਉਥੇ ਨਾਲ ਹੀ ਪੰਜਾਬੀ ਨਾਵਲ ਵਿਚ ਨਵੇਂ ਦਿਸਹੱਦੇ ਉਜਾਗਰ ਕੀਤੇ ਹਨ। ਉਸ ਨੇ ਆਪਣੇ ਇਸ ਨਾਵਲ ਵਿਚ ਕਿਸੇ ਵੀ ਪਾਤਰ ਨੂੰ ਉਸਦੇ ਵਿਅਕਤੀਗਤ ਰੂਪ ਵਿਚ ਘੱਟ ਹੀ ਉਘਾੜਿਆ ਹੈ, ਸਗੋਂ ਇਕ ਵਿਸਵਥਾ ਨੂੰ ਕੇਂਦਰ ਵਿਚ ਰੱਖ ਕੇ ਵਧੇਰੇ ਪੇਸ਼ ਕੀਤਾ ਹੈ। ਨਾਵਲਕਾਰ ਮੌਜੂਦ ਵਿਵਸਥਾ ਦੀ ਇਸ ਸਮੱਸਿਆ ਨੂੰ ਆਪਣੀ ਆਲੋਚਨਾਤਮਕ ਯਥਾਰਥਕ ਗਲਪ ਵਿਧੀ ਰਾਹੀਂ ਰੂਪਮਾਨ ਕਰਦਾ ਹੈ। ਉਸ ਨੇ ਇਸ ਮੌਜੂਦਾ ਸਮਾਜਿਕ ਵਿਵਸਥਾ ਉੱਪਰ ਕਲਾਤਮਕ ਵਿਅੰਗਾਤਮਕ ਦ੍ਰਿਸ਼ਟੀ ਤੋਂ ਦ੍ਰਿਸ਼ਟੀਪਾਤ ਕਰਕੇ ਉਸ ਵਿਚ ਸੰਦੇਹ ਪ੍ਰਗਟ

ਕੀਤਾ ਹੈ। ਕਿਉਂਕਿ ਨਾਵਲਕਾਰ ਦਾ ਮੁੱਖ ਉਦੇਸ਼ ਵਰਤਮਾਨ ਸਮਾਜ ਅੰਦਰ ਸੰਸਥਾਗਤ ਰੂਪਾਂ ਵਿਚ ਫ਼ੈਲੇ ਭ੍ਰਿਸ਼ਟਾਚਾਰ ਤੇ ਇਸ ਦੀ ਪਰਨਿਰਭਰਤਾ ਨੂੰ ਗਲਪੀ ਰੂਪ ਪ੍ਰਦਾਨ ਕਰਨਾ ਹੈ।

ਰਚਨਾਤਮਕ ਦ੍ਰਿਸ਼ਟੀ ਤੋਂ 'ਕੌਰਵ ਸਭਾ' ਦੇ ਪ੍ਰਕਾਸ਼ਨ ਨਾਲ ਇਹ ਤਾਂ ਨਿਸ਼ਚਿਤ ਹੋ ਜਾਂਦਾ ਹੈ ਕਿ ਮੀਤ ਨੇ ਨਾ ਕੇਵਲ ਪੂੰਜੀਵਾਦੀ ਲੋਕਰਾਜੀ 'ਰਾਜ' ਦੇ ਕੂੜ ਯਥਾਰਥ ਨੂੰ ਵਿਅੰਗਾਤਮਕ ਦ੍ਰਿਸ਼ਟੀ ਤੋਂ ਚਿਤਰਿਆ ਹੈ। ਬਲਕਿ ਪੰਜਾਬੀ ਨਾਵਲ ਵਿਚ ਆਪਣੀ ਪਹਿਚਾਣ ਇਕ ਵੱਖਰੇ ਬਿਰਤਾਂਤਕਾਰ ਵਜੋਂ ਵੀ ਸਥਾਪਿਤ ਕੀਤੀ ਹੈ। 'ਕੌਰਵ ਸਭਾ' ਦੇ ਬਿਰਤਾਂਤ ਦਾ ਵਿਨਿਆਸ ਨਿਰਸੰਦੇਹ ਸਾਂਸਕ੍ਰਿਤਿਕ ਰਿਸ਼ਤਿਆਂ ਦੀ ਤੋੜ-ਭੰਨ ਹੈ। ਪਰ ਇਸ ਦਾ ਮੁੱਖ ਤੇ ਬੁਨਿਆਦੀ ਵਿਸ਼ਾ ਜ਼ਰਜਰ ਹੋ ਚੁੱਕੇ ਰਾਜ-ਪ੍ਰਬੰਧ ਉਪਰ ਉਸਰਿਆ ਸੰਸਥਾਗਤ ਵਿਵਸਥਾਵਾਂ ਦਾ ਭ੍ਰਿਸ਼ਟਾਚਾਰੀ ਕਿਰਦਾਰ ਹੀ ਹੈ। ਨਾਵਲਕਾਰ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਸੁਧਾਰਵਾਦੀ ਪ੍ਰਗਤੀਵਾਦੀ ਨਾਵਲ ਰੂੜ੍ਹੀ ਤੋਂ ਉਲਟ ਵਿਅਕਤੀ ਉਤੇ ਵਿਵਸਥਾ ਦੀ ਜਿੱਤ ਵਿਖਾ ਕੇ ਯਥਾਰਥਕ ਰਚਨਾ-ਦ੍ਰਿਸ਼ਟੀ ਦਾ ਪ੍ਰਮਾਣ ਦਿੰਦਾ ਹੈ। 'ਕੌਰਵ ਸਭਾ' ਅੰਦਰ ਪੇਸ਼ ਹੋਈਆਂ ਉਪ-ਵਿਵਸਥਾਵਾਂ ਦਾ ਸੰਕਲਪ, ਸਰੂਪ ਤੇ ਲੱਛਣ ਉਦੋਂ ਝਲਕਦਾ ਹੈ ਜਦੋਂ ਨਾਵਲ ਦੀ ਕਹਾਣੀ ਇਕ ਪਰਿਵਾਰ ਤੋਂ ਸ਼ੁਰੂ ਹੋ ਕੇ ਸੰਵਿਧਾਨਿਕ ਤੇ ਸਮਾਜਿਕ ਸੰਸਥਾਵਾਂ ਦੁਆਰਾ ਅੰਤ ਨਿਆਂਪਾਲਿਕਾ ਦੇ ਇਕ ਨਿੰਦਾਜਨਕ ਫ਼ੈਸਲੇ ਨਾਲ ਖ਼ਤਮ ਹੋ ਜਾਂਦੀ ਹੈ। 'ਕੌਰਵ ਸਭਾ' ਦੇ ਗਲਪੀ ਬਿਰਤਾਂਤ ਦਾ ਆਧਾਰ ਹੀ ਅਜਿਹਾ 'ਰਾਜ' ਹੈ, ਜਿੱਥੇ ਵੱਖ-ਵੱਖ ਵਿਵਸ਼ਥਾਵਾਂ ਦਾ ਸੰਕਲਪ ਤੇ ਸਰੂਪ ਦਿਖਾਵੇ ਪੱਖੋਂ ਉਦਾਰਵਾਦੀ ਲੋਕਰਾਜੀ ਰਾਜ ਵਾਲਾ ਹੈ, ਪਰ ਅਮਲੀ/ਗਲਪੀ ਰੂਪ ਵਿਚ ਇਹ ਇਕ ਅਜਿਹਾ ਪ੍ਰਬੰਧ ਹੈ ਜਿੱਥੇ ਹਰ ਚੀਜ਼ ਨੂੰ ਪੈਸੇ ਦੇ ਪਲੜੇ ਵਿਚ ਤੋਲਿਆ ਜਾਂਦਾ ਹੈ। ਅਮਾਨਵੀ ਵਿਸਵਥਾਵਾਂ ਦੇ ਇਹ ਵੱਖ-ਵੱਖ ਅੰਗ ਆਪਣੀ ਭਰਪੂਰ ਕਰੂਰਤਾ ਤੇ ਕਰੂਪਤਾ ਸਹਿਤ ਨਾਵਲ ਅੰਦਰ ਪੇਸ਼ ਹੋਏ ਹਨ। 'ਕੌਰਵ ਸਭਾ' ਦਾ ਸਾਰਾ ਘਟਨਾ ਚੱਕਰ ਗਲਪੀ ਰੂਪ ਵਿਚ ਅਸਧਾਰਣ ਹੋਣ ਦੇ ਬਾਵਜੂਦ ਯਥਾਰਥਕ ਜੀਵਨ ਦਾ ਇਕ ਸਾਧਾਰਨ ਪਾਸਾਰ ਮਾਤਰ ਹੀ ਹੈ। ਨਾਵਲ ਅੰਦਰ ਪੇਸ਼ ਹੋਇਆ ਆਰਥਿਕ ਰਿਸ਼ਤਿਆਂ ਦਾ ਇਹ ਅੰਤਰ-ਵਿਰੋਧ ਹੀ ਸਮਾਜ ਦੇ ਹਰੇਕ ਮਨੁੱਖ ਦਾ ਮਨੁੱਖੀ ਸੰਸਕ੍ਰਿਤੀ ਨਾਲੋਂ ਤੋੜ-ਵਿਛੋੜਾ ਕਰ ਦਿੰਦਾ ਹੈ।

'ਕੌਰਵ ਸਭਾ' ਦੀ ਬਿਰਤਾਂਤ ਵਿਵਸਥਾ ਅੰਦਰ ਪੇਸ਼ ਹੋਈਆਂ ਵੱਖ-ਵੱਖ ਸੰਸਥਾਵਾਂ ਹਨ, ਪੁਲਿਸ, ਹਸਪਤਾਲ, ਸਿਆਸਤ ਅਤੇ ਨਿਆਂਪਾਲਿਕਾ ਆਦਿ ਦਾ ਸਮੁੱਚਾ ਵੇਰਵਾ ਇਸ ਨਾਵਲ ਦਾ ਆਧਾਰ ਭੂਤ ਵਸਤੂ ਬਣਦਾ ਹੈ। ਪਰਿਵਾਰਿਕ ਤੇ ਸਮਾਜਿਕ ਰਿਸ਼ਤਿਆਂ ਤੋਂ ਲੈ ਕੇ ਸਮਾਜਿਕ, ਧਾਰਿਮਕ ਤੇ ਰਾਜ-ਪ੍ਰਬੰਧ ਤੱਕ ਕੁਝ ਵੀ ਸਾਬਤ ਨਹੀਂ ਰਹਿੰਦਾ। ਇਸ ਪ੍ਰਕਾਰ ਨਾਵਲ ਦੀਆਂ ਇਹਨਾਂ ਘਟਨਾਵਾਂ ਦੀ ਤਹਿ ਹੇਠਾਂ ਛੁਪੀ ਵਾਸਤਵਿਕਤਾ ਅਜਿਹੀ ਦ੍ਰਿਸ਼ਟੀ ਅਤੇ ਵੇਰਵੇ ਨਾਲ ਪੇਸ਼ ਹੁੰਦੀ ਹੈ ਕਿ ਇਕ ਨਵੇਂ ਹੀ ਸੰਕਲਪ, ਸਰੂਪ ਤੇ ਲਛਣਾਂ ਵਾਲਾ ਗਲਪੀ ਯਥਾਰਥ ਉਜਾਗਰ ਹੁੰਦਾ ਹੈ। ਨਿਰਸੰਦੇਹ 'ਕੌਰਵ ਸਭਾ' ਦਾ ਵਿਸ਼ਾ ਤੇ ਵਸਤੂ ਪਹਿਲੇ ਨਾਵਲਾਂ ਵਾਲਾ ਹੀ ਹੈ। ਪਰੰਤੂ ਇਸ ਨਾਵਲ ਦੀ ਰਚਨਾ-ਦ੍ਰਿਸ਼ਟੀ ਦੀ ਗਹਿਰਾਈ ਏਨੀ ਵਧ ਗਈ ਹੈ ਕਿ ਜਿਵੇਂ ਭ੍ਰਿਸ਼ਟ ਵਿਵਸਥਾਵਾਂ ਦਾ ਗਿਆਨ ਜ਼ਮੀਨ ਤੋਂ ਅਸਮਾਨ ਤੱਕ ਸਮੋਇਆ ਪਿਆ ਹੋਵੇ, 'ਕੌਰਵ ਸਭਾ ' ਦੇ ਪੂੰਜੀਵਾਦੀ ਲੋਕਰਾਜੀ ਸਮਾਜ ਅੰਦਰ ਉਪ ਵਿਵਸਥਾਵਾਂ ਦੀ ਇਹ ਤ੍ਰਾਸਦੀ ਸਮੁੱਚੀ ਵਿਵਸਥਾ ਦੀ ਹੀ ਤ੍ਰਾਸਦੀ ਬਣ ਜਾਂਦੀ ਹੈ। ਸਮਕਾਲੀਨ ਸਮਾਜ ਅੰਦਰ ਵਾਪਰਦੇ ਅਪਰਾਧ-ਜਗਤ ਦੀ ਵਿਕਰਾਲ ਹਕੀਕਤ ਨੂੰ ਜਿਸ ਸੂਖ਼ਮਭਾਵੀ ਚਿੰਤਨ ਤੇ ਚਿਹਨ ਨਾਲ ਮੀਤ ਨੇ ਇਸ ਨਾਵਲ ਵਿਚ ਚਿਤਰਿਆ ਹੈ, ਸ਼ਾਇਦ ਹੀ ਪੰਜਾਬੀ ਦਾ ਕੋਈ ਹੋਰ ਨਾਵਲਕਾਰ ਚਿਤਰ ਸਕੇ। ਜਿਸ ਦਾ ਕਾਰਨ ਇਹੀ ਹੈ ਕਿ ਮੀਤ ਖ਼ੁਦ ਇਸ ਵਿਵਸਥਾ ਦਾ ਇਕ ਅੰਗ ਹੈ। ਉਸ ਨੇ ਘੋਰ ਅਮਾਨਵੀਕ੍ਰਿਤ ਵਰਤਾਰਿਆਂ ਨੂੰ ਇਨ੍ਹਾਂ ਦੀ ਸੂਖ਼ਮਤਾ ਤੇ ਜਟਿਲਤਾ ਸਹਿਤ ਪੇਸ਼ ਕੀਤਾ ਹੈ।

'ਕੌਰਵ ਸਭਾ' ਦੀ ਰੂਪ-ਰਚਨਾ ਵਿਚ ਆਰੰਭਿਕ ਰਿਸ਼ਤਾ ਦੋ ਭਰਾਵਾਂ ਦੇ ਸਾਂਝੇ ਕਾਰੋਬਾਰ ਤੋਂ ਸ਼ੁਰੂ ਹੋ ਕੇ ਚਾਚੇ-ਭਤੀਜੇ ਤੇ ਚਚੇਰੇ ਭੈਣ-ਭਰਾਵਾਂ ਤੱਕ ਦੀ ਦੁਸ਼ਮਣੀ ਵਿਚ ਟੁੱਟ ਕੇ ਰਹਿ ਜਾਂਦਾ ਹੈ। ਇਥੇ ਹੀ ਕੌਰਵ ਸਭਾ ਦਾ ਪੂੰਜੀਵਾਦੀ ਮਨੁੱਖ ਸੱਭਿਆਚਾਰਿਕ ਮਨੁੱਖ ਤੋਂ ਆਰਥਿਕ ਮਨੁੱਖ ਬਣਦਾ ਦਿਖਾਈ ਦਿੰਦਾ ਹੈ। ਲੁੱਟ-ਝੋਂਗ ਤੋਂ ਸੰਚਿਤ ਕੀਤੀ ਜਾਇਦਾਦ ਦੇ ਝਗੜੇ ਤੋਂ ਸ਼ੁਰੂ ਹੋਈ ਇਹ ਪਰਿਵਾਰਿਕ ਲੜਾਈ ਰਾਜ ਤੇ ਸਮਾਜ ਦੀਆਂ ਵੱਖ-ਵੱਖ ਵਿਵਸਥਾਵਾਂਤੋਂ ਗੁਜ਼ਰਦੀ ਹੋਈ ਅੰਤ ਵਿਵਸਥਾ ਦੇ ਹੱਥੋਂ ਮਜ਼ਬੂਰ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਜਾਂਦੀ ਹੈ। 'ਕੌਰਵ ਸਭਾ' ਦੇ ਬਿਰਤਾਂਤਕ ਗਲਪ ਦੀ ਇਕ ਇਕਾਈ ਵੇਦ ਪਰਿਵਾਰ, ਵਿਵਸਥਾ ਦੇ ਹੱਥੋਂ ਮਜ਼ਬੂਰ ਇਨਸਾਫ਼ ਲੈਣ ਤੋਂ ਅਸਮੱਰਥ ਰਹਿ ਜਾਂਦੀ ਹੈ। ਕਿਉਂਕਿ ਮੀਤ ਨੇ 'ਕੌਰਵ ਸਭਾ' ਦਾ ਸੰਕਲਪ ਵਿਵਸਥਾਵਾਂ ਦੇ ਅਮਲ ਵਿਚ ਆਉਣ ਦੀ ਪ੍ਰਕ੍ਰਿਆ ਵਜੋਂ ਅਤੇ

ਇਹਨਾਂ ਸੰਸਥਾਗਤ ਪ੍ਰਬੰਧਾਂ ਦੇ ਲਾਜ਼ਮੀ ਵਰਤਾਰੇ ਵਜੋਂ ਪੇਸ਼ ਕੀਤਾ ਹੈ। ਪੂੰਜੀਵਾਦੀ ਲੋਕਰਾਜੀ 'ਰਾਜ-ਪ੍ਰਬੰਧ' ਵਿਚ ਵਿਚਰਦੇ ਮਨੁੱਖ ਨਾਲ ਜੋ ਕੁਝ ਵਾਸਤਵ ਵਿਚ ਵਾਪਰਦਾ ਹੈ, ਉਹੀ ਨਾਵਲ ਵਿਚ ਪੇਸ਼ ਕੀਤਾ ਗਿਆ ਹੈ। 'ਕੌਰਵ ਸਭਾ' ਨਾਵਲ ਦੇ ਬਿਰਤਾਂਤ ਵਿਚ ਉਪ-ਵਿਵਸਥਾਵਾਂ ਦੇ ਸੰਕਲਪ ਸਰੂਪ ਤੇ ਲੱਛਣਾਂ ਦੀ ਪਹਿਚਾਣ ਕਰਨ ਤੋਂ ਪਹਿਲਾਂ ਨਾਵਲ ਦੇ ਬਿਰਤਾਂਤ ਵੱਲ ਵੀ ਝਾਤੀ ਮਾਰੀ ਜਾਵੇ। ਨਾਵਲ ਦੇ ਸੰਯੋਜਿਤ ਕਥਾ-ਵੇਰਵਿਆਂ ਅਨੁਸਾਰ ਮੋਹਨ ਲਾਲ ਅਤੇ ਵੇਦ ਦੋ ਭਰਾ ਹਨ। ਮੋਹਨ ਲਾਲ ਪੀ. ਡਬਲਿਊ. ਡੀ. ਵਿਚ ਸਰਕਾਰੀ ਅਫ਼ਸਰ ਐਸ. ਡੀ. ਓ. ਦਾ ਰੁਤਬਾ ਹਾਸਿਲ ਕਰਨ ਦੇ ਬਾਵਜੂਦ ਬਹੁਤ ਸਾਰੇ ਦੋ ਨੰਬਰੀ ਕੰਮ ਕਰਦਾ ਹੈ। ਇਹਨਾਂ ਦੋ ਨੰਬਰੀ ਕੰਮਾਂ ਤੋਂ ਕਰੋੜਾਂ ਰੁਪਇਆ ਕਮਾਉਣ ਤੋਂ ਬਾਅਦ ਵੀ ਉਸ ਦੀ ਲਾਲਸਾ ਪੂਰੀ ਨਹੀਂ ਹੁੰਦੀ। ਸਰਕਾਰੀ ਕੰਮਾਂ ਦੇ ਠੇਕੇਦਾਰਾਂ ਕੋਲੋਂ ਰਿਸ਼ਵਤ ਲੈਣ ਦੇ ਨਾਲ ਨਾਲ ਮੋਹਨ ਲਾਲ ਉਹਨਾਂ ਦਾ ਵਪਾਰਕ ਭਾਈਵਾਲ ਵੀ ਬਣੀ ਜਾ ਰਿਹਾ ਸੀ। ਇਕ ਪਾਸੇ ਉਹ ਸਰਕਾਰੀ ਨੌਕਰੀ ਕਰ ਰਿਹਾ ਹੈ ਤੇ ਦੂਜੇ ਪਾਸੇ ਚੋਰੀ-ਛੁਪੇ ਲੋਕਾਂ ਦੇ ਨਾਵਾਂ ਉਪਰ ਵਿਉਪਾਰ ਕਰਕੇ ਅੰਨ੍ਹੇਵਾਹ ਪੈਸਾ ਕਮਾ ਰਿਹਾ ਸੀ। ਅੰਨ੍ਹੀ ਜਾਇਦਾਦ ਤੇ ਮੀਂਹ ਵਾਂਗ ਵਰਸਦੇ ਪੈਸੇ ਨੂੰ ਸੰਭਾਲਣ ਲਈ ਮੋਹਨ ਲਾਲ ਨੇ ਕਾਲੋਨੀਆਂ ਕੱਟਣ ਦਾ ਕੰਮ ਸ਼ੁਰੂ ਕਰ ਲਿਆ। ਜਿਸਦਾ ਨਤੀਜ਼ਾ ਉਸ ਦੀ ਅਫ਼ਸਰਾਂ, ਸ਼ਾਹੂਕਾਰਾਂ ਅਤੇ ਵਿਉਪਾਰੀਆਂ ਨਾਲ ਚੰਗੀ ਜਾਣ-ਪਛਾਣ ਹੋ ਗਈ। ਪਰ ਅੱਫ਼ਸਰੀ ਦੇ ਨਾਲ ਵਿਉਪਾਰ ਚਲਾਉਣਾ ਮੁਸ਼ਕਿਲ ਹੁੰਦਾ ਜਾ ਰਿਹਾ ਸੀ। ਇਸ ਸਮੱਸਿਆ ਨੂੰ ਉਸ ਦੀ ਪਤਨੀ ਮਾਇਆ ਦੇਵੀ ਨੇ ਛੋਟੇ ਭਰਾ ਵੇਦ ਨੂੰ ਸ਼ਹਿਰ ਬੁਲਾ ਲੈਣ ਅਤੇ ਵਪਾਰਕ ਭਾਈਵਾਲ ਬਣਾਉਣ ਦੇ ਸੁਝਾਅ ਨਾਲ ਹੱਲ ਕੀਤਾ। ਵੇਦ ਨੂੰ ਪੈਸੇ ਦੀ ਕੋਈ ਲਾਲਸਾ ਨਹੀਂ ਸੀ, ਪਰ ਉਸ ਦੀ ਪਤਨੀ ਨੀਲਮ ਦੇ ਲਾਲਚ ਨੇ ਵੇਦ ਨੂੰ ਸਰਕਾਰੀ ਨੌਕਰੀ ਛੱਡ ਕੇ ਵਿਉਪਾਰ ਕਰਨ ਲਈ ਮਜਬੂਰ ਕਰ ਦਿੱਤਾ। ਮੋਹਨ ਲਾਲ ਦੀ ਮੌਤ ਤੋਂ ਬਾਅਦ ਪੰਕਜ ਅਤੇ ਨੀਰਜ਼ ਦੇ ਵਿਉਪਾਰ ਵਿਚ ਆਉਣ ਨਾਲ ਤੇ ਨਵੇਂ ਸ਼ੁਰੂ ਕੀਤੇ ਕਰੋੜਾਂ ਰੁਪਏ ਦੇ ਵਿਉਪਾਰ ਵਿਚ ਪਏ ਘਾਟੇ ਮਗਰੋਂ ਜਾਇਦਾਦ ਦੇ ਵੰਡ ਵੰਡਾਰੇ ਨੇ ਦੋ ਪਰਿਵਾਰਾਂ ਦੀ ਸਾਂਝੀ ਸਭਿਅਚਾਰਕ ਮਰਿਯਾਦਾ ਨੂੰ ਤੋੜ ਦਿੱਤਾ। ਬਦਲੇ ਦੀ ਅੱਗ ਅੰਦਰ ਝੁਲਸਦੇ ਪੰਕਜ ਹੋਰਾਂ ਨੇ ਜ਼ਰਾਇਮ-ਪੇਸ਼ਾ ਭਈਆਂ ਨੂੰ ਲੱਖ ਰੁਪਏ ਦੀ ਸੁਪਾਰੀ ਦੇ ਕੇ ਵੇਦ ਪਰਿਵਾਰ ਉਤੇ ਹਮਲਾ ਕਰਵਾ ਦਿੱਤਾ;

ਫ਼ਲਸਰੂਪ ਵੇਦ ਦੇ ਪੁੱਤਰ ਕਮਲ ਦਾ ਖ਼ੂਨ, ਧੀ ਨਿਹਾ ਦਾ ਬਲਾਤਕਾਰ, ਵੇਦ ਅਤੇ ਉਸ ਦੀ ਪਤੀ ਨੀਲਮ ਨੂੰ ਸਰੀਰਕ ਤੇ ਦਿਮਾਗੀ ਪੱਖੋਂ ਅਪਾਹਿਜ਼ ਕੀਤਾ ਜਾਂਦਾ ਹੈ।

ਨਾਵਲ ਦੇ ਬਿਰਤਾਂਤ ਦੀ ਸਮੁੱਚੀ ਵਿਵਸਥਾ ਇਹਨਾਂ ਘਟਨਾਵਾਂ ਦੁਆਲੇ ਉਸਰੀ ਹੋਈ ਹੈ। ਜਿੱਥੇ ਲੋਕਰਾਜੀ ਪ੍ਰਣਾਲੀ ਦੀਆਂ ਤਿੰਨੋਂ ਬੁਨਿਆਦੀ ਸੰਸਥਾਵਾਂ-ਵਿਧਾਨਪਾਲਿਕਾ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਦੇ ਨਾਲ-ਨਾਲ ਸਮਾਜ ਦੀਆਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸੰਸਥਾਵਾਂ ਰਾਹੀਂ ਉਪ-ਵਿਵਸਥਾਵਾਂ ਦੀ ਨਾਕਾਰਾਤਮਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਡਾ. ਬਲਬੀਰ ਸਿੰਘ ਰਿਆੜ ਅਨੁਸਾਰ:

> ਹਾਲਾਤ ਦੀ ਵਿਡੰਬਨਾ ਇਹ ਬਣਦੀ ਹੈ ਕਿ ਉਕਤ ਵਰਣਿਤ ਸਮੂਹ ਸੰਸਥਾਵਾਂ ਆਮ ਆਦਮੀ ਨੂੰ ਇਨਸਾਫ਼ ਦਿਵਾਉਣ ਦੀ ਦਿਸ਼ਾ ਤੋਂ ਉਲਟ ਕੰਮ ਕਰਦੀਆਂ ਹਨ। ਇਸ ਸਮੁੱਚੇ ਅਮਲ ਦੀ ਤਹਿ ਵਿਚੋਂ ਰਿਸ਼ਵਤਖੋਰੀ, ਵਿਭਾਗੀ ਤਰੱਕੀ, ਰਾਜਸੀ ਤਾਕਤ ਅਤੇ 'ਮਾਇਆ ਦਾ ਮੋਹ' ਆਦਿ ਕਈ ਲਾਲਚਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।[1]

ਇਹ ਉਪ-ਵਿਵਸਥਾਵਾਂ ਵਾਰਦਾਤ ਹੋਣ ਤੋਂ ਬਾਅਦ ਹਰਕਤ ਵਿਚ ਆਈ ਪੁਲਿਸ ਤੋਂ ਲੈ ਕੇ ਡਾਕਟਰਾਂ, ਵਕੀਲਾਂ, ਜੱਜਾਂ, ਰਾਜ ਨੇਤਾਵਾਂ ਤੋਂ ਇਲਾਵਾ ਵਿਦਿਆਰਥੀ ਯੂਨੀਅਨਾਂ, ਮਾਤਾ ਕਲਿਆਣੀ ਦੀ ਸਹਿਯੋਗੀ ਸੰਸਥਾ ਤੋਂ ਬਿਨਾਂ ਹਰੀਸ਼ ਰਾਏ ਦੁਆਰਾ ਬਣਾਈ ਵਕੀਲਾਂ ਦੀ ਸੋਸਾਇਟੀ ਆਦਿ ਸਭ ਖੋਖਲੀਆਂ ਸਾਬਿਤ ਹੁੰਦੀਆਂ ਹਨ। ਬੇਸ਼ਕ ਇਹ ਨਾਵਲ ਵਿਵਸਥਾ ਦੇ ਭ੍ਰਿਸ਼ਟ ਮਾਹੌਲ ਨਾਲ ਸੰਬੰਧਿਤ ਹੈ, ਪਰੰਤੂ ਵਿਵਸਥਾ ਦਾ ਇਹ ਸੰਕਲਪ ਅਪਰਾਧ ਕਰਕੇ ਵੀ ਨਿਰਅਪਰਾਧੀਕਰਣ ਦੀ ਧਾਰਨਾ ਦਾ ਲਖਾਇਕ ਹੈ। ਨਾਵਲ ਵਿਚ ਪੇਸ਼ ਹੋਈਆਂ ਭ੍ਰਿਸ਼ਟ ਉਪ-ਵਿਵਸਥਾਵਾਂ ਦਾ ਇਹ ਪ੍ਰਬੰਧ ਐਨਾ ਵਿਸਤ੍ਰਿਤ ਹੁੰਦਾ ਜਾਂਦਾ ਹੈ ਕਿ ਇਹ ਘਾਤਕ ਹਮਲਾ ਇਕ ਪਰਿਵਾਰ ਉੱਤੇ ਹੀ ਨਹੀਂ, ਬਲਕਿ ਮਨੁੱਖੀ ਰਿਸ਼ਤਿਆਂ, ਸਮਾਜਿਕ ਕੀਮਤਾਂ ਅਤੇ ਸਿਰਜਨਾਤਮਕ ਸ਼ਕਤੀਆਂ ਉੱਪਰ ਕੀਤਾ ਗਿਆ ਹਮਲਾ ਹੈ। ਨਾਵਲ ਦੀ ਘਟਨਾ ਦੇ ਇਸ ਕੇਂਦਰ ਸਥੱਲ 'ਮਾਇਆ ਨਗਰ' ਵਿਚ ਪੇਸ਼ ਸਿਆਸੀ ਆਗੂ, ਸੱਨਅਤਕਾਰ, ਵਪਾਰੀ ਅਫ਼ਸਰ, ਵਕੀਲ, ਜੱਜ, ਡਾਕਟਰ ਦਲਾਲ ਅਤੇ ਰਿਸ਼ਤੇ-ਨਾਤੇ ਇਕ ਅਜਿਹੀ

ਗੰਢ ਵਿਚ ਬੱਝੇ ਹੋਏ ਹਨ ਜੋ ਸਿਰਫ਼ ਤੇ ਸਿਰਫ਼ ਪੈਸੇ ਨਾਲ ਖੁੱਲ੍ਹਦੀ ਹੈ। ਦੂਜੇ ਪਾਸੇ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੀ ਆਪਣੇ ਨਾਂ ਅਤੇ ਸ਼ੋਹਰਤ ਖ਼ਾਤਿਰ ਸਮਾਜ ਵਿਚ ਆਉਂਦੀਆਂ ਹਨ। ਅਮਲੀ ਰੂਪ ਵਿਚ ਇਹ ਸੰਸਥਾਵਾਂ ਵੀ ਲੋਕਾਂ ਲਈ ਕੁਝ ਨਹੀਂ ਕਰਦੀਆਂ। ਅਸਲੀਅਤ ਤਾਂ ਇਹ ਹੈ ਕਿ ਅੱਜ ਦਾ ਇਹ ਸਰਮਾਏਦਾਰੀ ਦੌਰ ਮੰਡੀ ਦਾ ਮਾਲ ਹੈ ਜਿੱਥੇ ਹਰ ਚੀਜ਼ ਵਿਕਾਊ ਹੈ। ਨਾਵਲ ਅੰਦਰ ਅਸੀਂ ਦੇਖਦੇ ਹਾਂ ਕਿ ਪੰਕਜ ਅਤੇ ਨੀਰਜ ਨੇ ਆਪਣੇ ਹੱਕ ਵਿਚ ਫ਼ੈਸਲਾ ਕਰਵਾਉਣ ਲਈ ਇਨਸਾਨ, ਕਾਨੂੰਨ ਤੇ ਕਾਨੂੰਨ ਦੇ ਰੱਖਵਾਲਿਆਂ ਨੂੰ ਮੂੰਹ ਬੋਲਦੀ ਕੀਮਤ ਨਾਲ ਖ਼ਰੀਦ ਲਿਆ। ਉਹਨਾਂ ਨੇ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਾਬਿਤ ਕਰਨ ਲਈ ਹਰ ਚੀਜ਼ ਨੂੰ ਮੰਡੀ ਦਾ ਮਾਲ ਬਣਾ ਦਿੱਤਾ ਅਤੇ ਸੱਚ ਉੱਪਰ ਜਿੱਤ ਪ੍ਰਾਪਤ ਕਰ ਲਈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਅਨੁਸਾਰ:

> ਇਹ ਨਾਵਲ ਪੂੰਜੀਵਾਦੀ ਰਾਜਸੀ-ਆਰਥਿਕਤਾ (Capitalist Political economy) ਦੀ ਕ੍ਰਿਟੀਕ ਦਾ ਵਿਸਤ੍ਰਿਤ ਤੇ ਬਹੁਪੱਖੀ ਗਲਪੀ ਬਿੰਬ ਸਿਰਜਦਾ ਹੋਇਆ ਇਸਦੇ ਰਾਜਸੀ ਸਾਰ ਦਾ ਹੀ ਨਹੀਂ, ਸਗੋਂ ਸਮਾਜਕ ਨਿਆਂ ਦੀਆਂ ਉਨ੍ਹਾਂ ਸਾਰੀਆਂ ਭ੍ਰਮਕ ਮਿੱਥਾਂ ਦਾ ਵੀ ਚੀਰ-ਹਰਨ ਕਰਦਾ ਹੈ, ਜਿਹੜੀਆਂ ਸੱਤਾਧਾਰੀ ਧਿਰ ਵਲੋਂ ਸਾਧਾਰਨ ਬੰਦੇ ਨੂੰ ਭਰਮਾਉਣ ਲਈ ਸਿਰਜੀਆਂ ਜਾਂਦੀਆਂ ਹਨ।[2]

ਨਾਵਲ ਦੀ ਕੇਂਦਰੀ ਵਸਤੂ ਵਿਚ ਆਏ ਵਿਗਾੜ ਨੂੰ ਇਸ ਵਿਚ ਪੇਸ਼ ਹੋਈਆਂ ਵੱਖ-ਵੱਖ ਉਪ-ਵਿਵਸਥਾਵਾਂ ਦੇ ਵਿਕ੍ਰਿਤ ਚਰਿਤਰ ਰਾਹੀਂ ਪਰਤ-ਦਰ-ਪਰਤ ਖੋਲ੍ਹਣਾ ਜ਼ਰੂਰੀ ਹੈ, ਤਾਂ ਹੀ ਉਪ-ਵਿਵਸਥਾਵਾਂ ਦੇ ਸੰਕਲਪ, ਸਰੂਪ ਤੇ ਲੱਛਣਾਂ ਬਾਰੇ ਜਾਣਿਆ ਜਾ ਸਕਦਾ ਹੈ। ਵਾਰਦਾਤ ਤੋਂ ਬਾਅਦ ਹਰਕਤ ਵਿਚ ਆਈ ਪਹਿਲੀ ਉਪ-ਵਿਵਸਥਾ ਪੁਲਿਸ ਵਿਭਾਗ ਨਾਲ ਸੰਬੰਧਿਤ ਹੈ। ਨਾਵਲੀ ਬਿਰਤਾਂਤ ਤੋਂ ਪਤਾ ਲਗਦਾ ਹੈ ਕਿ ਦੋ ਘੰਟੇ ਬੀਤ ਜਾਣ ਬਾਅਦ ਜਦੋਂ ਪੁਲਿਸ ਘਟਨਾ ਦਾ ਜਾਇਜ਼ਾ ਲੈਣ ਪਹੁੰਚਦੀ ਹੈ, ਤਾਂ ਪੁਲਿਸ ਦੁਆਰਾ ਇਸ ਘਾਤਕ ਵਾਰਦਾਤ ਨੂੰ ਇਕ ਆਮ ਘਟਨਾ ਤੇ ਰੋਜ਼ਮਰਾ ਦੀਆਂ ਡਕੈਤੀਆਂ ਵਿਚੋਂ ਗਿਣਿਆ ਜਾਂਦਾ ਹੈ। ਮੁੱਖ ਅਫ਼ਸਰ ਦੇ ਮੂੰਹੋਂ ਨਿਕਲੇ ਸ਼ਬਦ ਇਸ ਗੱਲ ਦੀ ਪੁਸ਼ਟੀ ਕਰਦੇ ਹਨ:-

> ਸਾਨੂੰ ਇਹ ਕਾਲੇ ਕੱਛਿਆਂ ਵਾਲੇ ਗਰੋਹ ਦੀ ਕੀਤੀ ਵਾਰਦਾਤ ਲੱਗਦੀ ਹੈ। ਇਨੀ ਦਿਨੀਂ ਉਹ ਇਸ ਇਲਾਕੇ ਵਿਚ ਸਰਗਰਮ ਹਨ। ਤਰੀਕਾ ਵਾਰਦਾਤ ਉਹੋ ਹੈ। ਤੁਹਾਨੂੰ ਕਿਸੇ ਤੇ ਸ਼ੱਕ ਹੈ ਤਾਂ ਦੱਸੋ? [3]

ਸਮਾਜ ਦੇ ਰੱਖਿਅਕ ਪ੍ਰਬੰਧ ਦੀ ਅਣਗਹਿਲੀ ਦਾ ਪਹਿਲਾ ਸਬੂਤ ਇਥੋਂ ਹੀ ਮਿਲ ਜਾਂਦਾ ਹੈ! ਪੁਲਿਸ ਸਮਾਜ ਦੀ ਉਹ ਇਕਾਈ ਹੈ ਜਿਸਨੇ ਹਰ ਜ਼ੁਰਮ ਨੂੰ ਉੱਗਣ ਤੋਂ ਪਹਿਲਾਂ ਹੀ ਮਿਟਾਉਣਾ ਹੁੰਦਾ ਹੈ। ਪਰ ਇਸ ਨਾਵਲ ਵਿਚ ਅਜਿਹਾ ਕੁਝ ਵੀ ਨਹੀਂ ਵਾਪਰਦਾ, ਸਗੋਂ ਜ਼ੁਰਮ ਨੂੰ ਵੱਧਣ ਦੀ ਪੂਰੀ ਖੁਲ੍ਹ ਮਿਲਦੀ ਹੈ। ਪੁਲਿਸ ਤਾਂ ਕਾਨੂੰਨੀ ਖੱਪੇ ਭਰਦੀ ਹੈ। ਸੱਚ ਲੱਭਣਾ ਤੇ ਇਮਾਨਦਾਰੀ ਨਾਲ ਫ਼ਰਜਾਂ ਨੂੰ ਨਿਭਾਉਣਾ ਪੁਲਿਸ ਆਪਣਾ ਫ਼ਰਜ ਨਹੀਂ ਸਮਝਦੀ। ਭਾਵੇਂ ਇਸ ਵਾਰਦਾਤ ਦੌਰਾਨ ਕਤਲ, ਡਕੈਤੀ, ਜ਼ਬਰ - ਜਿਨਾਹ ਅਤੇ ਕੁੱਟ-ਮਾਰ ਵਰਗੇ ਭਿਅੰਕਰ ਅਪਰਾਧ ਹੋਏ ਹਨ। ਪਰ ਪੁਲਿਸ ਅਜਿਹੀ ਘਟਨਾ ਨੂੰ ਸਾਧਾਰਨ ਘਟਨਾ ਕਹਿ ਕੇ ਆਪਣੇ ਫਰਜਾਂ ਤੋਂ ਮੂੰਹ ਮੋੜ ਲੈਂਦੀ ਹੈ। ਕੇਸ ਸੀ.ਬੀ. ਆਈ ਕੋਲ ਦਿੱਤੇ ਜਾਣ ਦੇ ਡਰ ਤੋਂ ਜਦੋਂ ਪੁਲਿਸ ਕਪਤਾਨ ਹਰਕਤ ਵਿਚ ਆਉਂਦਾ ਹੈ ਤਾਂ ਮੁਲਜ਼ਮ ਦੋ ਹੀ ਦਿਨਾਂ 'ਚ ਫੜੇ ਜਾਂਦੇ ਹਨ। ਮੁੱਖ ਦੋਸ਼ੀਆਂ ਨੇ ਸਾਰੀ ਘਟਨਾ ਦਾ ਵੇਰਵਾ ਪੁਲਿਸ ਕੋਲ ਟੇਪ ਕਰਵਾ ਦਿੱਤਾ। ਪਰ ਪੰਕਜ ਤੇ ਨੀਰਜ ਨੇ ਇਹਨਾਂ ਸਾਰੇ ਸਬੂਤਾਂ ਨੂੰ ਮਿਟਾਉਣ ਲਈ ਕਪਤਾਨ ਨੂੰ ਪੰਜ ਲੱਖ ਤੇ ਡੀ. ਆਈ. ਜੀ. ਨੂੰ ਦੋ ਪੇਟੀਆਂ ਢੁੱਕਵੀਂ ਰਕਮ ਦੇ ਕੇ ਪੁਲਿਸ ਦਾ ਰੁੱਖ ਆਪਣੇ ਵਲੋਂ ਮੋੜ ਦਿੱਤਾ। ਨਾਵਲਕਾਰ ਵਲੋਂ ਖੁਦ ਇਸ ਗੱਲ੍ਹ ਦਾ ਖੁਲਾਸਾ ਕੀਤਾ ਮਿਲਦਾ ਹੈ:

> ਪੰਜ ਲੱਖ ਵਿਚ ਸੌਦਾ ਤੈਅ ਹੋ ਗਿਆ। .. ਇਵਜ਼ ਵਿਚ ਕਪਤਾਨ ਅੱਗੋਂ ਤੋਂ ਉਨ੍ਹਾਂ ਦੀ ਡਟ ਕੇ ਮਦਦ ਕਰੇਗਾ। ਬਹੁਤ ਸਾਰੇ ਸਬੂਤ ਮਿਟਾ ਦਿੱਤੇ ਜਾਣਗੇ। ਗਵਾਹ ਨੀਰਜ ਦੀ ਮਰਜ਼ੀ ਦੇ ਰੱਖੇ ਜਾਣਗੇ। ਗਵਾਹੀ ਸਮੇਂ ਉਹ ਮੁੱਕਰ ਜਾਣਗੇ। ਥਾਣੇ ਦਾ ਰਿਕਾਰਡ ਇਸ ਤਰ੍ਹਾਂ ਲਿਖਿਆ ਜਾਵੇਗਾ, ਜਿਹੜਾ ਉਨ੍ਹਾਂ ਦੇ ਹੱਕ ਵਿਚ ਭੁਗਤੇ। ਹਰ ਦਸਤਾਵੇਜ਼ ਦੀ ਫੋਟੋ ਕਾਪੀ ਉਨ੍ਹਾਂ ਨੂੰ ਮਿਲਦੀ ਰਹੇਗੀ। [4]

ਇਥੇ ਨਾਵਲਕਾਰ ਨੇ ਪੁਲਿਸ ਦੁਆਰਾ ਲੋਕਾਂ ਦੇ ਜਾਨ-ਮਾਲ ਦੀ ਰੱਖਿਅਕ ਹੋਣ ਦੀ ਮਿੱਥ ਨੂੰ ਤੋੜ ਕੇ ਇਸ ਦੇ ਅਸਲੀ ਕਿਰਦਾਰ ਤੋਂ ਪਰਦਾ ਉਠਾਉਣ ਦੀ ਕੋਸ਼ਿਸ਼ ਕੀਤੀ ਹੈ, ਕਿ ਕਿਵੇਂ ਪੁਲਿਸ ਜ਼ੁਰਮ ਦੇ ਸਾਰੇ ਸਬੂਤ ਮਿਲ ਜਾਣ ਤੋਂ ਬਾਅਦ, ਪੈਸੇ ਦੇ ਲਾਲਚ ਕਾਰਨ ਸੱਚ ਤੋਂ ਮੂੰਹ ਮੋੜ ਕੇ ਦੋਸ਼ੀ ਧਿਰ ਵੱਲ ਹੋ ਕੇ ਜ਼ੁਰਮ ਨੂੰ ਵੱਧਣ -ਫੁੱਲਣ ਦਾ ਮੌਕਾ ਦਿੰਦੀ ਹੈ। ਇਥੇ ਮੁਨਸ਼ੀ, ਥਾਣੇਦਾਰ, ਰੀਡਰ, ਕਪਤਾਨ, ਡੀ. ਐਸ. ਪੀ., ਐਸ. ਪੀ., ਡੀ. ਆਈ. ਜੀ., ਆਈ. ਜੀ. ਆਦਿ ਪੂਰੇ ਦਾ ਪੂਰਾ ਪੁਲਿਸ ਵਿਭਾਗ ਭ੍ਰਿਸ਼ਟਾਚਾਰ ਦੀਆਂ ਕੜੀਆਂ ਵਿਚ ਬੱਝਿਆ ਹੈ। ਸੱਚ ਨੂੰ ਨਿਤਾਰਨ ਤੋਂ ਬਾਅਦ ਜਦੋਂ ਪੰਕਜ ਹੋਰਾਂ ਦਾ ਨਾ ਮਿਸਲ ਉੱਪਰ ਆਉਂਦਾ ਹੈ ਤਾਂ ਹਰ ਪੁਲਿਸ ਅਧਿਕਾਰੀ ਆਪਣੇ-ਆਪਣੇ ਹਿੱਸੇਪਤੀ ਦੀ ਗੱਲ ਕਰਦਾ ਹੋਇਆ ਦੂਜਿਆਂ ਦੇ ਹੋਰ ਬਟੋਰਨ ਦੀ ਆਸ ਛੱਡਦਾ ਜਾਂਦਾ ਹੈ। ਪੁਲਿਸ ਵਿਭਾਗ ਵਲੋਂ ਇਸ ਵਾਰਦਾਤ ਦੀ ਕੀਤੀ ਗਈ ਤਫਤੀਸ਼ ਉਦੋਂ ਤੱਕ ਤਾਂ ਸਹੀ ਸੀ, ਜਦੋਂ ਤੱਕ ਮੁੱਖ ਮੰਤਰੀ ਦੇ ਸਵਾਰਥਮੁੱਖ ਹੁਕਮਾਂ ਨਾਲ ਕੰਮ ਕੀਤਾ ਰਿਹਾ ਸੀ। ਪਰੰਤੂ ਪੈਸੇ ਦੀ ਚਕਾ-ਚੌਂਧ ਨੇ ਹਰ ਪੁਲਿਸ ਅਧਿਕਾਰੀ ਨੂੰ ਅੰਨ੍ਹਾ ਕਰ ਦਿੱਤਾ ਹੈ। ਉਹਨਾਂ ਨੇ ਝੂਠ ਦੀ ਜਗ੍ਹਾ ਸੱਚ ਤੇ ਮੁਲਜ਼ਮ ਦੀ ਥਾਂ ਨਿਰਦੋਸ਼ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਧਿਆਨ ਗੋਚਰੇ ਗੱਲ ਇਹ ਹੈ ਕਿ ਪੁਲਿਸ ਵਿਭਾਗ ਨੇ ਇਸ ਵਾਰਦਾਤ ਨੂੰ ਆਪਣੀ ਆਰਥਿਕ ਉਨਤੀ ਅਤੇ ਵਿਭਾਗੀ ਤਰੱਕੀ ਦਾ ਰਸਤਾ ਬਣਾ ਲਿਆ। ਵਿਭਾਗ ਦਾ ਸਮੁੱਚਾ ਅਮਲਾ ਫੈਲਾ ਇਸ ਕਦਰ ਭ੍ਰਿਸ਼ਟਾਚਾਰੀ ਬਣ ਗਿਆ ਕਿ ਕਿ ਉਨ੍ਹਾਂ ਨੇ ਘਟਨਾ ਦਾ ਸ਼ਿਕਾਰ ਹੋਏ ਪਰਿਵਾਰ ਨੂੰ ਮੂਲੋਂ ਹੀ ਵਿਸਾਰ ਦਿੱਤਾ। 'ਕੌਰਵ ਸਭਾ' ਵਿਚ ਪੇਸ਼ ਹੋਈ ਪੁਲਿਸ ਹਰ ਥਾਂ, ਹਰ ਹੀਲੇ ਮੁਲਜ਼ਮਾਂ ਦਾ ਸਾਥ ਦਿੰਦੀ ਹੈ। ਥੱਲਿਓਂ ਉਪਰ ਤੱਕ ਹਰ ਪੁਲਿਸ ਅਧਿਾਕਰੀ ਨੇ ਪੈਸੇ ਖ਼ਾਤਿਰ ਸੱਚ ਨੂੰ ਮਿਟਾ ਦਿੱਤਾ। ਨਾਵਲ ਦਾ ਹਰ ਪੁਲਿਸ ਅਧਿਕਾਰੀ ਕਿੱਤਾਕਾਰ ਦੀ ਥਾਵੇਂ ਧੰਦਾਕਾਰ ਹੋ ਗਿਆ ਜਾਪਦਾ ਹੈ। ਜਿੱਥੇ ਫ਼ਰਜਾਂ ਤੋਂ ਮੂੰਹ ਮੋੜ ਕੇ ਪੈਸੇ ਖ਼ਾਤਿਰ ਦਲਾਲਾਂ ਰਾਹੀਂ ਧੰਦਾ ਕੀਤਾ ਜਾਂਦਾ ਹੈ। ਇਹ ਦਲਾਲ ਪੁਲਿਸ ਅਧਿਕਾਰੀ ਨਾ ਹੋਣ ਦੇ ਬਾਵਜੂਦ ਵੀ ਪੁਲਿਸ ਵਾਲਿਆਂ ਨੂੰ ਆਪਣੀ ਮੁੱਠੀ ਵਿਚ ਸਮਝਦੇ ਹਨ। ਪ੍ਰਧਾਨ ਅਨਿਲ ਜੈਨ ਅਜਿਹਾ ਹੀ ਸੱਨਅਤਕਾਰ ਹੈ, ਜੋ ਪੁਲਿਸ ਨੂੰ ਆਪਣੀ ਮੁੱਠੀ ਵਿਚ ਸਮਝਦਾ ਹੈ:

> ਬੱਚੂ ਕਿਉਂ ਘਬਰਾਉਂਦੇ ਹੋ? ਥਾਣੇਦਾਰ ਇਥੇ ਆਏਗਾ। ਆਪਣੀ ਜੁਬਾਨੀ ਸਭ ਕੁਝ ਦੱਸ ਕੇ ਜਾਏਗਾ। [6]

ਨਾਵਲ ਅੰਦਰ ਪੁਲਿਸ ਦੀ ਅਜਿਹੀ ਕਾਰਗੁਜਾਰੀ ਜ਼ੁਰਮ ਮਿਟਾਉਣ ਵਾਲੀ ਨਾ ਹੋ ਕੇ ਜ਼ੁਰਮ ਕਰਨ ਵਾਲੀ ਬਣ ਗਈ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਲੋਕਾਂ ਦੀ ਰੱਖਿਅਕ ਹੀ ਭੱਖਿਅਕ ਬਣ ਗਈ ਹੋਵੇ। ਘਟਨਾ ਤੋਂ ਬਾਅਦ ਪਰਚਾ ਦਰਜ ਕਰਵਾਉਣ ਦੀ ਮਜਬੂਰੀ ਨੂੰ ਵੀ ਨਾਵਲਕਾਰ ਨੇ ਦ੍ਰਿਸ਼ਟਮਾਨ ਕੀਤਾ ਹੈ, ਕਾਨੂੰਨ ਇਹ ਕਹਿੰਦਾ ਹੈ ਕਿ ਘਟਨਾ ਦਾ ਸ਼ਿਕਾਰ ਹੋਏ ਵਿਅਕਤੀ ਜਾਂ ਚਸ਼ਮਦੀਦ ਗਵਾਹ ਹੀ ਪਰਚਾ ਦਰਜ ਕਰਵਾ ਸਕਦੇ ਹਨ। ਜਿੱਥੇ ਦੋਸ਼ੀਆਂ ਦਾ ਨਾਂ, ਪਤਾ, ਹੁਲੀਆ ਤੇ ਉਸ ਕੋਲ ਕਿਹੜਾ ਹਥਿਆਰ ਸੀ ਤੇ ਉਸ ਨੇ ਕਿਸ ਦੇ ਕਿੱਥੇ ਸੱਟ ਮਾਰੀ ਹੈ, ਆਦਿ ਦੱਸਣਾ ਵੀ ਜ਼ਰੂਰੀ ਹੈ। ਪਰ ਵਾਰਦਾਤ ਦੇ ਸ਼ਿਕਾਰ ਪਰਿਵਾਰ ਵਿਚੋਂ ਇਕ ਦਾ ਕਤਲ, ਬਾਕੀ ਤਿੰਨੋ ਬੇਹੋਸ਼ੀ ਦੀ ਹਾਲਤ 'ਚ ਹਸਪਤਾਲ ਪਏ ਹਨ, ਵਿਅੰਗ ਇਹ ਹੈ ਕਿ ਜਦੋਂ ਇਨਸਾਨ ਅਜਿਹੀ ਮਜ਼ਬੂਰੀ ਦਾ ਸ਼ਿਕਾਰ ਹੁੰਦਾ ਹੈ ਤਾਂ ਉਦੋਂ ਉਹ ਦੋਸ਼ੀਆਂ ਦੇ ਹੁਲੀਏ, ਹਥਿਆਰਾਂ ਦੇ ਨਾਂ ਤੇ ਕਿਸ ਹਥਿਆਰ ਨਾਲ ਕਿੱਥੇ ਸੱਟ ਵੱਜੀ ਵੱਲ ਧਿਆਨ ਨਹੀਂ ਦਿੰਦਾ। ਪਰ 'ਕੌਰਵ ਸਭਾ' ਦੀ ਪੁਲਿਸ ਨੇ ਕਾਨੂੰਨ ਦੀ ਇਸ ਮਜਬੂਰੀ ਦਾ ਹਰ ਹੀਲੇ ਨਾਜ਼ਾਇਜ਼ ਇਸਤੇਮਾਲ ਕੀਤਾ। ਪੁਲਿਸ ਪ੍ਰਬੰਧ ਨੇ ਨਿਹਾ ਦੇ ਫਰਜ਼ੀ ਬਿਆਨ ਕਲਮ-ਬੰਦ ਕਰਕੇ ਰਾਮ ਨਾਥ (ਨਿਹਾ ਦਾ ਮਾਮਾ) ਕੋਲੋਂ ਨਿਹਾ ਦੇ ਜਾਅਲੀ ਦਸਤਖਤ ਕਰਵਾ ਕੇ ਸਰਕਾਰੀ ਤੇ ਕਾਨੂੰਨੀ ਖੱਪੇ ਨੂੰ ਇਸ ਤਰ੍ਹਾਂ ਭਰਿਆ ਕਿ ਇਹ ਕੇਸ ਝੂਠ ਦਾ ਪੁਲੰਦਾ ਬਣ ਗਿਆ। ਜਿਸ ਦਾ ਫਾਇਦਾ ਦੋਸ਼ੀਆਂ ਨੂੰ ਆਸਾਨੀ ਨਾਲ ਮਿਲ ਜਾਣਾ ਸੀ। ਘਟਨਾ ਦੀ ਥਾਂ ਉੱਪਰ ਪਹੁੰਚਣ ਤੋਂ ਲੈ ਕੇ ਅਸਲੀ ਮੁਲਜ਼ਮਾਂ ਦੇ ਫੜੇ ਜਾਣ ਤੱਕ ਪੁਲਿਸ ਦੇ ਹਰ ਅਧਿਕਾਰੀ ਨੇ ਝੂਠ ਦਾ ਸਾਥ ਦੇ ਕੇ ਪੈਸਾ ਬਟੋਰਨ ਦਾ ਹੀ ਕੰਮ ਕੀਤਾ। ਪੁਲਿਸ ਕਪਤਾਨ ਵਲੋਂ ਪ੍ਰੈਸ ਨੂੰ ਝੂਠੇ ਬਿਆਨ ਦੇਣ ਦਾ ਮਕਸਦ ਵੀ ਸੱਚ 'ਤੇ ਪਰਦਾ ਪਾਉਣਾ ਤੇ ਝੂਠ ਨੂੰ ਬੁਲੰਦ ਕਰਨਾ ਸੀ। ਵਾਰਦਾਤ ਦੀ ਤਫ਼ਤੀਸ਼ ਦੌਰਾਨ ਪੁਲਿਸ-ਪ੍ਰਬੰਧ ਦੀ ਕਾਰਗੁਜ਼ਾਰੀ ਕਈ ਹੋਰ ਪਰਤਾਂ ਨੂੰ ਵੀ ਉਧੇੜਦੀ ਹੈ। ਪੁਲਿਸ ਵਿਭਾਗ ਅਣਗਹਿਲੀ ਵਿਚ ਹੋਈ ਮੌਤ ਨੂੰ ਕਤਲ ਬਣਾ ਦਿੰਦੀ ਹੈ ਅਤੇ ਕਤਲ ਨੂੰ ਅਣਗਹਿਲੀ। ਗ਼ੈਰ-ਕਾਨੂੰਨੀ ਕੰਮਾਂ ਵਿਚੋਂ ਹਫ਼ਤਾਵਾਰੀ ਤੇ ਮਹੀਨਾ ਹਥਿਆਉਣਾ ਵੀ ਪੁਲਿਸ ਆਪਣਾ ਹੱਕ ਸਮਝਦੀ ਹੈ। ਲੜਾਈ-ਝਗੜੇ, ਕੁੱਟ-ਮਾਰ, ਡਕੈਤੀ ਅਤੇ ਕਤਲ ਵਰਗੀਆਂ ਵਾਰਦਾਤਾਂ ਦੌਰਾਨ ਜਪਤ ਕੀਤੇ ਸਾਮਾਨ ਨੂੰ ਪੁਲਿਸ ਅਧਿਕਾਰੀਆਂ ਵਲੋਂ ਗਾਇਬ ਕਰਨ ਬਾਰੇ ਵੀ ਨਾਵਲ ਵਿਚ ਸੰਕੇਤ ਮਿਲਦੇ ਹਨ।

ਪੁਲਿਸ ਪ੍ਰਬੰਧ ਨੇ ਆਪਣੇ ਮਨਸੂਬਿਆਂ ਨੂੰ ਉਚਾ ਸੁੱਚਾ ਰੱਖਣ ਲਈ ਪ੍ਰਧਾਨ,ਮੇਲੂ ਡੈਅਰੀ ਵਾਲਾ ਤੇ ਕਈ ਹੋਰ ਸਰਕਾਰੀ ਅਧਿਕਾਰੀਆਂ ਵਰਗੇ ਦਲਾਲ ਵੀ ਰੱਖੇ ਹਨ। ਪੁਲਿਸ ਹੀ ਨਹੀਂ ਬਲਕਿ ਡਾਕਟਰਾਂ, ਰਾਜਨੇਤਾਵਾਂ, ਵਕੀਲਾਂ, ਜੱਜਾਂ ਤੇ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਵੀ ਆਪਣੇ ਦਲਾਲ ਰੱਖੇ ਹੋਏ ਹਨ। ਜੋ ਵਖ਼ਤ ਆਉਣ ਤੇ ਇਨਾਂ ਅਧਿਕਾਰੀਆਂ ਨਾਲ ਸੌਦਾ ਤੈਅ ਕਰਵਾਉਂਦੇ ਹਨ। ਇਸ ਤੋਂ ਬਿਨਾਂ ਇਹ ਉਪ-ਵਿਵਸਥਾਵਾਂ ਆਪਸ ਵਿਚ ਵੀ ਸਮਝੌਤੇਬਾਜ਼ੀ ਕਰਦੀਆਂ ਰਹਿੰਦੀਆਂ ਹਨ। ਨਾਵਲ ਅੰਦਰ ਜਦੋਂ ਪੰਕਜ ਤੇ ਨੀਰਜ ਦੀ ਕਪਤਾਨ ਤੱਕ ਸਿੱਧੀ ਪਹੁੰਚ ਨਾ ਹੋ ਸਕੀ ਤਾਂ ਉਹਨਾਂ ਨੇ ਦਲਾਲ ਰਾਹੀਂ ਹੀ ਕੰਮ ਲਿਆ ਸੀ। ਇਸੀ ਤਰ੍ਹਾਂ ਭਾਈਚਾਰੇ ਦੇ ਨਾਤੇ ਪੁਲਿਸ ਵਾਲਿਆਂ ਨੇ ਡਾਕਟਰਾਂ ਨੂੰ ਸੁਚੇਤ ਕਰ ਦਿੱਤਾ ਕਿ ਗ੍ਰਹਿ-ਮੰਤਰੀ ਦੌਰੇ ਉਪਰ ਆ ਰਹੇ ਹਨ, ਤੇ ਉਹ ਆਪਣੀ -ਆਪਣੀ ਡਿਊਟੀ ਸੰਭਾਲ ਲੈਣ। ਸਿੰਗਲੇ ਵਕੀਲ ਅਤੇ ਪੰਕਜ ਦੀ ਗੱਲਬਾਤ ਇਸ ਨੂੰ ਸਪਸ਼ਟ ਕਰਦੀ ਹੈ।

> "ਦਲਾਲ ਦੱਸੋ ਕੌਣ ਹੈ?" .... ਚੁੱਪ ਕਰਕੇ ਮੇਲੂ ਡੇਅਰੀ ਵਾਲੇ ਕੋਲ ਜਾਓ। ਉਹ ਸਾਫ ਸੁਥਰਾ ਬੰਦਾ ਹੈ। ਦਸ ਹਜ਼ਾਰ ਆਪ ਲਏਗਾ। ਮੂੰਹੋਂ ਮੰਗ ਕੇ। ਗੱਲ ਜੇ ਕਰੇਗਾ ਸੋਲਾਂ ਆਨੇ ਸਹੀ ਹੋਏਗੀ। ਤੁਹਾਡੇ ਬੰਦੇ ਨੂੰ ਨਾਲ ਲੈ ਕੇ ਜਾਏਗਾ। ਗੱਲ ਮੂੰਹ ਤੇ ਕਰੇਗਾ। ਤੁਹਾਡੇ ਹੱਥੀਂ ਪੈਸੇ ਦਿਵਾਏਗਾ। ਅੱਗੇ ਪਿੱਛੇ ਲੋੜ ਪਈ ਨਾਲ ਜਾਏਗਾ।[6]

ਜ਼ੁਰਮ ਕਰਨ ਤੋਂ ਬਾਅਦ ਇਹਨਾਂ ਪ੍ਰਸਥਿਤੀਆਂ ਤੋਂ ਬਾਹਰ ਨਿਕਲਣ ਵਿਚੋਂ ਦਲਾਲ ਕਿਵੇਂ ਇਹਨਾਂ ਲੋਕਾਂ ਦਾ ਸਾਥ ਦਿੰਦੇ ਤੇ ਬੇਕਸੂਰ ਸਾਬਿਤ ਕਰਨ ਵਿਚ ਮੱਦਦ ਕਰਦੇ ਹਨ। ਜਿਸ ਦੀ ਉਦਾਹਰਣ ਪੁਲਿਸ ਦੇ ਦਲਾਲ ਅਨਿਲ ਜੈਨ ਤੇ ਮੇਲੂ ਡੈਅਰੀ ਵਾਲਾ, ਕਚਹਿਰੀ ਦੇ ਦਲਾਲ ਅਜੇ ਤੇ ਸਤੀਸ਼ ਅਤੇ ਹਸਪਤਾਲ ਦੇ ਦਲਾਲ ਠੇਕੇਦਾਰ ਤੋਂ ਭਲੀ-ਭਾਂਤ ਮਿਲਦੀ ਹੈ। ਇਹ ਦਲਾਲ ਇਹਨਾਂ ਅਧਿਕਾਰੀਆਂ ਨੂੰ ਪੈਸੇ ਪਹਿਲਾਂ ਦਿੰਦੇ ਹਨ ਤੇ ਕੰਮ ਪਿੱਛੋਂ ਦੱਸਦੇ ਹਨ। ਕਾਲੀਆਂ ਕਰਤੂਤਾਂ, ਭੈੜੇ ਮਨਸੂਬਿਆਂ, ਦੁਸ਼ਟ-ਦ੍ਰਿਸ਼ਟੀ ਵਾਲੇ ਇਹਨਾਂ ਦਲਾਲ ਅਨਸਰਾਂ ਨੂੰ ਸਮਾਜ ਤੇ ਕਾਨੂੰਨ ਵਲੋਂ ਸਾਫ਼-ਸੁਥਰੇ, ਖਰੇ ਤੇ ਸੱਚੇ ਦੱਸਿਆ ਜਾਂਦਾ ਹੈ, ਜਦੋਂ ਕਿ ਫ਼ੈਲੇ ਭ੍ਰਿਸ਼ਟਾਚਾਰ ਦੀ ਅਸਲ ਜੜ੍ਹ ਅਜਿਹੇ

ਬੰਦੇ ਹੀ ਹਨ। ਇਹਨਾਂ ਅਨਸਰਾਂ ਦੀ ਅਜ਼ਗਰ ਵਰਗੀ ਭੁੱਖ ਨੇ ਸਾਰਾ ਤਾਣਾ-ਪੇਟਾ ਹੀ ਉਲਝਾ ਦਿੱਤਾ ਹੈ। ਪ੍ਰੋ. ਜੋਗਿੰਦਰ ਸਿੰਘ ਰਾਹੀ ਅਨੁਸਾਰ:

> ਸਕਤਿਆਂ ਦੀ ਇਸ ਸਲਤਨਤ ਵਿਚ ਸਮੇਂ ਜਾਂ ਸਮਾਜ ਦਾ ਕੋਈ ਸਿਰ ਪੈਰ ਨਹੀਂ ਦਿਸਦਾ। ਸਭਿਅਤਾ ਹੈ, ਪਰ ਸੱਭਿਆਚਾਰ ਨਹੀਂ।[7]

'ਕੌਰਵ ਸਭਾ' ਵਿਚ ਪੇਸ਼ ਹੋਈ ਅਗਲੀ ਉਪ-ਵਿਵਸਥਾ ਸਰਕਾਰੀ ਤੇ ਗ਼ੈਰ ਸਰਕਾਰੀ ਹਸਪਤਾਲਾਂ ਦੀ ਹੈ। ਜਦੋਂ ਵੇਦ, ਨੀਲਮ ਤੇ ਨਿਹਾ ਨੂੰ ਡਾਕਟਰੀ ਸਹਾਇਤਾ ਲਈ ਹਸਪਤਾਲ ਪਹੁੰਚਾਇਆ ਜਾਂਦਾ ਹੈ ਤਾਂ ਉਥੇ ਉਹਨਾਂ ਨੂੰ ਡਾਕਟਰਾਂ ਦੇ ਭ੍ਰਿਸ਼ਟ ਮਾਹੌਲ ਦਾ ਸ਼ਿਕਾਰ ਹੋਣਾ ਪਿਆ। ਪੰਜ-ਛੇ ਘੰਟੇ ਗੁਜ਼ਰ ਜਾਣ ਬਾਅਦ ਵੀ ਉਹਨਾਂ ਦਾ ਡਾਕਟਰੀ ਇਲਾਜ ਸ਼ੁਰੂ ਨਹੀਂ ਹੁੰਦਾ। ਜਿਸਦਾ ਕਾਰਨ ਡਾਕਟਰਾਂ ਦੇ ਆਪਣੇ ਪ੍ਰਾਈਵੇਟ ਕਲੀਨਿਕ ਹੋਣਾ, ਕਿਸੇ ਦੇ ਕਿਸੇ ਮੰਤਰੀ ਦੀ ਨੂੰਹ ਹੋਣਾ ਅਤੇ ਬਹੁਤਿਆਂ ਦਾ ਪੈਸਾ ਲੈ ਕੇ ਮਰੀਜ਼ਾਂ ਦਾ ਇਲਾਜ ਕਰਨਾ ਹੈ। ਸਰਕਾਰ ਤੋਂ ਤਨਖਾਹ ਦੇ ਨਾਲ-ਨਾਲ ਆਪਣੇ ਪ੍ਰਾਈਵੇਟ ਕਲੀਨਿਕਾਂ ਤੋਂ ਵਾਧੂ ਪੈਸਾ ਕਮਾਉਣਾ ਹੀ ਇਹਨਾਂ ਦਾ ਮੁੱਖ ਉਦੇਸ਼ ਹੈ। ਹਸਪਤਾਲਾਂ ਅੰਦਰ ਡਾਕਟਰਾਂ ਤੇ ਮਰੀਜ਼ਾਂ ਵਿਚ ਸੌਦਾ ਤੈਅ ਕਰਾਉਣ ਲਈ ਸੇਵਾਦਾਰ ਤੇ ਠੇਕੇਦਾਰ ਵਰਗੇ ਦਲਾਲ ਹਨ। ਨਾਵਲ ਅੰਦਰ ਸਾਇਕਲ ਸਟੈਂਡ ਦਾ ਠੇਕੇਦਾਰ ਰਾਮ ਨਾਥ ਨੂੰ ਵੇਦ ਲਈ ਡਾਕਟਰ ਬੁਲਾਉਣ ਦੀ ਸਲਾਹ ਦਿੰਦਾ ਹੋਇਆ ਕਹਿੰਦਾ ਹੈ:

> ਪਹਿਲਾਂ ਫ਼ੀਸ ਤਹਿ ਕਰੋ। ਕੁਝ ਅਡਵਾਂਸ ਦਿਓ। ਫੇਰ ਹੀ ਡਾਕਟਰ ਆਵੇਗਾ?[8]

ਸਮਾਜ ਦੇ ਇਹ ਜ਼ਿੰਮੇਵਾਰ ਸਰਕਾਰੀ ਤੇ ਗ਼ੈਰ ਸਰਕਾਰੀ ਡਾਕਟਰ ਬੇਵੱਸ ਮਰੀਜਾਂ ਨੂੰ ਹਰ ਪੱਖੋਂ ਲੁੱਟਣ ਦਾ ਇੰਤਜ਼ਾਮ ਕਰਦੇ ਰਹਿੰਦੇ ਹਨ। ਦੂਜੇ ਪਾਸੇ ਕਾਨੂੰਨ ਦੀਆਂ ਬੁਣਤਰਾਂ ਇਨ੍ਹਾਂ ਡਾਕਟਰਾਂ ਨੂੰ ਇਨਸਾਨੀਅਤ ਤੋਂ ਹੀ ਦੂਰ ਕਰ ਦਿੰਦੀਆਂ ਹਨ। ਜਦੋਂ ਕਿ ਡਾਕਟਰ ਦਾ ਪਹਿਲਾ ਫ਼ਰਜ਼ ਮਰੀਜ ਦੀ ਜਾਨ ਬਚਾਉਣਾ ਹੁੰਦਾ ਹੈ। ਰਾਮ ਨਾਥ ਨੀਲਮ ਦੀ ਹਾਲਤ ਜਾਨਣ ਲਈ ਡਾਕਟਰਾਂ ਨੂੰ ਪੁੱਛ-ਪੁੱਛ ਹੰਭ ਜਾਂਦਾ ਹੈ, ਤਾਂ ਕਈ ਮਰੀਜ਼ਾਂ ਦੇ ਵਾਰਿਸ ਰਾਮ ਨਾਥ ਨੂੰ ਸਮਝਾਉਣ ਲੱਗੇ:

> ਇਹ ਹਸਪਤਾਲ ਨਾਂ ਦਾ ਹੀ ਵੱਡਾ ਹੈ, ਸਰਕਾਰੀ ਹਸਪਤਾਲਾਂ ਵਾਂਗ ਇਥੋਂ ਦੇ ਡਾਕਟਰਾਂ ਨੂੰ ਵੀ ਰਿਸ਼ਵਤ ਦੀ ਝਾਕ ਰਹਿੰਦੀ ਹੈ। ਇਨ੍ਹਾਂ ਡਾਕਟਰਾਂ ਨੇ ਇਸ ਲੁੱਟ ਦਾ ਨਾ 'ਕਨਸਲਟੇਸ਼ਨ ਫੀ' ਰੱਖਿਆ ਹੋਇਆ ਹੈ। ਕੋਠੀ ਜਾ ਕੇ ਡਾਕਟਰ ਦੀ ਮੁੱਠੀ ਗਰਮ ਕਰੋ। ਡਾਕਟਰ ਫੇਰ ਮੂੰਹ ਖੋਲਣਗੇ।[9]

ਨਾਵਲਕਾਰ ਨੇ ਸਮਕਾਲੀ ਸਮਾਜ ਦੇ ਡਾਕਟਰਾਂ ਦਾ ਜੋ ਘਿਨੌਣਾ ਰੂਪ ਪੇਸ਼ ਕੀਤਾ ਹੈ, ਉਥੇ ਗਰੀਬ/ਲਾਚਾਰ ਤਾਂ ਕੀ ਅਮੀਰਾਂ ਦੀ ਵੀ ਪੇਸ਼ ਨਹੀਂ ਜਾਂਦੀ। ਰੱਬ ਦਾ ਰੂਪ ਕਹੇ ਜਾਣ ਵਾਲੇ ਇਨ੍ਹਾਂ ਡਾਕਟਰਾਂ ਅੱਗੇ ਵੇਦ ਪਰਿਵਾਰ ਨੂੰ ਪ੍ਰਸਥਿਤੀਆਂ ਦੇ ਵੱਸ ਸਬਰ ਦਾ ਘੁੱਟ ਭਰਨਾ ਪੈਂਦਾ ਹੈ। ਸਰਕਾਰੀ ਹਸਪਤਾਲਾਂ ਵਿਚ ਆਉਣ ਦੀ ਮਜ਼ਬੂਰੀ ਇਹ ਹੈ ਕਿ ਕਾਨੂੰਨ ਪ੍ਰਾਈਵੇਟ ਨਾਲੋਂ ਸਰਕਾਰੀ ਡਾਕਟਰਾਂ ਨੂੰ ਤਰਜ਼ੀਹ ਦਿੰਦਾ ਹੈ। ਜਿਸਦਾ ਤਰਕ ਇਹ ਹੈ ਕਿ ਸਰਕਾਰੀ ਮੁਲਾਜ਼ਮ ਝੂਠ ਨਹੀਂ ਬੋਲਦੇ, ਪਰ ਇਥੇ ਤਾਂ ਸਰਕਾਰੀ, ਪਾਈਵੇਟ, ਦੋਨਾਂ ਹਸਪਤਾਲਾਂ ਦਾ ਪ੍ਰਬੰਧ ਹੀ ਝੂਠ ਬੋਲਦਾ ਹੈ। ਇਹਨਾਂ ਡਾਕਟਰਾਂ ਦਾ ਵਤੀਰਾ ਨਿੰਦਾਮਈ ਹੀ ਨਹੀਂ, ਸਗੋਂ ਡਾਕਟਰੀ ਕਿੱਤੇ ਦੀ ਨੈਤਿਕਤਾ ਦੇ ਪਤਨ ਦਾ ਸੂਚਕ ਵੀ ਹੈ। ਨਿਹਾ ਪ੍ਰਤੀ ਲੇਡੀ ਡਾਕਟਰ ਦਾ ਵਿਵਹਾਰ ਅਜਿਹਾ ਹੀ ਹੈ। ਰਾਮ ਨਾਥ ਨੂੰ ਬੇਵਸੀ ਭਰੇ ਸ਼ਬਦਾਂ ਨਾਲ ਨਿਹਾ ਦੀ ਸਹੇਲੀ ਇਹ ਕਹਿੰਦੀ ਹੈ:

> ਅੰਕਲ ਮੈਂ ਨਰਸ ਨੂੰ ਪੁੱਛਿਆ ਸੀ ਕਿ ਡਾਕਟਰ ਕਿਉਂ ਨਹੀਂ ਆਉਂਦੀ। ਉਹ ਕਹਿੰਦੀ ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ। ਉਸਨੂੰ ਕਿਸੇ ਦਾ ਡਰ ਨਹੀਂ। ਜਦੋਂ ਦਿਲ ਕਰਿਆ ਆਏਗੀ। ਪਲੀਜ਼ ਕੁਝ ਕਰੋ। ਮੇਰੀ ਸਹੇਲੀ ਮਰ ਜਾਏਗੀ।[10]

ਪੈਸੇ ਦੀ ਦੀ ਝਲਕ ਵਿਚ ਭ੍ਰਿਸ਼ਟ ਹੋਏ ਇਸ ਹਸਪਤਾਲੀ ਪ੍ਰਬੰਧ ਨੇ ਆਪਣੇ ਇਮਾਨ ਨੂੰ ਹੀ ਵੇਚ ਦਿੱਤਾ। ਜੀਵਨਦਾਨ ਤੇ ਤੰਦਰੁਸਤੀ ਦੇਣ ਵਾਲੀ ਇਹ ਸੰਸਥਾ ਆਪ-ਹੁੱਦਰੇਪਣ ਕਾਰਨ ਵੇਦ ਪਰਿਵਾਰ ਲਈ ਬੇਵਸੀ ਦਾ ਸ਼ਿਕੰਜਾ ਬਣ ਗਈ ਹੈ। ਆਪਣੇ ਫ਼ਰਜ਼ਾਂ ਤੋਂ ਦੂਰ ਇਹ ਵਿਵਸਥਾ ਕਰੂਪ ਤੇ ਭੈੜੇ ਚਰਿੱਤਰ ਵਾਲੀ ਬਣ ਕੇ ਰਹਿ ਗਈ ਹੈ। ਕੁੱਟ-ਮਾਰ ਅਤੇ ਕਤਲ ਵਰਗੀਆਂ ਵਾਰਦਾਤਾਂ ਵਿਚ ਜ਼ੁਰਮ ਨੂੰ

ਸਾਬਤ ਕਰਨ ਲਈ ਸਰੀਰਕ ਨਿਰੀਖਣ ਦੀ ਕਾਰਵਾਈ ਜ਼ਰੂਰੀ ਮੰਨੀ ਜਾਂਦੀ ਹੈ ਜਿਸ ਦੀ ਪ੍ਰਮਾਣਿਕਤਾ ਸਰਕਾਰੀ ਹਸਪਤਾਲਾਂ ਵਲੋਂ ਦਿੱਤੀ ਜਾਂਦੀ ਹੈ।, ਵਿਅੰਗ ਇਹ ਹੈ ਕਿ ਇਹਨਾਂ ਹਸਪਤਾਲਾਂ ਵਿਚ ਸਾਰੀਆਂ ਬਿਮਾਰੀਆਂ ਦੇ ਡਾਕਟਰ ਅੱਵਲ ਤਾਂ ਹੁੰਦੇ ਹੀ ਨਹੀਂ, ਪਰ ਜੇਕਰ ਹੋਣ ਤਾਂ ਉਹ ਆਪਣੇ ਫਰਜ਼ਾਂ ਤੋਂ ਦੂਰ ਝੂਠ ਤੇ ਮਕਾਰੀ ਦੇ ਪੁਤਲੇ ਬਣ ਕੇ ਰੋਗਗ੍ਰਸਤ ਹੋ ਗਏ ਹਨ। ਹੱਡੀਆਂ ਦੇ ਵਾਰਡ ਦੇ ਡਾਕਟਰ ਅਜਿਹੇ ਹੀ ਡਾਕਟਰ ਹਨ,ਜੋ ਵੱਧ ਪੈਸਾ ਕਮਾਉਣ ਲਈ ਹੱਡੀਆਂ ਦੇ ਵਾਰਡ ਵਿਚ ਆਉਣ ਲਈ ਇਕ ਦੂਸਰੇ ਤੋਂ ਵੱਧ ਕੇ ਰਿਸ਼ਵਤ ਦਿੰਦੇ ਹਨ। ਨਤੀਜ਼ਾ ਡਾਕਟਰਾਂ ਦੀ ਇਸ ਜੱਦੋ-ਜਹਿਦ ਵਿਚ ਵਾਰਡ ਖ਼ਾਲੀ ਪਏ ਰਹਿੰਦੇ ਹਨ। ਨਾਵਲ ਅੰਦਰ ਵੇਦ ਆਪਣੀਆਂ ਟੁੱਟੀਆਂ ਹੱਡੀਆਂ ਦੇ ਇਲਾਜ਼ ਲਈ ਤੜਪ ਰਿਹਾ ਹੈ, ਦੂਜੇ ਪਾਸੇ ਨੀਲਮ ਆਪਣੇ ਦਿਮਾਗੀ ਇਲਾਜ ਦਾ ਇੰਤਜ਼ਾਰ ਕਰ ਰਹੀ ਹੈ। ਪਰ ਸਥਿਤੀ ਇਹ ਹੈ ਕਿ ਹੱਡੀਆਂ ਦਾ ਵਾਰਡ ਡਾਕਟਰ ਤੋਂ ਮਹਿਰੂਮ ਹੈ ਅਤੇ ਹਸਪਤਾਲ ਵਿਚ ਦਿਮਾਗ ਦੀਆਂ ਬਿਮਾਰੀਆਂ ਦਾ ਡਾਕਟਰ ਹੀ ਨਹੀਂ। ਮਰੀਜ਼ਾਂ ਦੇ ਰਿਸ਼ਤੇਦਾਰ ਹਾਲ ਦੀ ਘੜੀ ਚਿੰਤਿਤ ਹਨ।

"ਫੇਰ ਸਾਡੇ ਮਰੀਜ਼ ਦਾ ਇਲਾਜ ਕੌਣ ਕਰੇਗਾ?"

"ਕਿਸੇ ਨੇ ਨਹੀਂ। ਐਕਸ-ਰੇ ਕਰਾਓ। ਮਨਮਰਜ਼ੀ ਦੀ ਰਿਪੋਰਟ ਲਓ।

ਫੇਰ ਜਿਹੜੇ ਮਰਜ਼ੀ ਚੰਗੇ ਹਸਪਤਾਲ ਵਿਚ ਚਲੇ ਜਾਓ।"[11].

ਜਿੱਥੇ ਜ਼ਖ਼ਮ ਭਰਨ ਵਾਲੇ ਹੀ ਜਖ਼ਮ ਬਣ ਜਾਣ, ਫ਼ਿਰ ਬੀਮਾਰ ਕਿੱਥੇ ਜਾਣ। ਜ਼ਰੂਰਤ ਤਾਂ ਮਰੀਜ਼ਾਂ ਦੀ ਫੌਰੀ ਸੰਭਾਲ ਦੀ ਹੈ। ਪਰੰਤੂ ਸਰਕਾਰੀ ਹਸਪਤਾਲਾਂ ਵਲੋਂ ਵੇਦ ਪਰਿਵਾਰ ਲਈ ਕੀਤੀ ਗਈ ਅਣਗਹਿਲੀ ਉਹਨਾਂ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਵੇਦ ਪਰਿਵਾਰ ਨੂੰ ਸਰੀਰਕ ਪੀੜਾ ਨਾਲੋਂ ਵੀ ਵੱਧ ਮਾਨਸਿਕ ਪੀੜਾ ਦਾ ਸ਼ਿਕਾਰ ਹੋਣਾ ਪਿਆ। ਨਿਹਾ ਅਜਿਹੀ ਹੀ ਪਾਤਰ ਹੈ, ਜਿਸ ਦਾ ਹੋਸ਼ ਉਸਦੇ ਅਪਵਿੱਤਰ ਸਰੀਰ ਨੂੰ ਸਵੀਕਾਰ ਨਹੀਂ ਕਰ ਰਿਹਾ ਤੇ ਕਮਲ ਦਾ ਕਤਲ ਉਸ ਨੂੰ ਜਿਊਣ ਨਹੀਂ ਦੇ ਰਿਹਾ। ਪਰ ਹਸਪਤਾਲ ਦੇ ਡਾਕਟਰ ਅਤੇ ਪ੍ਰਬੰਧਕੀ-ਢਾਂਚਾ ਅਜਿਹੀ ਕਿਸੇ ਵੀ ਚਿੰਤਾ ਤੋਂ ਮੁਕਤ ਹਨ। ਘੋਰ ਅਮਾਨਵੀਕਰਨ ਦੀ ਸ਼ਿਕਾਰ ਹੋਈ ਇਸ ਸੰਸਥਾ ਨੇ ਨਿਹਾ, ਵੇਦ ਤੇ ਨੀਲਮ ਦੇ ਸਰੀਰਕ ਤੇ ਮਾਨਸਿਕ ਦਰਦਾਂ ਤੋਂ ਦੂਰ ਡਾਕਟਰੀ ਵਿਸ਼ਵਾਸ ਨੂੰ ਹੀ ਭੰਗ ਕਰ ਦਿੱਤਾ। ਸਿਹਤ ਵਿਭਾਗ ਦਾ ਇਹ ਨਿਘਾਰ ਆਪਣੀ ਚਰਮ ਸੀਮਾ ਤੱਕ ਉਸ ਵਖ਼ਤ ਪਹੁੰਚ ਜਾਂਦਾ ਹੈ ਜਦੋਂ ਦੋਸ਼ੀ ਪੰਕਜ ਤੇ ਨੀਰਜ ਨੇ ਜੇਲ੍ਹ

ਤੋਂ ਬਚਣ ਲਈ ਪੈਸੇ ਦੀ ਸ਼ਕਤੀ ਰਾਹੀਂ ਡਾਕਟਰ ਨੂੰ ਖ਼ਰੀਦ ਕੇ ਆਪਣੀ ਝੂਠੀ ਮੈਡੀਕਲ ਰਿਪੋਰਟ ਬਣਵਾ ਲਈ। ਜਿਸ ਦੇ ਨਤੀਜੇ ਵਜੋਂ ਉਹਨਾਂ ਨੂੰ ਸਰਕਾਰੀ ਹਮਦਰਦੀ ਦੇ ਨਾਲ-ਨਾਲ ਸਰਕਾਰੀ ਸਹੂਲਤਾਂ ਵੀ ਮਿਲ ਗਈਆਂ। ਉਹ ਬਿਨ੍ਹਾਂ ਬਿਮਾਰੀ ਹਸਪਤਾਲ 'ਚ ਆਰਾਮ ਨਾਲ ਰਹਿਣ ਲੱਗੇ। ਉਹਨਾਂ ਨੇ ਹਸਪਤਾਲ ਦੇ ਕਮਰਿਆਂ ਨੂੰ ਦਫ਼ਤਰ ਵਿਚ ਤਬਦੀਲ ਕਰ ਲਿਆ। ਦੁੱਖ ਦੀ ਗੱਲ ਇਹ ਹੈ ਕਿ ਕਾਨੂੰਨ ਦਿਖਾਵੇ ਪੱਖੋਂ ਅਮੀਰ/ਗਰੀਬ ਸਭ ਲਈ ਬਰਾਬਰ ਹੈ। ਪਰੰਤੂ ਸੱਚ ਇਹ ਹੈ ਕਿ ਪੈਸੇ ਵਾਲੇ ਇਸ ਸਮਾਜ ਅੰਦਰ ਹਰ ਵੱਡੀ ਮੱਛੀ ਛੋਟੀ ਨੂੰ ਖਾ ਰਹੀ ਹੈ। ਭਾਵੇਂ ਵੇਦ ਪਰਿਵਾਰ ਵੀ ਪੈਸੇ ਵਾਲਾ ਸੀ ਲੇਕਿਨ ਝੁਕਦਾ ਪਲੜਾ ਪੰਕਜ ਹੁਰਾਂ ਦਾ ਸੀ। ਜਿਸ ਕਰਕੇ ਉਹਨਾਂ ਨੇ ਹਰ ਚੀਜ਼ ਨੂੰ ਖ਼ਰੀਦ ਲਿਆ, ਭਾਵੇਂ ਉਹ ਸਰਕਾਰੀ ਤੇ ਪ੍ਰਾਈਵੇਟ ਡਾਕਟਰ ਹੀ ਕਿਉਂ ਨਾ ਹੋਣ। ਰੱਬ ਦਾ ਰੂਪ ਕਹੇ ਜਾਣ ਵਾਲੇ ਇਹਨਾਂ ਡਾਕਟਰਾਂ ਨੂੰ ਮੀਤ ਨੇ ਯਥਾਰਥਕ ਢੰਗ ਰਾਹੀਂ ਚਿਤਰਿਆ ਹੈ।

ਨਾਵਲ 'ਕੌਰਵ ਸਭਾ' ਵਿਚ ਪੇਸ਼ ਹੋਈ ਅਗਲੀ ਕੜੀ ਨਿਆਂ ਵਿਵਸਥਾ ਦੀ ਹੈ। ਇੱਥੇ ਉਹਨਾਂ ਹੀ ਵਕੀਲਾਂ ਦੀ ਕਦਰ ਹੁੰਦੀ ਹੈ ਜਿਹੜੇ ਕਾਨੂੰਨ ਤਾਂ ਬਹੁਤਾ ਨਹੀਂ ਜਾਣਦੇ ਪਰ ਹਰ ਹਰਬਾ ਵਰਤ ਕੇ ਪੁਲਿਸ ਤੋਂ ਲੈ ਕੇ ਜੱਜਾਂ ਤੱਕ ਬਣਾ ਕੇ ਰੱਖਦੇ ਹਨ। ਜਿਹੜੇ ਲੋੜ ਪੈਣ ਤੇ ਝੂਠੀਆਂ ਮਿਸਲਾਂ ਤਿਆਰ ਕਰਵਾ ਕੇ, ਝੂਠੇ ਗਵਾਹ ਤੇ ਜੱਜਾਂ ਨੂੰ ਰਿਸ਼ਵਤ ਪਹੁੰਚਾ ਕੇ ਕੇਸ ਦਾ ਰੁੱਖ਼ ਆਪਣੀ ਮਰਜ਼ੀ ਮੁਤਾਬਿਕ ਮੋੜ ਲੈਂਦੇ ਹਨ। ਜਦੋਂ ਕਿ ਵਕੀਲ ਨੇ ਕਾਨੂੰਨੀ ਨੁਕਤਿਆਂ ਦੀ ਸਹਾਇਤਾ ਨਾਲ ਅਦਾਲਤ ਵਿਚ ਅਸਲੀਅਤ ਪੇਸ਼ ਕਰਨੀ ਹੁੰਦੀ ਹੈ। ਪਰ 'ਕੌਰਵ ਸਭਾ' ਦੇ ਵਕੀਲਾਂ ਦੇ ਨਜ਼ਰੀਏ ਦਾ ਮੁੱਖ ਆਧਾਰ ਪੈਸਾ ਕਮਾਉਣਾ ਹੈ। ਨੰਦ ਲਾਲ ਅਤੇ ਸਿੰਗਲਾ ਅਜਿਹੇ ਹੀ ਦੋ ਪ੍ਰਤੀਨਿਧ ਵਕੀਲ ਹਨ। ਨੰਦ ਲਾਲ ਦੀ ਚੋਣ ਦਾ ਮੁੱਖ ਕਾਰਨ ਇਹ ਹੈ ਕਿ ਉਹ ਅਰਦਲੀ ਤੋਂ ਸੁਪਰੀਮ ਕੋਰਟ ਦੇ ਜੱਜਾਂ ਤੱਕ ਦੀ ਖ਼ਰੀਦੋ-ਫਰੋਖ਼ਤ ਕਰਨ ਦੇ ਗੁਣ ਜਾਣਦਾ ਹੈ। ਜੋ ਨਾ ਕੇਵਲ ਫ਼ੀਸ ਹੀ ਜ਼ਿਆਦਾ ਲੈਂਦਾ ਹੈ, ਸਗੋਂ ਝੂਠੇ ਗਵਾਹਾਂ ਤੇ ਰਿਸ਼ਵਤ ਦੇ ਆਧਾਰ ਪਰ ਕੇਸ ਲੜਦਾ ਹੈ। ਜਿੱਥੇ ਇਹ ਵਕੀਲ ਸਫ਼ਾਈ ਧਿਰ ਜਾਂ ਮੁਦੱਈ ਧਿਰ ਤੋਂ ਪੈਸਾ ਕਮਾਉਣ ਦੀ ਲਾਲਸਾ ਰੱਖਦੇ ਹਨ, ਉਥੇ ਨਾਲ ਹੀ ਆਪਸੀ ਖਾਹਿਬਾਜ਼ੀ ਦਾ ਵੀ ਸ਼ਿਕਾਰ ਹਨ। ਸਿੰਗਲਾ ਨੰਦ ਲਾਲ ਦੀ ਚੜ੍ਹਤ ਅਤੇ ਵੱਧ ਫ਼ੀਸ ਲੈਣ ਕਾਰਨ ਹੀ ਉਸ ਤੋਂ ਚਿੜ੍ਹਿਆ ਰਹਿੰਦਾ ਹੈ।

ਬਾਬੂ ਜੀ ਬੜੇ ਚਾਲੂ ਪੁਰਜ਼ੇ ਹਨ। ਫ਼ੀਸ ਤੋਂ ਇਲਾਵਾ ਹੋਰ ਕਿੰਨੀ ਕੁੰਡੀ ਲਾ ਗਏ? [12]

ਵਿਅੰਗ ਇਹ ਹੈ ਕਿ ਇਨਾਂ ਵਕੀਲਾਂ ਨੂੰ ਕਾਨੂੰਨੀ ਮੁਹਾਰਤ ਨਾਲੋਂ ਵੱਧ ਤਰਜ਼ੀਹ ਇਹ ਦਿੱਤੀ ਜਾਂਦੀ ਹੈ ਕਿ ਉਸਦੀ ਵੱਡੇ ਅਫ਼ਸਰਾਂ, ਮੰਤਰੀਆਂ, ਪੁਲਿਸ ਵਾਲਿਆਂ ਅਤੇ ਛੋਟੇ ਮੋਟੇ ਅਧਿਕਾਰੀਆਂ ਨਾਲ ਬਣਦੀ ਹੋਵੇ। ਨਤੀਜ਼ੇ ਵਜੋਂ ਇਹ ਵਕੀਲ ਜ਼ਰੂਰੀ ਦਾਅਪੇਚ ਵਰਤ ਕ੍ਰੇ ਮੁਲਜ਼ਮਾਂ ਨੂੰ ਰਿਹਾ ਕਰਵਾ ਲੈਂਦੇ ਹਨ। ਨੰਦ ਨਾਲ ਅਜਿਹਾ ਹੀ ਛਾਤਿਰ ਵਕੀਲ ਹੈ ਜਿਸ ਦੀ ਪੇਸ਼ਕਾਰੀ ਜ਼ਮਾਨਤ ਦੀ ਫ਼ੀਸ ਹੀ ਇਕ ਲੱਖ ਰੁਪਇਆ ਹੈ ਤੇ ਕੇਸ ਲੜਨ ਦੇ ਪੰਜਾਹ ਹਜ਼ਾਰ ਹੋਰ। ਪ੍ਰਾਈਵੇਟ ਵਕੀਲ਼ ਹੀ ਨਹੀਂ ਬਲਕਿ ਸਰਕਾਰੀ ਵਕੀਲਾਂ ਦੇ ਨਾਲ-ਨਾਲ ਅਹਿਲਕਾਰ, ਸਟੈਨੋ, ਸੁਪਰਡੈਂਟ, ਸੈਸ਼ਨ-ਜੱਜ,ਨਾਇਬ ਕੋਰਟ ਆਦਿ ਸਭ ਦੇ ਸਭ ਪੈਸੇ ਦੇ ਪੁਤਲੇ ਹਨ। ਸਿੰਗਲੇ ਨੇ ਜੱਜ ਸਾਧੂ ਸਿੰਘ ਦੇ ਅਰਦਲੀ ਤੋਂ ਹੁਕਮ ਦੀ ਨਕਲ ਲੈਣ ਦੇ ਇਵਜ਼ਾਨੇ ਵਜੋਂ ਜੱਜ ਨੂੰ ਇਹ ਕਿਹਾ

ਇੰਝ ਕਰੋ ... ਸਟੈਨੋ, ਰੀਡਰ, .... .. ਕੁੱਲ ਬਣੇ ਪੰਜ ..... ਇਸ ਨੂੰ ਪੰਜ ਸੌ ... ਨਹੀਂ ਚੱਲੋ ਛੇ ਸੌ ਰੁਪਏ ਦਿਓ ...... ਇਹ ਸਭ ਨੂੰ ਆਪੇ ਦੇ ਦੇਵੇਗਾ। [13]

ਇਸ ਪ੍ਰਕਾਰ ਅਦਾਲਤ ਨਾਲ ਸੰਬੰਧਿਤ ਹਰ ਪਾਤਰ ਹੀ ਰਿਸ਼ਵਤਖੋਰ ਹੈ। ਛੋਟੇ ਛੋਟੇ ਕਰਮਚਾਰੀਆਂ ਤੋਂ ਲੈ ਕੇ ਹਾਈਕੋਰਟ ਦੇ ਜੱਜਾਂ ਤੱਕ ਦੀ ਫ਼ੀਸ ਤਹਿ ਕੀਤੀ ਜਾਂਦੀ ਹੈ। ਹਾਈਕੋਰਟ ਦੇ ਰਜਿਸਟਰਾਰ ਪ੍ਰਤਾਪ ਸਿੰਘ ਦਾ ਵੀ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸੇ ਹੋਣਾ ਨਿਆਂ ਵਿਵਸਥਾ ਦੀ ਤਰਕਸੰਗਤਾ'ਤੇ ਇਕ ਵੱਡਾ ਪ੍ਰਸ਼ਨ ਚਿੰਨ੍ਹ ਹੈ। ਪ੍ਰਤਾਪ ਸਿੰਘ ਵਕੀਲਾਂ, ਜੱਜਾਂ ਦੀ ਦਲਾਲੀ ਵੀ ਕਰਦਾ ਹੈ। ਵਕੀਲ ਕਰਨ ਲਈ ਉਹ ਪੰਕਜ ਨੂੰ ਪੁੱਛਦਾ ਹੋਇਆ ਕਹਿੰਦਾ ਹੈ।

ਦੇਖ! ਬੈਂਚ ਵਿਚ ਦੋ ਜੱਜ ਬੈਠਦੇ ਹਨ। ਜੂਨੀਅਰ ਜੱਜ ਨਾਲ ਮੇਰੀ ਬਹੁਤ ਬਣਦੀ ਹੈ। ਉਸਨੂੰ ਮੈਂ ਜੋ ਦੇ ਦੇਵਾਂਗਾ ਲੈ ਲਏਗਾ। ਉਸਨੂੰ ਆਪਾਂ ਇਕ ਪੇਟੀ ਦੇਵਾਂਗੇ। ਸੀਨੀਅਰ ਨਾਲ ਉਹ ਆਪੇ ਗੱਲ ਕਰੇਗਾ। ਵੱਧੋਂ ਵੱਧ ਇਕ ਪੇਟੀ ਸੀਨੀਅਰ ਲੈ ਲਏਗਾ। ਇਹ ਘੱਟੋ ਘੱਟ ਫ਼ੀਸ ਹੈ।.[14]

"ਕਿੰਨੇ ਪੈਸਿਆਂ ਦਾ ਇੰਤਜ਼ਾਮ ਕਰਕੇ ਲਿਆਂਦਾ ਹੈ, ਇਹ ਦੋ ਪੇਟੀਆਂ
ਕਦੋਂ ਪੁੱਜ ਜਾਣਗੀਆਂ।" [15]

ਕਾਨੂੰਨ ਨੂੰ ਅਮਲ ਵਿਚ ਲਿਆਉਣ ਵਾਲੇ ਹੀ ਇਸ ਦੇ ਵਿਕਰੇਤਾ ਬਣ ਜਾਂਦੇ ਹਨ। ਇਹ ਸਾਰੇ ਅਨਿਆਂ ਦੇ ਖ਼ਿਲਾਫ਼ ਚੁੱਪ ਦੀ ਫ਼ੀਸ ਲੈਂਦੇ ਹਨ, ਅਤੇ ਮੁਲਜ਼ਮ ਦੇ ਵਕੀਲ ਨੂੰ ਸੱਚ ਦੀ ਜਗ੍ਹਾ ਝੂਠ ਅਤੇ ਝੂਠ ਦੀ ਜਗ੍ਹਾ ਸੱਚ ਬਣਾਉਣ ਦੀ ਖੁੱਲ੍ਹ ਦਿੰਦੇ ਹਨ। ਅਜਿਹੇ ਵਕੀਲਾਂ ਅਤੇ ਜੱਜਾਂ ਦਾ ਨਿਆਂ-ਵਿਵਸਥਾ ਵਿਚ ਹੋਣਾ ਹੀ ਭਾਰਤੀ ਕਾਨੂੰਨ ਉਪਰ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਇਹਨਾਂ ਭ੍ਰਿਸ਼ਟ ਵਕੀਲਾਂ, ਜੱਜਾਂ ਦੀ ਫ਼ੀਸ ਪੇਟੀਆਂ ਵਿਚ ਅੰਕੀ ਜਾਂਦੀ ਹੈ। ਇਕ ਪੇਟੀ ਤੋਂ ਭਾਵ ਇਕ ਲੱਖ ਰੁਪਇਆ ਹੈ। ਤ੍ਰਾਸਦੀ ਇਹ ਬਣ ਗਈ ਹੈ ਕਿ ਕਾਨੂੰਨ ਆਮ ਇਨਸਾਨ ਦੀ ਪਹੁੰਚ ਤੋਂ ਬਹੁਤ ਦੂਰ ਹੋ ਗਿਆ ਹੈ। ਦੂਜੇ ਪਾਸੇ ਜੱਜ ਉਦੋਂ ਤੱਕ ਕੇਸ ਦੀ ਸੁਣਵਾਈ ਨਹੀਂ ਕਰਦੇ, ਜਦੋਂ ਤੱਕ ਕੇਸ ਪੁਰਾਣਾ ਨਹੀਂ ਹੋ ਜਾਂਦਾ। 'ਕੌਰਵ ਸਭਾ' ਵਿਚ ਵਾਪਰੀ ਇਹ ਘਟਨਾ ਕਤਲ, ਡਕੈਤੀ ਜ਼ਬਰ ਜਿਨਾਹ ਅਤੇ ਕੁੱਟ-ਮਾਰ ਵਰਗੇ ਅਪਰਾਧਾਂ ਨਾਲ ਭਰੀ ਪਈ ਹੈ। ਦੁੱਖ ਦੀ ਗੱਲ ਇਹ ਹੈ ਕਿ ਇਹਨਾਂ ਵੱਖ-ਵੱਖ ਅਪਰਾਧਾਂ ਦੇ ਬਾਵਜੂਦ ਨਿਆਂਪਾਲਿਕਾ ਇਨਸਾਫ਼ ਕਰਨ ਲਈ ਤਿੰਨ ਸਾਲ ਲਗਾ ਦਿੰਦੀ ਹੈ। ਇਸ ਤੋਂ ਵੀ ਵੱਧ, ਤ੍ਰਾਸਦੀ ਇਹ ਹੈ ਕਿ ਕਾਨੂੰਨ ਸ਼ੱਕ ਦੇ ਆਧਾਰ ਪਰ ਦੋਸ਼ੀਆਂ ਦੇ ਹੱਕ ਵਿਚ ਭੁਗਤਦਾ ਹੈ। ਅਸਲ ਵਿਚ ਅਪਰਾਧ ਕਰਦੇ ਅਤੇ ਕਰਵਾਉਂਦੇ ਹੀ ਉਹੀ ਹਨ ਜਿਨ੍ਹਾਂ ਦੀਆਂ ਜੇਬਾਂ ਨੋਟਾਂ ਨਾਲ ਭਰੀਆਂ ਹੁੰਦੀਆਂ ਹਨ। ਰਜਿਸਟਰਾਰ ਪ੍ਰਤਾਪ ਸਿੰਘ ਦੇ ਇਹ ਸ਼ਬਦ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਸਭ ਹੋ ਜਾਂਦਾ ਹੈ। ਪੈਸੇ ਵਿਚ ਬੜੀ ਤਾਕਤ ਹੈ। ਕਾਨੂੰਨ ਇਸਦਾ
ਗੁਲਾਮ ਹੈ। ਦੇਖੋ ਆਗੇ ਆਗੇ ਹੋਤਾ ਹੈ ਕਿਆ? [16]

ਨਾਵਲਕਾਰ ਨੇ ਅਜਿਹੇ ਪਾਤਰ ਵੀ ਪੇਸ਼ ਕੀਤੇ ਹਨ, ਜਿਹੜੇ ਇਕੋ ਸਮੇਂ ਸੱਚ ਤੇ ਝੂਠ ਦੀ ਕਸੌਟੀ ਵਜੋਂ ਜਾਣੇ ਜਾਂਦੇ ਹਨ। ਰਾਮ ਨਾਥ ਅਜਿਹਾ ਹੀ ਪਾਤਰ ਹੈ ਜੋ ਮੁਦੱਈ ਧਿਰ ਦਾ ਰਿਸ਼ਤੇਦਾਰ ਤੇ ਇਕ ਵਕੀਲ ਹੈ। ਜਦੋਂ ਉਹ ਆਪਣੀ ਭੈਣ ਦੇ ਘਰ ਹੋਈ ਵਾਰਦਾਤ ਦੇ ਇਨਸਾਫ਼ ਦੀ ਮੰਗ ਕਰਦਾ ਹੈ ਤਾਂ ਉਹ ਸੱਚ ਦਾ ਸਾਥ ਦਿੰਦਾ ਹੈ ਪਰ ਜਦੋਂ ਛਿੰਦੋ ਦੇ ਕੇਸ ਵਿਚ ਵਕੀਲ ਵਜੋਂ ਸਾਹਮਣੇ ਆਉਂਦਾ ਹੈ

ਤਾਂ ਉਹ ਵੀ ਆਪਣੇ ਫਰਜ਼ਾਂ ਤੋਂ ਮੂੰਹ ਮੋੜ ਕੇ ਝੂਠ ਦਾ ਸਾਥ ਦਿੰਦਾ ਹੈ। ਨਾਵਲਕਾਰ ਨੇ ਇੱਥੇ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਜੋ ਘਿਨੌਣਾਪਨ, ਭ੍ਰਿਸ਼ਟ ਵਰਤਾਰਾ ਅਸੀਂ ਦੂਜਿਆਂ ਨਾਲ ਕਰਦੇ ਹਾਂ ਕਦੀ ਸਾਨੂੰ ਖੁਦ ਵੀ ਅਜਿਹੇ ਮਾਹੌਲ ਦਾ ਸ਼ਿਕਾਰ ਹੋਣਾ ਪੈ ਸਕਦਾ ਹੈ। ਰਾਮ ਨਾਥ ਦੀ ਲਾਚਾਰੀ ਤੇ ਬੇਵਸੀ ਉਸ ਦੇ ਆਪਣੇ ਹੀ ਆਤਮ-ਚੇਤਨ ਰਾਹੀਂ ਝਲਕਦੀ ਹੈ।

> ਕਦੇ ਦੁਸ਼ਾਸ਼ਣ ਬਣ ਕੇ ਰਾਮ ਨਾਥ ਨੇ ਸ਼ਿੰਦੋ ਦੇ ਚੀਰ ਹਰਣ ਦਾ ਸਵਾਦ ਲਿਆ ਸੀ। ਹੁਣ ਕਿਸੇ ਹੋਰ ਨੇ ਉਹੋ ਕੌਰਵ ਬਣ ਕੇ ਨਿਹਾ ਬੇਟੀ ਦਾ ਚੀਰ ਹਰਣ ਕਰਨਾ ਸੀ। ਭੀਸ਼ਮ ਪਿਤਾਮਾ ਵਾਂਗ ਮਜਬੂਰ ਰਾਮ ਨਾਥ ਨੇ ਛਟਪਟਾ ਕੇ ਰਹਿ ਜਾਣਾ ਸੀ।[17]

ਇਹਨਾਂ ਸ਼ਬਦਾਂ ਵਿਚ ਰਾਮ ਨਾਥ ਦੀ ਬੇਵਸੀ ਦੇ ਨਾਲ-ਨਾਲ ਮਾਨਵੀ ਪੱਖ ਵੀ ਝਲਕਦਾ ਹੈ। ਉਸਨੂੰ ਅਹਿਸਾਸ ਹੁੰਦਾ ਹੈ ਕਿ ਵਕੀਲ ਦਾ ਕੰਮ ਕਿਸੇ ਪਾਰਟੀ ਦਾ ਪੱਖ ਪੂਰਨਾ ਨਹੀਂ, ਬਲਕਿ ਸੱਚਾਈ ਤੱਕ ਪੁੱਜਣ ਵਿਚ ਜੱਜ ਦੀ ਮੱਦਦ ਕਰਨਾ ਹੈ। ਪਰ ਮਨੁੱਖ ਲਈ ਅੱਜ ਦੇ ਇਸ ਪੂੰਜੀਵਾਦੀ ਸਿਸਟਮ ਤੋਂ ਆਪਣੇ ਆਪ ਨੂੰ ਬਚਾ ਕੇ ਰੱਖਣ ਦੀ ਇੱਛਾ ਵੱਸ ਤੋਂ ਬਾਹਰੀ ਹੋ ਚੁੱਕੀ ਹੈ। ਊਧਮ ਸਿੰਘ ਅਜਿਹਾ ਹੀ ਵਕੀਲ ਹੈ, ਜੋ ਬਿਨ੍ਹਾਂ ਫ਼ੀਸ ਰਾਮ ਨਾਥ ਦਾ ਕੇਸ ਲੜਨਾ ਚਾਹੁੰਦਾ ਹੈ। ਪਰ ਉਹ ਅਜਿਹਾ ਨਹੀਂ ਕਰਦਾ, ਕਿਉਂਕਿ ਪੈਸਾ ਕੀਮਤਾਂ ਦੀ ਗ੍ਰਿਫ਼ਤ ਵਿਚ ਮਨੁੱਖ ਦੇ ਜਕੜੇ ਹੋਣ ਦੀ ਇਹ ਵੱਡੀ ਮਜਬੂਰੀ ਹੈ। ਨਿਆਂ ਪ੍ਰਣਾਲੀ ਦੀ ਇਸ ਕੌਰਵੀ ਵਿਵਸਥਾ ਵਿਚ ਸਾਧੂ ਸਿੰਘ ਵਰਗੇ ਜੱਜ ਵੀ ਮੌਜੂਦ ਹਨ। ਜੋ ਕੇਵਲ ਇਮਾਨਦਾਰ ਹੀ ਨਹੀਂ, ਜ਼ਿੰਮੇਵਾਰ ਤੇ ਇਨਸਾਫ਼ ਪਸੰਦ ਜੱਜ ਹਨ। ਸਾਧੂ ਸਿੰਘ ਹਰ ਹਾਲਤ ਵਿਚ ਵੇਦ ਪਰਿਵਾਰ ਨੂੰ ਇਨਸਾਫ਼ ਦਿਲਵਾਉਣਾ ਚਾਹੁੰਦਾ ਹੈ। ਸਾਧੂ ਸਿੰਘ ਨੂੰ ਪੰਕਜ ਤੇ ਨੀਰਜ਼ ਦੇ ਦੋਸ਼ੀ ਹੋਣ ਬਾਰੇ ਯਕੀਨ ਹੈ। ਉਹ ਇਸ ਕੇਸ ਦਾ ਫ਼ੈਸਲਾ ਆਪਣੇ ਹੱਥਾਂ ਨਾਲ ਕਰਨਾ ਚਾਹੁੰਦਾ ਹੈ। ਪਰੰਤੂ ਨੰਦ ਲਾਲ ਵਰਗੇ ਛਾਤਿਰ ਵਕੀਲ ਉਪਰੋਂ ਸਿਫ਼ਾਰਸ਼ਾਂ ਕਰਵਾ ਕੇ ਉਸ ਦੀ ਬਦਲੀ ਕਰਵਾ ਦਿੰਦੇ ਹਨ। ਸਥਿਤੀ ਦਾ ਵਿਅੰਗ ਇਹ ਹੈ ਕਿ ਉਹ ਵਿਵਸਥਾ ਦੇ ਭ੍ਰਿਸ਼ਟ ਮਾਹੌਲ ਅਤੇ ਵਕੀਲਾਂ ਦੀ ਤਿਕੜਮਬਾਜ਼ੀ ਅੱਗੇ ਇਨਸਾਫ਼ ਕਰਨ ਤੋਂ ਅਸਮਰੱਥ ਰਹਿ ਜਾਂਦਾ ਹੈ, ਜੱਜ ਸਾਧੂ ਸਿੰਘ ਨਾਂ ਦਾ ਹੀ ਸਾਧੂ ਨਹੀਂ ਸੁਭਾਅ ਦਾ ਵੀ ਸਾਧੂ ਹੈ। ਸਾਧੂ ਸਿੰਘ ਉਸ ਦਿਨ ਆਪਣੇ ਆਪ ਨੂੰ 'ਕੌਰਵ ਸਭਾ' ਦਾ ਮੁੱਖੀ ਮਹਿਸੂਸ ਕਰ ਰਿਹਾ ਸੀ,

ਜਿਸ ਦਿਨ ਨਿਹਾ ਦੀ ਗਵਾਹੀ ਹੋਣੀ ਸੀ। ਉਨ੍ਹਾਂ ਨੇ ਮਾਸੂਮ ਕੁੜੀ ਨੂੰ ਸ਼ਬਦ ਬਾਣਾਂ ਰਾਹੀਂ ਨਿਰ-ਵਸਤਰ ਕਰਨਾ ਸੀ। ਪਰ ਅਦਾਲਤ ਦੇ ਆਖਰੀ ਦਿਨ ਜਦੋਂ ਨੰਦ ਲਾਲ ਸਾਧੂ ਸਿੰਘ ਦਾ ਸਾਹਮਣਾ ਕਰਦਾ ਹੈ ਤਾਂ, ਜਿਵੇਂ ਨੰਦ ਲਾਲ ਦੀ ਆਤਮਾ ਉਸ ਦੇ ਆਪੇ ਨੂੰ ਲਾਹਨਤ ਪਾ ਰਹੀ ਹੋਵੇ। ਸਾਧੂ ਸਿੰਘ ਦੇ ਆਖਰੀ ਬੋਲ ਉਸਦੀ ਹਾਰ ਬਣ ਗਏ ਹੋਣ:

"ਹੁਣ ਤਾਂ ਖੁਸ਼ ਹੋ।" [18]

ਸਾਧੂ ਸਿੰਘ ਦੀ ਵਿਅੰਗਮਈ ਮੁਸਕਾਨ ਜਿਵੇਂ ਉਸ ਦੀਆਂ ਆਂਦਰਾਂ ਨੂੰ ਛੂਹ ਗਈ ਹੋਵੇ, ਨੰਦ ਲਾਲ ਨੂੰ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਸਾਧੂ ਸਿੰਘ ਪੁੱਛ ਰਿਹਾ ਹੋਵੇ:-

ਕੀ ਇਹੋ ਉਸਦਾ ਫ਼ਰਜ਼ ਸੀ? [19]

ਨਤੀਜਾ, ਇਨਸਾਫ਼ ਦੀ ਕੁਰਸੀ ਸਾਧੂ ਸਿੰਘ ਦੀ ਜਗ੍ਹਾ ਭਗਤ ਰਾਮ ਵਰਗੇ ਪੈਸੇ ਦੇ ਪੁਜਾਰੀਆਂ ਕੋਲ ਆ ਗਈ। ਜਿਸ ਨੇ ਪੈਸੇ ਖ਼ਾਤਿਰ ਝੂਠ ਦਾ ਸਾਥ ਦੇ ਕੇ ਸੱਚ ਨੂੰ ਮਾਰ ਦਿੱਤਾ। ਅੰਤ ਮਜ਼ਲੂਮ ਧਿਰ ਨੂੰ ਅਨਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਹੌਂਸਲਾ ਰੱਖ ਧੀਏ! ਇਸ ਅਦਾਲਤ ਦਾ ਫੈਸਲਾ ਅੰਤਿਮ ਨਹੀਂ, ਆਪਾਂ ਉਪਰ ਅਪੀਲ ਕਰਾਂਗੇ। [20]

ਰਾਮ ਨਾਥ ਇਹਨਾਂ ਸ਼ਬਦਾਂ ਨਾਲ ਨਿਹਾ ਦੀ ਹਿੰਮਤ ਵਧਾਉਣਾ ਜ਼ਰੂਰ ਹੈ, ਉਂਝ ਉਸ ਨੂੰ ਪਤਾ ਸੀ ਉਪਰ ਵੀ ਇਹੋ ਕੁਝ ਹੋਣ ਵਾਲਾ ਹੈ। ਇਕ ਹੋਰ ਨੁਕਤਾ ਸਾਹਮਣੇ ਆਉਂਦਾ ਹੈ ਕਿ ਜੇਕਰ ਕਿਸੀ ਅਪਰਾਧੀ ਨੂੰ ਸਜ਼ਾ ਮਿਲ ਵੀ ਜਾਵੇ, ਤਾਂ ਉਹ ਜੇਲ੍ਹ ਨੂੰ ਘਰ ਹੀ ਬਣਾ ਲੈਂਦੇ ਹਨ। ਜਿੱਥੇ ਜ਼ਿੰਦਗੀ ਦੇ ਐਸ਼ੋ ਆਰਾਮ ਦਾ ਸਭ ਸਾਮਾਨ ਉਹਨਾਂ ਨੂੰ ਮਿਲ ਜਾਂਦਾ ਹੈ। ਜਦੋਂ ਕਿ ਜੇਲ੍ਹ ਦਾ ਭਾਵ ਅਪਰਾਧੀ ਨੂੰ ਕੀਤੇ ਅਪਰਾਧ ਦਾ ਅਹਿਸਾਸ ਕਰਵਾਉਂਣਾ ਹੁੰਦਾ ਹੈ ਤੇ ਆਪਣੇ-ਆਪ ਨੂੰ ਸੁਧਾਰਨ ਦਾ ਮੌਕਾ ਦੇਣਾ ਹੁੰਦਾ ਹੈ। ਪਰੰਤੂ ਹੁੰਦਾ ਇਸ ਦੇ ਉਲਟ ਹੈ, ਨਤੀਜਾ ਜ਼ੁਰਮ ਵੱਧਦਾ ਹੀ ਜਾਂਦਾ ਹੈ।

ਇਸ ਤੋਂ ਬਿਨਾਂ ਨਾਵਲਕਾਰ ਨੇ ਰਾਜਨੀਤਕ ਵਿਵਸਥਾ ਨੂੰ ਵੀ ਪੇਸ਼ ਕੀਤਾ ਹੈ। ਮੁੱਖ ਮੰਤਰੀ, ਐਮ. ਪੀ., ਵਿਧਾਇਕ, ਸਕੱਤਰ ਅਤੇ ਪ੍ਰਿੰਸੀਪਲ ਸੈਕਟਰੀ ਸਭ ਦੇ ਸਭ ਪੈਸੇ ਅਤੇ ਸਵਾਰਥਮੁੱਖ ਹਿੱਤਾਂ ਲਈ ਕੰਮ ਕਰਦੇ ਹਨ। ਵੇਦ ਪਰਿਵਾਰ ਨਾਲ ਵਾਪਰੀ ਵਾਰਦਾਤ ਦੀ ਭਿਣਕ ਜਦੋਂ ਰਾਜਨੇਤਾਵਾਂ ਨੂੰ

ਪੈਂਦੀ ਹੈ ਤਾਂ ਉਹ ਸਥਿਤੀ ਦਾ ਜ਼ਾਇਜਾ ਲੈਣ ਆਉਂਦੇ ਜ਼ਰੂਰ ਹਨ, ਪਰ ਇਹ ਸਭ ਸ਼ਹਿਰ ਵਿਚ ਵੱਧ ਰਹੇ ਗੁੱਸੇ ਤੇ ਵਿਰੋਧੀ ਧਿਰਾਂ ਦੇ ਪ੍ਰਭਾਵ ਵਜੋਂ ਹੀ ਸੰਭਵ ਹੋ ਸਕਿਆ। ਸਿਆਸਤਦਾਨ ਆਪਣੇ ਮੁਫ਼ਾਦ ਪੂਰੇ ਕਰਨ ਲਈ ਕੋਹਜੇ ਤੇ ਭੈੜੇ ਮਨਸੂਬੇ ਪਹਿਲਾਂ ਹੀ ਤਿਆਰ ਕਰ ਲੈਂਦੇ ਹਨ ਹਨ। ਮੁੱਖ ਮੰਤਰੀ ਤੇ ਵਿਧਾਇਕ ਬਘੇਲ ਸਿੰਘ ਅਜਿਹੇ ਹੀ ਨੇਤਾ ਹਨ। ਮੁੱਖ ਮੰਤਰੀ ਦਾ ਮਕਸਦ ਬਘੇਲ ਸਿੰਘ ਨੂੰ ਵਿਰੋਧੀ ਧੜੇ ਨਾਲੋਂ ਤੋੜ ਕੇ ਆਪਣੇ ਨਾਲ ਮਿਲਾਉਣ ਤੋਂ ਹੈ, ਜਦੋਂ ਕਿ ਬਘੇਲ ਸਿੰਘ ਮੁੱਖ ਮੰਤਰੀ ਦੀ ਸ਼ਹਿ ਨਾਲ ਪੰਕਜ ਹੁਰਾਂ ਨੂੰ ਦਬਾ ਕੇ ਪਾਰਟੀ ਫੰਡ ਦੇ ਨਾਂ ਉਪਰ ਪੈਸਾ ਕਮਾਉਣਾ ਚਾਹੁੰਦਾ ਹੈ, ਦੂਜੇ ਪਾਸੇ ਬਘੇਲ ਸਿੰਘ ਨੂੰ ਮੁਲਜ਼ਮ ਧਿਰ ਦੀਆਂ ਸਾਰੀਆਂ ਕਾਰਵਾਈਆਂ ਦਾ ਪਤਾ ਹੈ, ਉਸ ਨੂੰ ਵੇਰਵੇ ਸਹਿਤ ਜਾਣਕਾਰੀ ਹੈ ਕਿ ਕਿਸ ਅਫ਼ਸਰ ਨੂੰ ਕਿੰਨੇ ਪੈਸੇ ਪੁੱਜਦੇ ਕੀਤੇ ਗਏ ਹਨ। ਸਕੱਤਰ ਵਲੋਂ ਪ੍ਰਧਾਨ ਨੂੰ ਕੀਤੀ ਗਈ ਹਦਾਇਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ:

> ਮੁੰਡੇ ਨਵੇਂ ਨਵੇਂ ਫਸੇ ਹਨ। ਗਲਤ ਬੰਦਿਆਂ ਹੱਥ ਚੜ੍ਹੇ ਫਿਰਦੇ ਹਨ।
> ਆਖੋ ਹੁਣ ਹੱਥ ਘੁੱਟ ਲੈਣ। ਜਿੱਥੇ ਲੋੜ ਪਈ ਆਪੇ ਐਮ. ਐਲ. ਏ.
> ਸਾਹਿਬ ਦੱਸ ਦੇਣਗੇ।[21]

ਸਕੱਤਰ ਨੇ ਸੋਚੀ-ਸਮਝੀ ਸਾਜ਼ਿਸ ਤਹਿਤ ਇਕ ਪਾਸੇ ਇਹ ਕਹਿ ਦਿੱਤਾ ਕਿ ਹੁਣ ਉਹ ਕਿਸੇ ਹੋਰ ਨੂੰ ਪੈਸੇ ਨਾ ਦੇਣ, ਤੇ ਦੂਜੇ ਪਾਸੇ ਇਹ ਵੀ ਕਹਿ ਦਿੱਤਾ ਕਿ ਆਪੇ ਐਮ.ਐਲ. ਏ. ਸਾਹਿਬ ਦੱਸ ਦੇਣਗੇ। ਜਦੋਂ ਬਘੇਲ ਸਿੰਘ ਨੂੰ ਚਾਲ ਚੱਲਦੀ ਨਜ਼ਰ ਨਾ ਆਈ ਤਾਂ ਉਹਨਾਂ ਪੰਕਜ ਤੇ ਨੀਰਜ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਪੰਕਜ ਹੁਰਾਂ ਦੀ ਗ੍ਰਿਫ਼ਤਾਰੀ ਸੱਚ ਤੇ ਝੂਠ ਨੂੰ ਨਿਤਾਰਨ ਪੱਖੋਂ ਨਹੀਂ ਬਲਕਿ ਪੈਸੇ ਨਾ ਦੇਣ ਦੀ ਸੂਰਤ ਵਿਚ ਹੁੰਦੀ ਹੈ, ਬਘੇਲ ਸਿੰਘ ਨੂੰ ਜ਼ਮਾਨਤ ਲਈ ਪੈਸੇ ਦੇਣ ਬਾਰੇ ਜਦੋਂ ਪੰਕਜ ਤੇ ਨੀਰਜ ਵਾਸੂਦੇਵਾ ਨੂੰ ਪੁੱਛਦੇ ਹਨ ਤਾਂ ਉਹ ਕਹਿੰਦਾ ਹੈ:

> ਕਿਸ ਤਰ੍ਹਾਂ ਨਹੀਂ ਹੋਵੇਗੀ? ਪੈਸੇ ਨਹੀਂ ਦਿੱਤੇ। ਜੱਜ ਆਪਣੇ ਨਾਲ,
> ਸਰਕਾਰੀ ਵਕੀਲ ਆਪਣੇ ਨਾਲ। ਪੁਲਿਸ ਆਪਣੀ ਮੁੱਠੀ ਵਿਚ।
> ਜ਼ਮਾਨਤ ਨੂੰ ਰੋਕੂ ਕੌਣ![22]

ਪਰ ਸ਼ਾਇਦ ਵਾਸੂਦੇਵਾ ਭੁੱਲ ਗਿਆ ਸੀ ਕਿ ਇਹਨਾਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਰਾਜਨੇਤਾ ਜ਼ਮਾਨਤ ਨੂੰ ਰੋਕ ਸਕਦੇ ਹਨ। ਪੰਕਜ ਹੋਰੀਂ ਜਿਸ ਗੱਲ ਤੋਂ ਡਰਦੇ ਸਨ, ਉਹ ਵਾਪਰ ਗਈ। ਆਖਿਰ ਉਹਨਾਂ ਨੂੰ ਬਘੇਲ ਸਿੰਘ ਅੱਗੇ ਝੁਕਣਾ ਪਿਆ ਤੇ ਪਾਰਟੀ ਫੰਡ ਲਈ ਇਕ ਕਰੋੜ ਰੁਪਇਆ ਦੇਣਾ ਮੰਨ ਗਏ। ਜਿਸ ਦੀ ਪਹਿਲੀ ਕਿਸ਼ਤ ਵਜੋਂ ਬਘੇਲ ਸਿੰਘ ਪੰਜਾਹ ਲੱਖ ਰੁਪਏ ਲੈ ਕੇ ਮੁੱਖ ਮੰਤਰੀ ਕੋਲ ਪਹੁੰਚ ਜਾਂਦਾ ਹੈ। ਮੁੱਖ ਮੰਤਰੀ ਤੇ ਬਘੇਲ ਸਿੰਘ ਦੀ ਚਾਲ ਰਾਹੀਂ ਇਹ ਕਹਾਵਤ ਸੱਚ ਹੋ ਨਿਬੜੀ, 'ਸੱਪ ਵੀ ਮਰ ਗਿਆ ਲਾਠੀ ਵੀ ਨਾ ਟੁੱਟੀ'। ਇਸ ਪ੍ਰਕਾਰ ਬਘੇਲ ਸਿੰਘ ਤੇ ਮੁੱਖ ਮੰਤਰੀ ਦੇ ਆਪਣੇ-ਆਪਣੇ ਸਵਾਰਥ ਤਾਂ ਪੂਰੇ ਹੋ ਹੀ ਗਏ, ਪਰ ਨਾਲ ਹੀ ਲੋਕਾਂ ਵਿਚ ਸਰਕਾਰ ਦਾ ਰੁੱਤਬਾ ਹੋਰ ਵੱਧ ਗਿਆ ਕਿ ਇਹ ਸਰਕਾਰ ਇਨਸਾਫ਼ ਪਸੰਦ ਹੈ।

ਇਹਨਾਂ ਉੱਪ-ਵਿਵਸਥਾਵਾਂ ਦੇ ਵਿਗਾੜ ਤੋਂ ਬਿਨਾਂ ਮੀਤ ਨੇ ਮੀਡੀਏ ਦੀ ਵਿਗੜਦੀ ਛਵੀ ਨੂੰ ਵੀ ਸਾਹਮਣੇ ਲਿਆਂਦਾ ਹੈ। ਪ੍ਰੈਸ ਅਜਿਹੀ ਸੰਸਥਾ ਹੈ ਜੋ ਲੋਕਾਂ ਸਾਹਮਣੇ ਸੱਚਾਈ ਤੇ ਇਮਾਨਦਾਰੀ ਨਾਲ ਨਿੱਭਦੀ ਹੈ। ਇਹਨਾਂ ਦੇ ਲਿਖੇ ਹਰ ਸ਼ਬਦ ਨੂੰ ਜਨਤਾ ਸੱਚ ਮੰਨਦੀ ਹੈ। ਪਰੰਤੂ ਅੱਜ ਪੱਤਰਕਾਰੀ ਦਾ ਕਿੱਤਾ ਵੀ ਪੈਸੇ ਦੇ ਰਸੂਖ਼ ਵਾਲਾ ਹੋ ਗਿਆ ਹੈ। ਇਹ ਵਿਵਸਥਾ ਵੀ ਮਸਲੇ ਦੀ ਹਰ ਤਹਿ ਨੂੰ ਫਰੋਲਣ ਦੀ ਬਜਾਇ ਵਿਕਣਯੋਗ ਬਣਾਉਣ ਲੱਗ ਪਈ ਹੈ। ਇਸ ਗੱਲ ਦੀ ਪੁਸ਼ਟੀ ਨਾਵਲ ਅੰਦਰ ਉਦੋਂ ਹੁੰਦੀ ਹੈ, ਜਦੋਂ ਪੰਕਜ ਤੇ ਨੀਰਜ ਦੀ ਪੇਸ਼ਗੀ ਜ਼ਮਾਨਤ ਮਿਲਣ ਤੋਂ ਬਾਅਦ ਨੰਦ ਲਾਲ ਅਜੇ ਨੂੰ ਖ਼ਬਰ ਲਗਵਾਉਣ ਲਈ ਇਹ ਕਹਿੰਦਾ ਹੈ:

> ਤੂੰ ਪੰਜਾਬ ਕੇਸਰੀ ਵਾਲੇ ਸ਼ਿੰਦੇ ਕੋਲ ਚਲਾ ਜਾ। ਮੇਰਾ ਨਾ ਲੈ ਦੇਵੀਂ ਪੰਜ ਸੌ ਦਾ ਨੋਟ ਫੜਾ ਦੇਵੀਂ। ਵੇਖ ਕਿਸ ਤਰ੍ਹਾਂ ਖ਼ਬਰ ਲੱਗਦੀ ਹੈ ਵੱਡੀਆਂ ਸੁਰਖੀਆਂ ਵਿਚ। [23]

ਇਸ ਤਰ੍ਹਾਂ ਨਾਵਲਕਾਰ ਨੇ ਅਖ਼ਬਾਰਾਂ ਵਿਚ ਲਗਦੇ ਇਸ਼ਤਿਹਾਰਾਂ ਅਤੇ ਪੱਤਰਕਾਰਾਂ ਕੋਲ ਪਹੁੰਚਦੇ ਕਮਿਸ਼ਨ ਵੱਲ ਇਸ਼ਾਰਾ ਕੀਤਾ ਹੈ। ਵਿਉਪਾਰੀ ਵਰਗਾਂ ਦੁਆਰਾ ਅਖ਼ਬਾਰਾਂ ਨੂੰ ਦਿੱਤੇ ਜਾਂਦੇ ਇਸ਼ਤਿਹਾਰ, ਉਹਨਾਂ ਦੁਆਰਾ ਕੀਤੇ ਜਾਂਦੇ ਜ਼ੁਰਮਾਂ ਉੱਪਰ ਪਰਦਾ ਪਾ ਲੈਂਦੇ ਹਨ ਇਸ ਪ੍ਰਕਾਰ ਅਖ਼ਬਾਰਾਂ ਸੱਚ ਨੂੰ ਛਾਪਣ ਦੀ ਬਜਾਇ ਤੋੜ-ਮਰੋੜ ਕੇ ਪੇਸ਼ ਕਰਦੀਆਂ ਹੋਈਆਂ, ਲੋਕਾਂ ਨੂੰ ਗੁੰਮਰਾਹ ਕਰਦੀਆਂ

ਹਨ। ਮੀਡੀਏ ਦਾ ਇਹ ਸਰੂਪ ਲੋਕਾਂ ਲਈ ਸੱਚ, ਇਮਾਨ ਤੇ ਚੇਤਨਾ ਜਾਗ੍ਰਿਤ ਕਰਨ ਵਾਲਾ ਨਾ ਰਹਿ ਕੇ ਪੂੰਜੀਵਾਦੀ ਵਰਗ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ। ਮੀਡੀਏ ਦੀ ਕਾਰਗੁਜ਼ਾਰੀ ਲੋਕਰਾਇ ਅਤੇ ਲੋਕ ਲਹਿਰ ਨੂੰ ਉਭਾਰਨ ਵਿਚ ਸਾਰਥਕ ਭੂਮਿਕਾ ਨਿਭਾਅ ਸਕਦੀ ਹੈ। ਪਰੰਤੂ ਬਦਲਦੇ ਸਮੇਂ ਨਾਲ ਪ੍ਰੈੱਸ ਦੀ ਮਿੱਥ ਵੀ ਨਿਆਇਕ ਮਿੱਥ ਵਾਂਗ ਖੋਖਲੀ ਸਾਬਿਤ ਹੋ ਰਹੀ ਹੈ। ਵੇਦ ਪਰਿਵਾਰ ਨਾਲ ਵਾਪਰੀ ਦਰਦਨਾਕ ਘਟਨਾ ਨੂੰ ਪ੍ਰੈਸ ਵਲੋਂ ਲੋਕ ਲਹਿਰ ਵਜੋਂ ਉਭਾਰਿਆ ਜਾ ਸਕਦਾ ਸੀ। ਦੂਜੇ ਪਾਸੇ ਨਿਹਾ ਦਾ ਪ੍ਰੇਮੀ ਪੱਤਰਕਾਰ ਵੀ ਇਸ ਘਟਨਾ ਨੂੰ ਇਨਸਾਨੀਅਤ ਦੇ ਨਾਤੇ ਇਨਸਾਫ਼ ਤੱਕ ਲਿਜਾ ਸਕਦਾ ਸੀ, ਪਰੰਤੂ ਦੁੱਖ ਦੀ ਗੱਲ ਇਹ ਹੈ ਕਿ ਇਸ ਵਾਰਦਾਤ ਦੀ ਸੱਚਾਈ ਦਾ ਸਭ ਨੂੰ ਪਤਾ ਹੋਣ ਦੇ ਬਾਵਜੂਦ ਵੀ ਹਰ ਪ੍ਰਬੰਧ ਵਲੋਂ ਇਹ ਸੱਚ ਝੂਠਾ ਸਾਬਿਤ ਹੋ ਜਾਂਦਾ ਹੈ।

ਇਸ ਤੋਂ ਬਿਨ੍ਹਾਂ ਸਮਾਜਸੇਵੀ ਅਤੇ ਧਾਰਮਿਕ ਸੰਸਥਾਵਾਂ ਵੀ ਆਪਣੀ ਸ਼ੋਹਰਤ ਖ਼ਾਤਿਰ ਸਮਾਜ ਅੰਦਰ ਸਥਾਪਿਤ ਹੁੰਦੀਆਂ ਹਨ। ਅਸਲ ਵਿਚ ਇਹ ਸੰਸਥਾਵਾਂ ਵੀ ਸਰਕਾਰੀ ਸੰਸਥਾਵਾਂ ਦਾ ਦੂਜਾ ਰੂਪ ਹੀ ਹਨ। ਬੇਸ਼ੱਕ ਇਹ ਸੰਸਥਾਵਾਂ ਨਾਂ ਵਜੋਂ ਗਰੀਬਾਂ, ਮਜ਼ਬੂਰਾਂ ਤੇ ਜ਼ਰੂਰਤਮੰਦਾਂ ਲਈ ਅੱਗੇ ਆਉਂਦੀਆਂ ਹਨ । ਅਸਲ ਵਿਚ ਇਹਨਾਂ ਸੰਸਥਾਵਾਂ ਦੇ ਮੈਂਬਰ ਵੀ ਪੂੰਜੀਵਾਦੀ ਵਰਗ ਨਾਲ ਸੰਬੰਧਿਤ ਵਿਅਕਤੀ ਹੀ ਹੁੰਦੇ ਹਨ। 'ਕੌਰਵ ਸਭਾ' ਵਿਚ ਪੇਸ਼ ਹੋਈ 'ਵਿਕਟਮ ਵੈਲਫੇਅਰ ਸੁਸਾਇਟੀ', 'ਯੁਵਾ ਸ਼ਕਤੀ', ਅਜਿਹੀਆਂ ਹੀ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਹਨ। ਹਰੀਸ਼ ਰਾਏ ਦੁਅਰਾ ਸਥਾਪਿਤ ਕਾਨੂੰਨੀ ਮੱਦਦ ਵਾਲੀ ਵਿਕਟਮ ਵੈਲਫੇਅਰ ਸੋਸਾਇਟੀ ਸਾਰਥਕ ਹੁੰਦੀ ਹੋਈ ਵੀ ਕਾਨੂੰਨ ਅੱਗੇ ਹਾਰ ਜਾਂਦੀ ਹੈ। ਨਾਵਲਕਾਰ ਨੇ ਇੱਥੇ ਅਸਿੱਧੇ ਢੰਗ ਨਾਲ ਇਸ ਗੱਲ ਨੂੰ ਸਾਹਮਣੇ ਲਿਆਂਦਾ ਹੈ ਕਿ ਅਜਿਹੀਆਂ ਸੰਸਥਾਵਾਂ ਇਕ ਦਾਇਰੇ ਅੰਦਰ ਰਹਿ ਕੇ ਤਾਂ ਕੰਮ ਕਰਦੀਆਂ ਹਨ ਪਰੰਤੂ ਹੱਕ-ਸੱਚ ਖ਼ਾਤਿਰ ਕੋਈ ਵੀ ਸਮਾਜਿਕ ਤਬਦੀਲੀ ਤੇ ਕਾਨੂੰਨੀ ਬੁਣਤਰਾਂ ਨੂੰ ਨਵੇਂ ਸਿਰਿਓਂ ਲਾਗੂ ਕਰਨ ਦੀ ਮੰਗ ਤੋਂ ਅਸਮਰੱਥ ਰਹਿ ਜਾਂਦੀਆਂ ਹਨ। ਦੂਜੇ ਪਾਸੇ ਮਾਤਾ ਕਲਿਆਣੀ ਦੀ 'ਯੁਵਾ ਸ਼ਕਤੀ' ਨਾਮੀ ਸੰਸਥਾ ਹੈ। ਜੋ ਇਸ ਪੂੰਜੀਵਾਦੀ ਵਿਵਸਥਾ ਅੰਦਰ ਥੱਕੇ-ਟੁੱਟੇ ਲੋਕਾਂ ਦਾ ਮਾਨਸਿਕ ਤੇ ਆਤਮਿਕ ਸਹਾਰਾ ਬਣਨ ਦਾ ਢੌਂਗ ਕਰਦੀ ਹੈ। ਅਸਲ ਵਿਚ ਇਹ ਸੰਸਥਾ ਵੀ ਆਪਣੇ ਰਾਜਨੀਤਕ ਸੰਕਲਪ ਨੂੰ ਧਰਮ ਦੀ ਆੜ ਵਿਚ

ਪੂਰਾ ਕਰਦੀ ਹੈ। ਨਿਹਾ ਇਸੇ ਧਾਰਮਿਕ ਸੰਸਥਾ ਦੀ 'ਯੁਵਾ ਸ਼ਕਤੀ' ਦੀ ਸਰਗਰਮ ਮੈਂਬਰ ਹੈ। ਨਿਹਾ ਦੀ ਜ਼ਿੰਦਗੀ 'ਚ ਆਏ ਤੂਫ਼ਾਨ (ਜ਼ਬਰ ਜਿਨਾਹ) ਮਗਰੋਂ ਉਹ ਆਪਣੇ ਆਪ ਉਪਰ ਸ਼ਰਮਿੰਦਗੀ ਮਹਿਸੂਸ ਕਰਦੀ ਹੋਈ ਕਦੀ ਮਰਨ ਤੇ ਕਦੀ ਜਿਊਣ ਬਾਰੇ ਸੋਚਦੀ ਹੈ। ਇਸ ਦੁਬਿਧਾ ਦੀ ਸ਼ਿਕਾਰ ਨਿਹਾ ਆਪਣੀ ਜ਼ਿੰਦਗੀ ਦੀ ਉਲਝੀ ਤਾਣੀ ਨੂੰ ਸੁਲਝਾਉਣ ਅਤੇ ਮਾਨਸਿਕ ਸਕੂਨ ਪਾਉਣ ਲਈ ਮੁੜ ਸਹਿਯੋਗੀ ਸੰਸਥਾ ਦੇ ਰਾਹ ਤੁਰ ਪੈਂਦੀ ਹੈ। ਉਹ ਜਿਵੇਂ ਹੀ ਧਿਆਨ ਲਗਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ:

> ਅੱਖਾਂ ਬੰਦ ਹੁੰਦਿਆਂ ਹੀ ਵਿਨਾਸ਼ ਦਾ ਉਹੋ ਮਹਾਂ-ਦ੍ਰਿਸ਼ ਨਿਹਾ ਅਗੇ ਸੁਰਜੀਤ ਹੋਣ ਲੱਗਾ। ਇਕ ਰਾਕਸ਼ਸ਼ ਉਸਦਾ ਚੀਰ ਹਰਣ ਕਰ ਰਿਹਾ ਸੀ। ਦੂਸਰਾ ਕਮਲ ਨੂੰ ਕੋਹ ਕੋਹ ਮਾਰ ਰਿਹਾ ਸੀ। ਤੀਸਰਾ ਉਸਦੀ ਮਾਂ ਨੂੰ ਘੜੀਸ ਰਿਹਾ ਸੀ ਅਤੇ ਚੌਥਾ ਉਸਦੇ ਬਾਪ ਦਾ ਘਾਣ ਕਰ ਰਿਹਾ ਸੀ। ਚਾਰੇ ਪਾਸੇ ਲਹੂ ਸੀ, ਬਰਬਾਦੀ ਸੀ ਅਤੇ ਚੀਖ਼ ਚਿਹਾੜਾ ਸੀ।[24]

ਜਿਸ ਵਿਅਕਤੀ ਨਾਲ ਅਜਿਹੀ ਘਟਨਾ ਵਾਪਰੀ ਹੋਵੇ, ਉਹ ਕਿਸੇ ਅਣਦਿਸਦੇ ਭਵਿੱਖ ਲਈ ਇਕਾਗਰ ਕਿਵੇਂ ਹੋ ਸਕਦਾ ਹੈ। ਭਾਵੇਂ ਉਸ ਨੂੰ ਮਾਨਸਿਕ ਸਕੂਨ ਦੀ ਜ਼ਰੂਰਤ ਹੈ। ਪਰ ਇਹ ਸਕੂਨ ਉਸ ਨੂੰ ਕਿਸੇ ਧਿਆਨ ਨਾਲ ਨਹੀਂ ਬਲਕਿ ਉਸ ਦੇ ਮਾਂ-ਬਾਪ ਦੇ ਠੀਕ ਹੋਣ ਨਾਲ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣ ਨਾਲ ਹੀ ਮਿਲਣਾ ਹੈ। ਨਿਹਾ ਲਈ ਦੁੱਖ ਤੇ ਬੇਵਸੀ ਦਾ ਆਲਮ ਉਦੋਂ ਹੋਰ ਵੀ ਅਸਹਿ ਹੋ ਜਾਂਦਾ ਹੈ ਜਦੋਂ 'ਯੁਵਾ ਸ਼ਕਤੀ' ਦੇ ਮੈਂਬਰ ਉਸ ਨੂੰ ਅਪਵਿੱਤਰ ਮੰਨਕੇ ਆਰਤੀ ਕਰਨ ਤੋਂ ਰੋਕਦੇ ਹਨ। ਇਸ ਪ੍ਰਕਾਰ ਨਾਵਲਕਾਰ ਨੇ ਧਾਰਮਿਕ ਸੰਸਥਾਵਾਂ ਵਿਚਲੇ ਦੰਭ ਦਾ ਇਹ ਕਰੂਰ ਗਲਪੀ ਚਿੱਤਰ ਪਾਠਕਾਂ ਸਾਹਮਣੇ ਰੱਖਿਆ ਹੈ। ਵਿਅੰਗ ਇਹ ਵੀ ਹੈ ਕਿ ਮੁਜ਼ਰਮ ਨੇ ਤਾਂ ਨਿਹਾ ਨੂੰ ਸਰੀਰਕ ਤਸੀਹੇ ਦਿੱਤੇ ਹਨ,ਪਰ ਸਮਾਜ ਦੇ ਪੈਰੋਕਾਰਾਂ, ਧਾਰਮਿਕ ਆਗੂਆਂ, ਉਸਦੇ ਆਪਣੇ ਦੋਸਤ, ਚਚੇਰੇ ਭਰਾਵਾਂ ਅਤੇ ਸਮੁੱਚੇ ਸਮਾਜ ਦੇ ਲੋਕਾਂ ਨੇ ਤਾਂ ਉਸ ਦੀ ਆਤਮਾ ਦੀ ਵੇਦਨਾ ਨੂੰ ਹੋਰ ਵੀ ਡੂੰਘਾ ਕਰ ਦਿੱਤਾ। ਇਕ ਪਾਸੇ ਉਹ ਅਪਰਾਧ ਹੈ ਜੋ ਸਭ ਨੂੰ ਦਿਖਾਈ ਦਿੰਦਾ ਹੈ, ਪਰ ਦੂਜੇ ਪਾਸੇ ਅਜਿਹਾ ਅਪਰਾਧ ਹੈ ਜੋ

ਅਪਰਾਧ ਕਰਨ ਵਾਲਿਆਂ ਨੂੰ ਵੀ ਨਜ਼ਰ ਨਹੀਂ ਆਉਂਦਾ। ਇਹ ਦਰਦ ਹੈ ਮਨ ਦਾ, ਆਤਮਾ ਦਾ ਅਤੇ ਦਿਲ ਦਾ, ਜੋ ਸਮਾਜ ਦੀਆਂ ਇਹਨਾਂ ਸੰਸਥਾਵਾਂ ਤੇ ਰਿਸ਼ਤਿਆਂ ਨੇ ਵੇਦ ਪਰਿਵਾਰ ਨੂੰ ਦਿੱਤਾ। ਇਸ ਪ੍ਰਕਾਰ ਇਹ ਸੰਸਥਾਵਾਂ ਪੂੰਜੀਵਾਦੀ ਲੋਕਰਾਜੀ ਪ੍ਰਬੰਧ ਅੰਦਰ ਮਨੁੱਖੀ ਸਰੋਕਾਰਾਂ ਵਾਲੀਆਂ ਨਾ ਹੋ ਕੇ ਧੰਦਾ ਮੁੱਖੀ ਬਣ ਗਈਆਂ ਹਨ। ਸ਼ੋਹਰਤ ਤੇ ਪੈਸਾ ਕਮਾਉਣਾ ਹੀ ਇਹਨਾਂ ਦਾ ਅਸਲ ਮਕਸਦ ਬਣ ਗਿਆ ਹੈ।

ਵੇਦ ਪਰਿਵਾਰ ਦੇ ਘਰ ਹੋਈ ਵਾਰਦਾਤ ਦੇ ਕੇਸ ਵਿਚ ਮੁਦੱਈ ਧਿਰ ਸੱਚ ਖ਼ਾਤਿਰ ਲੜਦੀ, ਪ੍ਰਸਥਿਤੀਆਂ ਦੇ ਵੱਸ ਆਖ਼ਿਰ ਹਾਰ ਜਾਂਦੀ ਹੈ ਕਿਉਂਕਿ ਪੰਕਜ ਤੇ ਨੀਰਜ ਦੁਆਰਾ ਖ਼ਰੀਦੇ ਵਕੀਲ, ਪੁਲਿਸ ਕਰਮਚਾਰੀ, ਜੱਜ, ਡਾਕਟਰ, ਰਾਜਨੇਤਾ ਤੇ ਝੂਠੇ ਗਵਾਹ ਇਸ ਕੇਸ ਨੂੰ ਗੁੰਮਰਾਹ ਕਰਕੇ ਸੱਚਾਈ ਤੋਂ ਦੂਰ ਕਰ ਦਿੰਦੇ ਹਨ। ਮੁੱਖ ਦੋਸ਼ੀਆਂ ਵੱਲੋਂ ਕੀਤੇ ਗਏ ਜ਼ੁਰਮ ਨੂੰ ਸੋਚੀ-ਸਮਝੀ ਸਾਜ਼ਿਸ਼ ਨਾ ਮੰਨ ਕੇ ਰਿਹਾਅ ਕਰ ਦਿੱਤਾ ਜਾਂਦਾ ਹੈ। ਭਾਵੇਂ ਉਹਨਾਂ ਨੂੰ ਡਕੈਤੀ ਦੇ ਜ਼ੁਰਮ ਕਾਰਨ ਤਿੰਨ ਸਾਲ ਦੀ ਸਜ਼ਾ ਜ਼ਰੂਰ ਹੋਈ ਹੈ ਜੋ ਕਿ ਦੋ ਸਾਲ ਕੇਸ ਲੜਦਿਆਂ ਦੇ ਨਿਕਲ ਗਏ ਤੇ ਸਾਲ ਦੀ ਸਜ਼ਾ ਮੁਆਫ ਹੋ ਗਈ ਪਰ ਇਸ ਫ਼ੈਸਲੇ ਦੀ ਤ੍ਰਾਸਦੀ ਇਹ ਹੈ ਕਿ ਵਾਰਦਾਤ ਦੀ ਸਾਜ਼ਿਸ਼ ਕਰਨ ਵਾਲੇ ਅਸਲ ਮੁਜ਼ਰਿਮ ਪੰਕਜ ਤੇ ਨੀਰਜ ਬਿਨ ਦਾਗੇ ਛੁੱਟ ਜਾਂਦੇ ਹਨ। 'ਕੌਰਵ ਸਭਾ' ਨਾਵਲ ਵਿਚ ਮੀਤ ਨੇ ਸਰਕਾਰੀ ਤੇ ਗ਼ੈਰ-ਸਰਕਾਰੀ ਵਿਸਥਾਵਾਂ ਦੇ ਸਰੂਪ, ਸੰਕਲਪ ਤੇ ਲੱਛਣਾਂ ਨੂੰ ਤਲਖ਼ ਹਕੀਕਤ ਵਜੋਂ ਪੇਸ਼ ਕੀਤਾ ਹੈ। 'ਕੌਰਵ ਸਭਾ' ਵਿਚ ਪੇਸ਼ ਹੋਈਆਂ ਉਪ-ਵਿਵਸਥਾਵਾਂ ਦਾ ਸਰੂਪ ਪੂੰਜੀਵਾਦੀ, ਸੰਕਲਪ ਪੈਸਾ-ਕੀਮਤਾਂ ਵਾਲਾ ਅਤੇ ਲੱਛਣ ਅੱਤਿਆਚਾਰੀ ਰਸੂਖ਼ ਵਾਲਾ ਪੇਸ਼ ਹੋਇਆ ਹੈ। ਅੱਜ ਦੇ ਇਸ ਸਮਾਜ ਅੰਦਰ ਆਮ ਆਦਮੀ ਦੀ ਹੋਂਦ ਅਣਹੋਂਦ ਬਣ ਕੇ ਰਹਿ ਗਈ ਹੈ।

ਇਉਂ ਅਸੀਂ ਨਾਵਲੀ ਬਿਰਤਾਂਤ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਨਾਵਲਕਾਰ ਮਿੱਤਰ ਸੈਨ ਮੀਤ ਨੂੰ ਸਾਡੀ ਨਿਆਂ ਪ੍ਰਣਾਲੀ ਅਤੇ ਪੁਲਿਸ ਵਿਵਸਥਾ ਦਾ ਬਹੁਤ ਨੇੜਲਾ ਸੂਖ਼ਮ ਅਨੁਭਵ ਹੈ। ਉਹ ਇਸ ਅਨੁਭਵ ਨੂੰ ਯਥਾਯੋਗ ਰੂਪ ਵਿਚ ਗਲਪੀ ਰੂਪਾਂਤਰਣ ਦੇਣ ਵਿਚ ਸਫ਼ਲ ਹੁੰਦਾ

ਹੈ। ਉਸਦੀ ਗਲਪੀ ਦ੍ਰਿਸ਼ਟੀ ਜਿਥੇ ਯਥਾਰਥਕ ਵੇਰਵਿਆਂ ਨੂੰ ਬਾਰੀਕੀ ਨਾਲ ਪੇਸ਼ ਕਰਦੀ ਹੈ, ਉਥੇ ਉਹ ਆਪਣੀ ਵਿਅੰਗਾਤਮਕ ਤੇ ਕਟਾਖਸ਼ਮਈ ਦ੍ਰਿਸ਼ਟੀ ਤੋਂ ਉਹਨਾਂ ਵਿਚਲਾ ਪਾਜ ਉਘਾੜਨ ਵਿਚ ਵੀ ਪੂਰੀ ਤਰ੍ਹਾਂ ਸਫ਼ਲ ਹੁੰਦਾ ਹੈ। ਸਾਡੇ ਸਮਾਜ ਦੇ ਇਹਨਾਂ ਬੁਨਿਆਦੀ ਸਰਵੋਤਮ ਅੰਗਾਂ ਦਾ ਅਜਿਹਾ ਯਥਾਰਥ ਚਿਤ੍ਰਣ ਪੰਜਾਬੀ ਗਲਪ ਲਈ ਦੁਰਲਭ ਵਸਤ ਸੀ, ਜਿਸਨੂੰ ਸਾਡਾ ਇਹ ਨਾਵਲਕਾਰ ਅਗਰਭੂਮਿਤ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਹੁੰਦਾ ਹੈ।

# ਹਵਾਲੇ ਅਤੇ ਟਿੱਪਣੀਆਂ

1. ਲਖਬੀਰ ਸਿੰਘ ਰਿਆੜਾ (ਡਾ.)"'ਕੌਰਵ ਸਭਾ': ਵਿਚ ਵਰਤਮਾਨ ਵਿਵਸਥਾ ਦਾ ਪ੍ਰਤੀਬਿੰਬ" **ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਣ**, ਸੰਪਾ. ਸੁਖਦੇਵ ਸਿੰਘ ਖਾਹਰਾ, ਪੰ. 87
2. ਸੁਰਿੰਦਰ ਕੁਮਾਰ ਦਵੇਸ਼ਵਰ (ਡਾ.) "ਪੂੰਜੀਵਾਦੀ ਰਾਜਸੀ ਆਰਥਿਕਤਾ ਦੀ ਆਲੋਚਨਾ ਦਾ ਗਲਪੀ ਰੂਪਾਂਤਰਣ: ਕੌਰਵ ਸਭਾ", **ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਣ**, ਉਹੀ, ਪੰ. 46-47
3. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰ. 23
4. ਉਹੀ, ਪੰ. 105
5. ਉਹੀ, ਪੰ. 70
6. ਉਹੀ, ਪੰ. 84
7. ਜੋਗਿੰਦਰ ਸਿੰਘ ਰਾਹੀ (ਪ੍ਰੋ.) "ਤਫ਼ਤੀਸ਼: ਵਿਧੀ ਅਤੇ ਵਸਤੂ", **ਨਾਵਲਕਾਰ ਮਿੱਤਰ ਸੈਨ ਮੀਤ**, ਸੁਖਦੇਵ ਸਿੰਘ ਖਾਹਰਾ (ਸੰਪਾ.), ਪੰ. 21
8. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰ. 34
9. ਉਹੀ, ਪੰ. 64
10. ਉਹੀ, ਪੰ. 30
11. ਉਹੀ, ਪੰ. 32
12. ਉਹੀ, ਪੰ. 82
13. ਉਹੀ, ਪੰ. 143
14. ਉਹੀ, ਪੰ. 148
15. ਉਹੀ, ਪੰ. 149
16. ਉਹੀ, ਪੰ. 146

17. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰ. 302

18. ਉਹੀ, ਪੰ. 354

19. ਉਹੀ, ਪੰ. 354

20. ਉਹੀ, ਪੰ. 366

21. ਉਹੀ, ਪੰ. 172

22. ਉਹੀ, ਪੰ. 178

23. ਉਹੀ, ਪੰ. 128

24. ਉਹੀ, ਪੰ. 116

ਅਧਿਆਇ ਤੀਜਾ

*

*

*

*

# ਨਾਵਲ 'ਕੌਰਵ ਸਭਾ' ਦਾ ਵਿਚਾਰਧਾਰਿਕ ਪਰਿਪੇਖ

# ਨਾਵਲ 'ਕੌਰਵ ਸਭਾ' ਦਾ ਵਿਚਾਰਧਾਰਿਕ ਪਰਿਪੇਖ

'ਕੌਰਵ ਸਭਾ' ਨਾਵਲ ਭਾਰਤੀ ਲੋਕਤੰਤਰ ਅੰਦਰ ਦਿਨ-ਬ-ਦਿਨ ਵੱਧ ਰਹੀ ਗਲੀ-ਸੜੀ ਪੂੰਜੀਵਾਦੀ ਵਿਚਾਰਧਾਰਾ ਨੂੰ ਵੱਖ-ਵੱਖ ਪਰਿਪੇਖਾਂ ਵਾਲੇ ਕੈਨਵਸ ਵਿਚ ਉਤਾਰਦਾ ਹੈ। ਇਹ ਅਜਿਹੀ ਰਚਨਾ ਹੈ ਜੋ ਸਮਕਾਲੀ ਸਮਾਜ ਨੂੰ ਵਿਚਾਰਦੀ ਹੋਈ ਇਸ ਦੇ ਸੰਜਮ ਤੇ ਵਿਵਹਾਰ ਵਿਚ ਫ਼ੈਲੀਆਂ ਬਦਨੀਤੀਆਂ ਨੂੰ ਘੋਖਣ-ਯੋਗ ਬਣਾਉਂਦੀ ਹੈ। ਇਸ ਦੀ ਵਿਲੱਖਣਤਾ ਦਾ ਕਾਰਨ ਲੋ਼ਕਰਾਜੀ ਸਮਾਜ ਦੇ ਅਮਾਨਵੀਕ੍ਰਿਤ ਵਰਤਾਰਿਆਂ ਦੇ ਵਿਸ਼ਲੇਸ਼ਣ ਤੋਂ ਲੈ ਕੇ ਇਤਿਹਾਸ ਦੇ ਉਨ੍ਹਾਂ ਮਿਥਿਹਾਸਿਕ ਪੰਨਿਆਂ ਤੱਕ ਜਾ ਪਹੁੰਚਦਾ ਹੈ ਜਿਸ ਦੀਆਂ ਜੜ੍ਹਾਂ ਨਾਵਲ ਦੀ ਲੋਕਤੰਤਰੀ ਵਿਚਾਰਧਾਰਾ ਵਿਚ ਪਈਆਂ ਹਨ। ਡਾ. ਗੁਰਦੇਵ ਸਿੰਘ ਚੰਦੀ ਅਨੁਸਾਰ:

> ਵਿਚਾਰਧਾਰਾ ਕਿਸੇ ਸਾਹਿਤਕ ਰਚਨਾ ਵਿਚ ਵਰਤੇ ਗਏ ਭਾਸ਼ਾਈ ਅਤੇ ਪਰਾਭਾਸ਼ਾਈ ਚਿਹਨ ਪ੍ਰਬੰਧਾਂ ਵਿਚ ਸਮਾਇਆ ਹੋਇਆ ਇਕ ਮਹੱਤਵਪੂਰਨ ਤੱਤ ਹੁੰਦਾ ਹੈ, ਜਿਸ ਦੀ ਹੋਂਦ ਅਰਥ, ਮੁੱਲ-ਪ੍ਰਬੰਧ ਅਤੇ ਵਿਸ਼ਵਾਸ-ਧਾਰਨਾਵਾਂ ਦਾ ਰੂਪ ਧਾਰ ਕੇ ਪ੍ਰਗਟ ਹੁੰਦੀ ਹੈ। ਵਿਚਾਰਧਾਰਾ ਸਮਾਂ-ਸਾਪੇਖ ਹੁੰਦੀ ਹੈ। ਸਮੇਂ ਦੇ ਬੀਤਣ ਨਾਲ ਇਸ ਵਿਚ ਵੀ ਪਰਿਵਰਤਨ ਵਾਪਰਦਾ ਹੈ।[1]

ਡਾ. ਚੰਦੀ ਅਨੁਸਾਰ ਵਿਚਾਰਧਾਰਾ ਸਮੇਂ ਦੇ ਨਾਲ-ਨਾਲ ਬਦਲਦੀ ਰਹਿੰਦੀ ਹੈ। ਪਰ ਇਹ ਜ਼ਰੂਰੀ ਨਹੀਂ ਕਿ ਸਮੇਂ ਦਾ ਇਹ ਬਦਲਾਵ ਤਰਾਜ਼ੂ ਦੇ ਭਾਰੀ ਪਲੜੇ ਤੋਂ ਝੁਕਦੇ ਪਲੜੇ ਵੱਲ ਹੋਵੇ ਜਾਂ ਮਾੜੇ ਤੋਂ ਚੰਗੇ ਅਤੇ ਚੰਗੇ ਤੋਂ ਮਾੜੇ ਵੱਲ। ਕਈ ਵਾਰ ਸਮੇਂ ਦੀ ਵਿਚਾਰਧਾਰਾ ਆਪਣੀਆਂ ਇਤਿਹਾਸਕ ਪੈੜਾਂ ਨੂੰ ਹੋਰ ਵੀ ਡੂੰਘੇਰਾ ਕਰ ਦਿੰਦੀ ਹੈ। ਇਸ ਪਰਿਪੇਖ ਤੋਂ ਕੌਰਵ ਸਭਾ ਨੂੰ ਵਾਚਦਿਆਂ ਡਾ. ਕੇਸਰ ਸਿੰਘ ਅਨੁਸਾਰ ਇਹ ਸੰਕਲਪ ਬਣਦਾ ਹੈ ਕਿ:

> ਭੂਪਤੀ ਕੌਰਵਾਂ ਦੇ ਕੁਲੀਨ ਗਣਤੰਤਰ ਤੋਂ ਲੈ ਕੇ ਅਜੋਕੇ ਬੁਰਜੂਆ ਲੋਕਤੰਤਰ ਤੱਕ ਉਪਰਲੇ ਵਰਗਾਂ ਦੀ 'ਭਾਰਤੀ ਸੰਸਕ੍ਰਿਤੀ' ਦੇ ਰਾਜਸੀ ਛਲ, ਕਪਟ, ਲੋਭ, ਹਿੰਸਾ, ਭ੍ਰਿਸ਼ਟਾਚਾਰ ਤੇ ਦੁਰਾਚਾਰ ਵਿਚ ਮਾਤਰਿਕ ਵਾਧਾ ਹੀ ਹੋਇਆ ਹੈ। ਗੁਣਾਤਮਿਕ ਪਰਿਵਰਤਨ ਕੋਈ ਨਹੀਂ ਵਾਪਰਿਆ ਕਿਉਂਕਿ ਸਮਾਜ ਦੀ ਬੁਨਿਆਦੀ ਆਰਥਿਕ-ਰਾਜਨੀਤਕ ਸੰਰਚਨਾ ਸ਼ੋਸ਼ਣ ਦੇ ਤਰਕ ਉੱਤੇ ਹੀ ਟਿਕੀ ਤੁਰੀ ਆਉਂਦੀ ਹੈ।[2]

ਇਸ ਪ੍ਰਕਾਰ ਪੂੰਜੀਵਾਦੀ ਲਕੋਤੰਤਰੀ ਸਮਾਜ ਅੰਦਰ ਅਤਿਆਚਾਰੀ ਹਿੰਸਕ ਵਿਚਾਰਧਾਰਾਵਾਂ ਹਰ ਰੋਜ ਇਕ ਨਵੇਂ ਰੂਪ ਵਜੋਂ ਸਾਹਮਣੇ ਆ ਰਹੀਆਂ ਹਨ। ਗਲਪ ਵਿਚ ਸੱਚ ਦੀ ਸਿਰਜਣਾ ਯਥਾਰਥਕ ਜੀਵਨ ਦੀਆਂ ਅਜਿਹੀਆਂ ਸਥਿਤੀਆਂ ਦੇ ਸਕਾਰੀਕਰਨ ਨਾਲ ਹੁੰਦੀ ਹੈ। ਜਿਹੜੀ ਸਥਾਪਤ ਕਦਰਾਂ-ਕੀਮਤਾਂ ਅਤੇ ਪ੍ਰਭਾਵੀ ਜੀਵਨ ਮਰਿਆਦਾ ਬਾਰੇ ਸ਼ੱਕ, ਸੰਦੇਹ ਅਤੇ ਚਿੰਤਾ ਨੂੰ ਉਤਪੰਨ ਕਰਦੀ ਹੈ ਅਤੇ ਇਸ ਦੇ ਸਮਾਨਾਂਤਰ ਨਵੇਂ ਵਿਕਲਪ ਸਿਰਜਣ ਦੇ ਸਮਰੱਥ ਹੁੰਦੀ ਹੈ। ਕੌਰਵ ਸਭਾ ਅਜਿਹਾ ਹੀ ਨਾਵਲ ਹੈ ਜੋ ਅੱਜ ਦੇ ਮਨੁੱਖੀ ਵਿਵਹਾਰ ਨੂੰ ਉਸਦੇ ਵਿਚਾਰਾਤਮਕ ਪਰਿਪੇਖ ਤੋਂ ਵਾਚਦਿਆਂ, ਉਸ ਨੂੰ ਸਾਰਥਿਕ ਜੀਵਨ ਮਰਿਆਦਾ ਦੇ ਯੋਗ ਬਣਾਉਣ ਦੀ ਧਾਰਨਾ ਦਾ ਸਰੋਕਾਰ ਬਣਦਾ ਹੈ। ਨਾਵਲ ਦੇ ਬਿਰਤਾਂਤ ਵਿਚ ਪੇਸ਼ ਹੋਏ ਵੱਖ-ਵੱਖ ਪਰਿਪੇਖ ਉਹਨਾਂ ਵਿਚਾਰਾਂ ਉਪਰ ਅਧਾਰਿਤ ਹਨ, ਜਿਨ੍ਹਾਂ ਕਾਰਨ 'ਮਨੁੱਖ' ਮਨੁੱਖ ਨਾ ਰਹਿ ਕੇ ਵਹਿਸ਼ੀਪਨ ਦਾ ਸ਼ਿਕਾਰ ਹੋ ਗਿਆ ਹੈ। ਇਸ ਤੋਂ ਪਹਿਲੇ ਅਧਿਆਇ ਵਿਚ ਗੱਲ ਕੀਤੀ ਹੈ ਕਿ ਅੱਜ ਦਾ ਮਨੁੱਖ ਪੂੰਜੀਵਾਦੀ ਵਿਵਸਥਾ ਅੰਦਰ ਰਹਿ ਰਿਹਾ ਹੈ। ਪੂੰਜੀਵਾਦੀ ਮਨੁੱਖ ਨੇ ਲੋਕਤੰਤਰੀ-ਪ੍ਰਬੰਧ ਵਾਲੀ ਹਰ ਸੰਸਥਾ ਨੂੰ ਉਸ ਦੇ ਅਸਲ ਚਰਿੱਤਰ ਤੋਂ ਡੇਗ ਕੇ ਦਮਨਕ੍ਰਿਤ, ਮੁਨਾਫ਼ਾਖੋਰੀ ਅਤੇ ਸ਼ੋਸ਼ਣਕਾਰੀ ਬਣਾ ਦਿੱਤਾ ਹੈ। ਸਮਾਜ ਦੇ ਹਰ ਪ੍ਰਬੰਧ, ਹਰ ਵਰਗ ਅਤੇ ਹਰ ਰਿਸ਼ਤੇ ਵਿਚ ਫ਼ੈਲੀ ਅਜਿਹੀ ਸੋਚ ਨੂੰ ਹੀ ਕੌਰਵ ਸਭਾ ਦੇ ਵਿਚਾਰਧਾਰਿਕ ਪਰਿਪੇਖ ਦਾ ਆਧਾਰ ਮੰਨਿਆ ਜਾ ਸਕਦਾ ਹੈ। ਮਿੱਤਰ ਸੈਨ ਮੀਤ ਆਪਣੇ ਨਾਵਲ ਵਿਚ ਪੇਸ਼ ਹੋਏ ਵਿਚਾਰਧਾਰਿਕ ਪਰਿਪੇਖਾਂ ਨੂੰ ਪਾਠਕਾਂ ਸਾਹਮਣੇ ਚੇਤਨਾਮੁੱਖੀ ਰੂਪ ਵਿਚ ਪੇਸ਼ ਕਰਦਾ ਹੈ। ਉਹ ਪਾਠਕਾਂ ਸਾਹਮਣੇ ਵਰਤਮਾਨ ਸਮਾਜ ਦੇ

ਵਾਸਤਵਿਕ ਚਰਿੱਤਰ ਨੂੰ ਪੇਸ਼ ਕਰਦਾ ਹੋਇਆ ਪਾਠਕ ਅੰਦਰ ਅਜਿਹੀਆਂ ਪ੍ਰਸਥਿਤੀਆਂ ਤੋਂ ਮੁਕਤ ਹੋਣ ਦੀ ਤਾਂਘ ਪੈਦਾ ਕਰਦਾ ਹੈ। ਪੂੰਜੀਵਾਦੀ ਕੀਮਤਾਂ ਦਾ ਹਰ ਪਲ ਗਿਰਦੇ ਜਾਣਾ ਮਨੁੱਖੀ ਵਿਚਾਰਧਾਰਾ ਦਾ ਡਿੱਗਦਾ ਤੇ ਡੂੰਘੇਰਾ ਹੁੰਦਾ ਜਾਂਦਾ ਪੂੰਜੀ ਅਧਾਰਿਤ ਪੱਖ ਹੀ ਹੈ। ਇਹ ਪੂੰਜੀਵਾਦੀ ਸੋਚ ਨਾਵਲ ਦੇ ਬਿਰਤਾਂਤ ਵਿਚ ਪਏ ਉਹਨਾਂ ਵੱਖ-ਵੱਖ ਪੱਖਾਂ ਨੂੰ ਉਭਾਰਦੀ ਹੈ, ਜਿਹੜੇ ਸਮਾਜ ਦੇ ਢਹਿੰਦੇ ਸਰੂਪ ਦਾ ਬੋਧ ਕਰਵਾਉਂਦੇ ਹਨ। ਅੱਜ ਦਾ ਮਨੁੱਖ ਜਿਸ ਰਾਜ ਤੇ ਸਮਾਜ ਵਿਚ ਰਹਿੰਦਾ ਹੈ ਉਥੇ ਹਰ ਚੀਜ਼, ਹਰ ਰਿਸ਼ਤਾ ਅਤੇ ਹਰ ਪ੍ਰਬੰਧ ਨੋਟਾਂ ਦੇ ਢੇਰ ਨਾਲ ਬਣਦਾ ਵਿਸਰਦਾ ਤੇ ਢਹਿੰਦਾ ਹੈ। ਅਣਮਿੱਥੀ ਦੁਨੀਆਂ ਨੂੰ ਮਿਥੇ ਸਮੇਂ ਤੇ ਸਥਾਨ ਵਿਚ ਧਾਰ ਕਰ ਲੈਣ ਦਾ ਆਧਾਰ ਵੀ ਸੰਸਾਰੀਕਰਣ ਵੱਲ ਵੱਧ ਰਿਹਾ ਪੂੰਜੀਵਾਦੀ ਮਨੁੱਖ ਹੀ ਹੈ। ਸੰਸਾਰੀਕਰਨ ਤੋਂ ਭਾਵ ਨਵ-ਸਾਮਰਾਜਵਾਦੀ ਨੀਤੀ ਹੈ, ਜਿੱਥੇ ਪੂੰਜੀਵਾਦੀ ਮਨੁੱਖ ਦੁਨੀਆਂ ਦੀ ਹਰ ਚੀਜ਼ ਨੂੰ ਆਪਣਾ ਗੁਲਾਮ ਸਮਝਦਾ ਹੈ। ਰਵਿੰਦਰ ਸਿੰਘ ਰਵੀ ਅਨੁਸਾਰ:

> ਕਾਬਜ਼ ਵਿਚਾਰ ਕਾਬਜ਼ ਜਮਾਤ ਦੇ ਹੀ ਇਸ ਲਈ ਹੁੰਦੇ ਹਨ ਕਿ ਜਿਸ ਜਮਾਤ ਕੋਲ ਪਦਾਰਥਕ ਪੈਦਾਵਾਰ ਦੇ ਸਾਧਨ ਹੁੰਦੇ ਹਨ, ਬੌਧਿੱਕ ਪੈਦਾਵਾਰ ਦੇ ਸਾਧਨਾਂ ਉਤੇ ਵੀ ਉਸ ਦਾ ਨਿਯੰਤਰਣ ਹੁੰਦਾ ਹੈ।[3]

ਰਾਜ ਦੇ ਪਹਿਰੇਦਾਰ ਅਤੇ ਸਮਾਜ ਦੇ ਠੇਕੇਦਾਰ ਆਪਣੀਆਂ ਕੁਰਸੀਆਂ ਬਚਾਉਣ ਖ਼ਾਤਿਰ ਇਨ੍ਹਾਂ ਦੀ ਵਿਚਾਰਧਾਰਾ ਦੇ ਅਨੁਸਾਰੀ ਹੋ ਕੇ ਆਮ ਮਨੁੱਖ ਦੇ ਜੀਵਨ ਨੂੰ ਤ੍ਰਿਸਕਾਰ ਦਾ ਪਾਤਰ ਬਣਾ ਰਹੇ ਹਨ। ਇਸ ਸੰਦਰਭ ਵਿਚ ਕੌਰਵ ਸਭਾ ਦਾ ਘਟਨਾ ਸਥੱਲ 'ਮਾਇਆ ਨਗਰ' ਅਜਿਹਾ ਪ੍ਰਤੀਕ ਰੂਪ ਹੈ, ਜਿਥੇ ਹਰ ਮਨੁੱਖ ਜਮਾਤੀ ਵਿਤਕਰੇ ਵਿਚ ਵੰਡਿਆ ਦਿਖਾਈ ਦਿੰਦਾ ਹੈ। ਪੰਕਜ ਅਤੇ ਨੀਰਜ ਅਜਿਹੇ ਸਿਰਕੱਢ ਪੂੰਜੀਪਤੀ ਹਨ ਜਿਨ੍ਹਾਂ ਨੇ ਆਪਣੇ ਤੋਂ ਛੋਟੇ ਪੂੰਜੀਪਤੀ ਵੇਦ ਦੇ ਪਰਿਵਾਰ ਨੂੰ ਆਪਣੀ ਸਾਜਿਸ਼ ਦਾ ਸ਼ਿਕਾਰ ਬਣਾਇਆ। ਬਾਅਦ ਵਿਚ ਵਿਦਿਆਰਥੀ ਯੂਨੀਅਨ, ਮੀਡੀਆ ਅਧਿਕਾਰੀ, ਰਾਜਨੀਤਿਕ ਦਲਾਂ, ਨਿਆਂ, ਪੁਲਿਸ, ਡਾਕਟਰ, ਵਕੀਲ ਅਤੇ ਜੱਜਾਂ ਤੱਕ ਨੂੰ ਖ਼ਰੀਦ ਕੇ ਆਪਣੀ ਕਾਬਜ਼ ਪੂੰਜੀਵਾਦੀ ਸੋਚ ਦਾ ਅਨੁਸਾਰੀ ਬਣਾ ਲਿਆ। ਜਦੋਂ ਅਜਿਹੇ ਜਮਾਤੀ ਭੇੜ ਅੰਦਰ ਵੇਦ ਦੀ ਹਾਰ ਅਨਿਵਾਰੀ ਹੈ ਤਾਂ ਫਿਰ ਸੋਚਿਆ ਜਾ ਸਕਦਾ ਹੈ ਕਿ ਆਮ ਮਨੁੱਖ ਲਈ ਇਨਸਾਫ਼ ਦੀ ਆਸ ਕਰਨੀ,

ਮ੍ਰਿਤਕ ਦੇ ਅਮਰ ਹੋਣ ਦੇ ਤੁੱਲ ਹੈ। ਪੂੰਜੀਵਾਦੀ ਆਰਥਿਕ ਢਾਂਚੇ ਦੇ ਵਿਚਾਰਧਾਰਿਕ ਪਰਿਪੇਖ 'ਮਾਇਆ ਨਗਰ' ਤੋਂ ਲੈ ਕੇ ਪੂੰਜੀਵਾਦ ਦੀਆਂ ਸਮੁੱਚੀਆਂ ਸਥੂਲ ਅਤੇ ਸੂਖ਼ਮ ਭਾਵਨਾਵਾਂ ਅਤੇ ਸੰਭਾਵਨਾਵਾਂ ਵਿਚ ਪੂਰੀ ਤਰ੍ਹਾਂ ਸਾਕਾਰ ਹੋ ਚੁੱਕੇ ਹਨ। ਪੂੰਜੀਵਾਦੀ ਜੀਵਨ ਦੀਆਂ ਇਹਨਾਂ ਸਥੂਲ ਅਤੇ ਸੂਖ਼ਮ ਹਕੀਕਤਾਂ ਵਿਚੋਂ ਹੀ ਕੌਰਵ ਸਭਾ ਦੀ ਵਿਚਾਰਧਾਰਾ ਦਾ ਗਲਪ-ਬੋਧ ਹੁੰਦਾ ਹੈ। ਅੱਜ ਦੇ ਇਸ ਪੂੰਜੀਵਾਦੀ ਸਮਾਜ ਅੰਦਰ ਇਕ ਪਾਸੇ ਲੋਕਰਾਜੀ ਪ੍ਰਬੰਧ ਹੈ ਅਤੇ ਦੂਜੇ ਪਾਸੇ ਪੂੰਜੀਵਾਦੀ ਵਿਵਹਾਰ, ਨੌਕਰਸ਼ਾਹੀ, ਰਾਜਨੀਤੀ, ਭ੍ਰਿਸ਼ਟਾਚਾਰ, ਝੂਠ ਅਤੇ ਮੱਕਾਰੀ ਦਾ ਬੋਲਬਾਲਾ ਹੈ। ਨਾਵਲਕਾਰ ਦੀ ਦ੍ਰਿਸ਼ਟੀ ਉਸ ਸਮਾਜ ਦੇ ਸੱਚ ਨੂੰ ਉੱਭਰਨ ਦੀ ਹੈ ਜਿਥੇ ਮਨੁੱਖੀ ਵਿਵਹਾਰ ਰਾਜ ਪੱਧਰ ਉੱਪਰ ਹੀ ਨਹੀਂ ਬਲਕਿ ਆਤਮਿਕ ਪੱਧਰ ਉੱਪਰ ਵੀ ਗਿਰ ਚੁੱਕਿਆ ਹੈ। ਡਾ. ਗੁਰਚਰਨ ਸਿੰਘ ਅਰਸ਼ੀ ਅਨੁਸਾਰ:

> ਵਿਚਾਰਧਾਰਾ ਭੌਤਿਕ ਕ੍ਰਾਂਤੀ ਨੂੰ ਸਥਾਪਿਤ ਕਰਦੀ ਹੈ। ਵਿਚਾਰਾਂ ਦੀ ਨਵ-ਜਾਗ੍ਰਿਤੀ ਨੂੰ ਨਹੀਂ। ਇਹ ਮਾਨਵਤਾ ਦਾ ਪੱਖ ਪੂਰਦੀ ਹੈ, ਮਾਨਵ-ਲੋਹ ਅਤੇ ਅਪਰਾਧ ਦੇ ਵਿਰੁੱਧ ਲੋਕਾਂ ਨੂੰ ਸੰਗਠਿਤ ਕਰਦੀ ਹੈ। ਇਹ ਵਿਅਕਤੀ ਨੂੰ ਸਮਾਜਿਕ ਮਨੁੱਖ ਦੇ ਰੂਪ ਵਿਚ ਬਦਲਦੀ ਹੈ।[4]

ਨਾਵਲਕਾਰ ਮੀਤ ਅਜਿਹਾ ਸਾਹਿਤਕਾਰ ਹੈ ਜਿਸ ਨੇ ਰਾਜ ਦੇ ਅਧਿਕਾਰਾਂ, ਸਮਾਜ ਦੀਆਂ ਕੀਮਤਾਂ ਅਤੇ ਮਨੁੱਖੀ ਰਿਸ਼ਤਿਆਂ ਦੇ ਹੁੰਦੇ ਹਨਨ ਨੂੰ ਆਪਣੀ ਵਿਚਾਰਧਾਰਾ ਦਾ ਅੰਗ ਬਣਾ ਕੇ ਰੂਪਮਾਨ ਕੀਤਾ ਹੈ। ਉਸਦਾ ਮਕਸਦ ਪੂੰਜੀਵਾਦੀ ਮਨੁੱਖ ਨੂੰ ਉਸਦੀ ਆਪਣੀ ਹੀ ਸੋਚ ਤੋਂ ਜਾਣੂ ਕਰਵਾ ਕੇ ਕਿਸੇ ਨਵੇਂ ਵਿਕਲਪ ਨੂੰ ਸਿਰਜ ਕੇ ਮਨੁੱਖ ਨੂੰ ਮਨੁੱਖਤਾ ਦੇ ਸਿਧਾਂਤਾਂ ਤੋਂ ਜਾਣੂ ਕਰਵਾਉਣ ਤੱਕ ਸੀਮਿਤ ਹੈ। ਮੀਤ ਦਾ ਪੂੰਜੀਵਾਦੀ ਪ੍ਰਬੰਧ ਅੰਦਰ ਇਕ ਅੰਗ ਵਜੋਂ ਕੰਮ ਕਰਨਾ ਉਸਦੀ ਵਿਚਾਰਧਾਰਿਕ ਦ੍ਰਿਸ਼ਟੀ ਨੂੰ ਦ੍ਰਿੜ ਕਰਦਾ ਹੈ, ਜੋ ਕਿ ਨਾਵਲ ਦੇ ਵੱਖ-ਵੱਖ ਪੱਖਾਂ ਵਿਚ ਰੂਪਮਾਨ ਹੋਈ ਹੈ। ਪੰਜਾਬੀ ਆਲੋਚਕ ਡਾ. ਟੀ. ਆਰ. ਵਿਨੋਦ ਦਾ ਕਹਿਣਾ ਹੈ:

> ਹਰੇਕ ਨਾਵਲਕਾਰ ਦਾ ਆਪਣੇ ਅਨੁਭਵ ਤੇ ਅਧਾਰਤ ਇਕ ਦ੍ਰਿਸ਼ਟੀਕੋਣ ਹੁੰਦਾ ਹੈ। ਜਿਹੜਾ ਉਸਦੀ ਰਚਨਾ ਵਿਚ ਲਾਜ਼ਮੀ ਤੌਰ ਤੇ ਮੌਜੂਦ ਹੁੰਦਾ ਹੈ।[5]

ਨਾਵਲਕਾਰ ਦੀ ਦ੍ਰਿਸ਼ਟੀ ਦਾ ਮੁੱਖ ਆਧਾਰ ਭਾਰਤੀ ਸਮਾਜ ਵਿਚ ਵਿਆਪਤ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਵੇਰਵੇ, ਰਾਜ ਅਤੇ ਆਮ ਆਦਮੀ ਦੇ ਆਪਸੀ ਸੰਬੰਧਾਂ ਵਿਚੋਂ ਪੈਦਾ ਹੋਇਆ ਤਨਾਉ, ਵਰਤਮਾਨ ਪੂੰਜੀਵਾਦੀ ਵਿਵਸਥਾ ਕਾਰਨ ਪ੍ਰਭਾਵਿਤ ਹੁੰਦੀ ਪੰਜਾਬੀ ਰਿਸ਼ਤਾ-ਨਾਤਾ ਪ੍ਰਣਾਲੀ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਨਾਰੀ, ਭੁੱਖ ਤੇ ਗਰੀਬੀ ਕਾਰਨ ਵੱਧ ਰਿਹਾ ਜ਼ੁਰਮ, ਪੰਜਾਬ ਅੰਦਰ ਭਈਆਂ ਦੇ ਆਗਮਨ ਨਾਲ ਵਧੀਆਂ ਸਮੱਸਿਆਵਾਂ, ਰਾਜ ਦੇ ਹਰ ਪ੍ਰਬੰਧ ਅੰਦਰ ਫੈਲੀ ਗਿਰਾਵਟ ਤੇ ਮਿਲਾਵਟ, ਪੰਜਾਬੀ ਕਦਰਾਂ-ਕੀਮਤਾਂ ਦਾ ਡੋਲਦਾ ਚੁਗਿਰਦਾ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੀ ਆੜ ਵਿਚ ਫ਼ੈਲੀਆਂ ਬਦਨੀਤੀਆਂ ਵਿਦਿਆਰਥੀਆਂ ਦੇ ਭਵਿੱਖ ਨਾਲ ਕੀਤਾ ਜਾਂਦਾ ਖਿਲਵਾੜ ਆਦਿ ਪੱਖਾਂ ਨੂੰ ਆਪਣੇ ਵਿਚਾਰਧਾਰਿਕ ਨਜ਼ਰੀਏ ਤੋਂ ਪੇਸ਼ ਕੀਤਾ ਹੈ। ਨਾਵਲਕਾਰ ਦਾ ਇਹਨਾਂ ਤੱਥਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਣ ਦਾ ਕਾਰਨ, ਹਰ ਪਲ ਇਹਨਾਂ ਵਰਣਿਤ ਵਾਸਤਵਿਕ ਪ੍ਰਸਥਿਤੀਆਂ ਵਿਚੋਂ ਗੁਜ਼ਰਨ ਦੀ ਪ੍ਰਕ੍ਰਿਆ ਵਿਚ ਨਿਹਿਤ ਹੈ। ਨਾਵਲਕਾਰ ਅਜਿਹਾ ਸੰਵੇਦਨਸ਼ੀਲ ਸਾਹਿਤਕਾਰ ਹੈ ਜਿਸ ਨੂੰ ਸਮੇਂ ਦੀਆਂ ਵਿਗਸਤ ਹੋ ਰਹੀਆਂ ਵਿਚਾਰਧਾਰਾਵਾਂ, ਨਵੀਆਂ ਸਮਾਜਿਕ ਬਣਤਰਾਂ, ਮਾਨਵੀ ਮਨੋਵਿਗਿਆਨ ਦੇ ਤਿੱਖੇ ਅਨੁਭਵ ਤੋਂ ਇਲਾਵਾ ਯੁੱਗਾਂ ਦੇ ਫਾਂਸਲੇ ਵਿਚ ਫ਼ੈਲੀ ਸੋਚ ਦਾ ਡੂੰਘਾ ਗਿਆਨ ਹੈ। ਪਹਿਲੇ ਨਜ਼ਰੇ ਨਾਵਲ ਦਾ ਸਿਰਲੇਖ 'ਕੌਰਵ ਸਭਾ' ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਕਿ ਅੱਜ ਇੱਕੀਵੀਂ ਸਦੀ ਵਿਚ ਉਹ ਕਿਹੜੇ ਕੌਰਵ ਹਨ ਜਿਸ ਕਾਰਨ ਮੀਤ ਨੂੰ ਦੂਜਾ ਮਹਾਂਭਾਰਤ ਰਚਣ ਦੀ ਜ਼ਰੂਰਤ ਮਹਿਸੂਸ ਹੋਈ। ਨਾਵਲ ਨੂੰ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਅੱਜ ਦਾ ਸਮਾਂ ਕੌਰਵਾਂ-ਪਾਂਡਵਾਂ ਦਾ ਨਹੀਂ ਬਲਕਿ ਕੌਰਵਾਂ ਦਾ ਹੀ ਹੈ। ਭਾਵੇਂ ਨਾਵਲਕਾਰ ਨੇ ਵੇਦ ਪਰਿਵਾਰ ਨੂੰ ਪਾਂਡਵਾਂ ਦਾ ਸਥਾਨ ਦਿੱਤਾ ਹੈ, ਪਰ ਇਹ ਪਾਂਡਵ ਉਹ ਨਹੀਂ ਜੋ ਦੁਆਪਰ ਯੁੱਗ ਵਿਚ ਹੋਏ ਹਨ। ਇਹਨਾਂ ਦੀ ਜ਼ਿੰਦਗੀ ਵੀ ਪੂੰਜੀਵਾਦੀ ਸਿਧਾਂਤਾਂ ਉੱਪਰ ਉੱਸਰੀ ਗਾਥਾ ਹੈ, ਭਾਵੇਂ ਬਾਅਦ ਵਿਚ ਵੇਦ ਪਰਿਵਾਰ ਨਾਲ ਅਨਿਆਏ ਹੁੰਦਾ ਹੈ। ਪਰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਰਚਿਆ ਸਵਾਰਥਮੁੱਖ ਤੇ ਦੌਲਤਪ੍ਰਸਤ ਹੁੰਦੇ ਜਾ ਰਹੇ ਵਿਅਕਤੀਆਂ, ਸੰਸਥਾਵਾਂ ਅਤੇ ਪ੍ਰਬੰਧਾਂ ਦੀ ਦਾਸਤਾਨ ਬਿਆਨ ਕਰਦਾ ਹੈ। ਨਾਵਲਕਾਰ ਨੇ ਰਾਜ ਅਤੇ ਸਮਾਜ ਦੀ ਇਹਨਾਂ ਅਖੌਤੀ ਸੰਸਥਾਵਾਂ ਦੇ ਦੋਧਾਰੀ ਸਵਰੂਪ ਦਾ ਪਾਜ਼

ਉਘਾੜਿਆ ਹੈ। ਉਸਦਾ ਆਰ-ਪਾਰ ਫ਼ੈਲੇ ਖੋਖਲੇ ਤੇ ਭ੍ਰਿਸ਼ਟ ਸੰਸਥਾਗਤ ਪ੍ਰਬੰਧਾਂ ਨੂੰ ਉਜਾਗਰ ਕਰਨਾ ਹੈ। ਪੰਜਾਬੀ ਨਾਵਲਕਾਰ ਤੇ ਆਲੋਚਕ ਐਨ. ਐਸ. ਤਸਨੀਮ ਅਨੁਸਾਰ:

> The Novel is multi-dimensional as its depicts the various aspects of the society in the background of a court case. [6]

ਨਾਵਲਕਾਰ ਨੇ ਮੌਜੂਦਾ ਰਾਜ, ਸਮਾਜ ਅਤੇ ਪਰਿਵਾਰਿਕ ਰਿਸ਼ਤਿਆਂ ਦੇ ਪੂੰਜੀ-ਪੱਖੀ ਨਜ਼ਰੀਏ ਨੂੰ ਤਨਜ਼ਮਈ ਦ੍ਰਿਸ਼ਟੀ ਤੋਂ ਚਿਤਰਿਆ ਹੈ। ਨਾਵਲਕਾਰ ਦੀ ਵਿਸ਼ਾਲ ਦ੍ਰਿਸ਼ਟੀ ਤੋਂ ਲੈ ਕੇ ਅੰਤਰ-ਰਾਸ਼ਟਰੀ ਪ੍ਰਕਰਨਾ ਤੱਕ ਅਤੇ ਵਰਤਮਾਨ ਤੋਂ ਲੈ ਕੇ ਇਤਿਹਾਸ ਦੇ ਮਿਥਿਹਾਸ ਤੱਕ ਫ਼ੈਲ ਜਾਂਦੀ ਹੈ। ਕਿਸੀ ਵੀ ਰਚਨਾ ਦੀ ਵਿਚਾਰਧਾਰਾ ਉਸ ਦੇ ਥੀਮ ਵਿਚ ਪਏ ਪੱਖਾਂ ਦੇ ਸਪਸ਼ਟ ਹੋਣ ਨਾਲ ਹੀ ਆਮ ਪਾਠਕ ਦੀ ਚੇਤਨਾ ਦੀ ਸੰਵਾਹਕ ਬਣਦੀ ਹੈ। ਕੌਰਵ ਸਭਾ ਦੇ ਨਾਵਲਕਾਰ ਦੀ ਵਿਚਾਰਧਾਰਿਕ ਦ੍ਰਿਸ਼ਟੀ ਦਾ ਆਧਾਰ ਪੂੰਜੀਵਾਦੀ ਪਦਾਰਥਕ ਜਮਾਤੀ ਵਿੱਤਕਰੇ ਉੱਪਰ ਅਧਾਰਿਤ ਲੋਕਰਾਜੀ ਸਮਾਜ ਹੈ। ਉਸ ਨੇ ਵਿਚਾਰਧਾਰਾ ਦੇ ਸੰਦਰਭ ਵਿਚ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਆਪਣੀ ਆਤਮ-ਦ੍ਰਿਸ਼ਟੀ ਰਾਹੀਂ ਵਿਅੰਗਾਤਮਕ ਰੂਪ ਵਿਚ ਪੇਸ਼ ਕੀਤਾ ਹੈ। ਡਾ. ਸਰਬਜੀਤ ਸਿੰਘ ਅਨੁਸਾਰ:

> ਵਿਚਾਰਧਾਰਾ ਵਿਚਾਰਾਂ ਦਾ ਸਿੱਧ-ਪੱਧਰਾ, ਸਪਾਟ, ਇਕਹਿਰਾ ਵਰਤਾਰਾ ਨਾ ਹੋ ਕੇ ਇਕ ਬਹੁਤ ਹੀ ਜਟਿਲ, ਗੁੰਝਲਦਾਰ ਅਤੇ ਬਹੁ-ਪਰਤੀ ਵਰਤਾਰਾ ਹੈ। [7]

ਮੀਤ ਨੇ ਮਨੁੱਖ ਨੂੰ ਅੱਜ ਦੇ ਪੂੰਜੀਵਾਦੀ ਨਜ਼ਰੀਏ ਨੂੰ ਤਿਲਾਂਜਲੀ ਦੇ ਕੇ ਮਾਨਵਵਾਦੀ ਸੋਚ ਨੂੰ ਬੁਲੰਦ ਕਰਨ ਦੀ ਤਾਕੀਦ ਕੀਤੀ ਹੈ। ਕੌਰਵ ਸਭਾ ਦੇ ਵਿਚਾਰਾਂ ਦੀ ਪੁਸ਼ਟੀ ਦਾ ਅਧਾਰ ਲੋਕਤੰਤਰੀ ਪ੍ਰਬੰਧ ਅੰਦਰ ਮਨੁੱਖ ਦਾ ਪੂੰਜੀਵਾਦੀ ਵਿਵਸਥਾ ਵਿਚ ਗਲਤਾਨ ਹੋ ਕੇ ਮਨੁੱਖਵਾਦੀ ਪੱਖਾਂ ਨੂੰ ਨਕਾਰਨ ਤੱਕ ਸੀਮਿਤ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮੀਤ ਨੇ ਮਨੁੱਖ ਨੂੰ ਪੂੰਜੀਵਾਦੀ ਸੋਚ ਤੋਂ ਮੁਕਤ ਹੋ ਕੇ ਰਾਜ ਤੇ ਸਮਾਜ ਦੇ ਬੁਨਿਆਦੀ ਸਿਧਾਂਤਾਂ ਤੇ ਆਦਰਸ਼ਾਂ ਨੂੰ ਬਣਾਏ ਰੱਖਣ ਲਈ ਜੀਵਨ ਪੱਖੀ ਨਜ਼ਰੀਏ ਨੂੰ ਪੇਸ਼ ਕੀਤਾ ਹੈ।

ਕੌਰਵ ਸਭਾ ਉਸ ਸਮਾਜ ਦੀ ਗੱਲ ਕਰਦਾ ਹੈ ਜਿੱਥੇ ਚਾਰੇ ਪਾਸੇ ਕੌਰਵ ਹੀ ਹਨ। ਇਥੇ ਦਰੋਪਦੀ ਦਾ ਚੀਰ-ਹਰਨ ਕਰਨ ਵਾਲੇ ਤਾਂ ਸਾਰੇ ਹੀ ਹਨ,ਪਰ ਕ੍ਰਿਸ਼ਨ ਦੀ ਤਰ੍ਹਾਂ ਉਸਦੀ ਲਾਜ ਬਚਾਉਣ ਵਾਲਾ ਕੋਈ ਨਹੀਂ ਆਉਂਦਾ। ਮੀਤ ਨੇ ਸਮਾਜ ਦੇ ਉਹਨਾਂ ਭ੍ਰਿਸ਼ਟ ਵਿਅਕਤੀਆਂ ਦੀ ਗੱਲ ਕੀਤੀ ਹੈ, ਜਿਹੜੇ ਆਪਣੇ ਫ਼ਰਜਾਂ ਤੋਂ ਮੂੰਹ ਮੋੜ ਕੇ ਕੰਧਾਰੀ ਦੀ ਤਰ੍ਹਾਂ ਅੱਖਾਂ ਹੁੰਦੇ ਹੋਏ ਉਸ ਉਪਰ ਪੱਟੀ ਬੰਨ ਲੈਂਦੇ ਹਨ। ਜਿਸ ਦਾ ਨਤੀਜਾ ਸਮੁੱਚਾ ਸਮਾਜ ਹੀ 'ਕੌਰਵ ਸਭਾ' ਬਣ ਕੇ ਰਹਿ ਜਾਂਦਾ ਹੈ।

ਨਾਵਲ ਦੇ ਵਿਚਾਰਧਾਰਿਕ ਪੱਖਾਂ ਦਾ ਆਧਾਰ ਦੋ ਭਰਾਵਾਂ ਦੇ ਸਾਂਝੇ ਕਾਰੋਬਾਰ ਵਿਚ ਪਈ ਆਪਸੀ ਫੁੱਟ ਹੈ। ਨਾਵਲ ਵਿਚ ਪੇਸ਼ ਹੋਈ ਸਮੁੱਚੀ ਵਿਚਾਰਧਾਰਿਕ ਦ੍ਰਿਸ਼ਟੀ ਦਾ ਆਧਾਰ ਮੌਜੂਦਾ ਸਮਾਜਿਕ ਵਿਵਸਥਾ ਅਤੇ ਇਸਦੇ ਪਿੱਛੇ ਕੰਮ ਕਰਦੀਆਂ ਪੂੰਜੀਵਾਦੀ ਸ਼ਕਤੀਆਂ ਦੇ ਕਰੂਰ ਯਥਾਰਥ ਨੂੰ ਸਾਹਮਣੇ ਲਿਆਉਣਾ ਹੈ। ਨਾਵਲ ਦੇ ਬਿਰਤਾਂਤ ਦਾ ਆਰੰਭ ਪਰਿਵਾਰਿਕ ਰਿਸ਼ਤਿਆਂ ਦੇ ਬਦਲਦੇ ਪਰਿਪੇਖ ਵਿਚ ਨਿਹਿਤ ਹੈ ਜੋ ਕਿ ਸਮਾਜਿਕ ਰਿਸ਼ਤਿਆਂ ਦੀ ਵਿਡੰਬਨਾ ਦੀ ਗੱਲ ਕਰਦਾ ਹੈ, ਜਿਹੜੇ ਸਾਡੇ ਪਿੰਡਾਂ ਦੀ ਪਰੰਪਰਾ ਨਾਲੋਂ ਟੁੱਟ ਕੇ ਨਵੇਂ-ਨਵੇਂ ਨਗਰਾਂ ਅਤੇ ਮਹਾਂਨਗਰਾਂ ਵਿਚ ਆ ਕੇ ਵੱਸਦੇ ਹਨ। ਕੌਰਵ ਸਭਾ ਮੋਹਨ ਪਰਿਵਾਰ ਅਤੇ ਵੇਦ ਪਰਿਵਾਰ ਦੇ ਰਿਸ਼ਤਿਆਂ ਦੀ ਪੇਸ਼ਕਸ਼ ਦਾ ਹੀ ਨਾਵਲ ਹੈ। ਆਧੁਨਿਕ ਸਮੇਂ ਅੰਦਰ ਨਵੇਂ ਉਦਯੋਗ ਅਤੇ ਨਵੀਂ ਤਕਨਾਲੋਜੀ ਆਉਣ ਕਾਰਨ ਜਿਥੇ ਲੋਕ ਪਿੰਡਾਂ ਵਿਚੋਂ ਆ ਕੇ ਸ਼ਹਿਰਾਂ ਵਿਚ ਆ ਵੱਸਦੇ ਹਨ ਉਥੇ ਨਾਲ ਹੀ ਆਪਣੇ ਵਿਰਸੇ ਸੱਭਿਆਚਾਰ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਤੋਂ ਵੀ ਦੂਰ ਹੋ ਜਾਂਦੇ ਹਨ।

ਨਾਵਲਕਾਰ ਨੇ ਇਹਨਾਂ ਸਮਾਜਿਕ ਸਭਿਆਚਾਰਕ ਰਿਸ਼ਤਿਆਂ ਨੂੰ ਹੰਕਾਰ ਤੇ ਲਾਲਚ ਵੱਸ ਦਿਖਾ ਕੇ ਰਿਸ਼ਤਿਆਂ ਦਾ ਤ੍ਰਾਸਦਿਕ ਮਾਹੌਲ ਪੇਸ਼ ਕੀਤਾ ਹੈ। ਮੋਹਨ ਅਤੇ ਵੇਦ ਪਰਿਵਾਰ ਵਿਚ ਜਾਇਦਾਦ ਦੇ ਝਗੜੇ ਕਾਰਨ ਵਾਪਰੀ ਇਕ ਅਪਰਾਧ ਘਟਨਾ ਵਿਚ ਵੇਦ ਦੇ ਪੁੱਤਰ ਕਮਲ ਦਾ ਕਤਲ, ਧੀ ਨਿਹਾ ਦਾ ਬਲਾਤਕਾਰ ਅਤੇ ਵੇਦ ਤੇ ਨੀਲਮ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਜਾਂਦੇ ਹਨ। ਚਾਚੇ ਭਤੀਜਿਆਂ ਵਿਚ ਹੋਈ ਇਹ ਖ਼ੂਨੀ ਲੜਾਈ ਰਿਸ਼ਤਿਆਂ ਦੀ ਬਦਲਦੀ ਵਿਚਾਰਧਾਰਾ ਨੂੰ ਰੂਪਮਾਨ ਕਰਦੀ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਇਸ ਘਟਨਾ ਤੋਂ ਬਾਅਦ ਹੋਂਦ ਵਿਚ ਆਏ ਵੱਖ-ਵੱਖ ਪੱਖਾਂ ਦੇ ਵਿਚਾਰਾਂ ਤੱਕ ਫੈਲਿਆ ਹੋਇਆ ਹੈ। ਨਾਵਲਕਾਰ ਦੁਆਰਾ ਪੇਸ਼ ਕੀਤੇ ਇਹ ਪੱਖ ਪੂੰਜੀ ਅਧਾਰਿਤ

ਮਾਨਵੀ ਰਿਸ਼ਤਿਆਂ ਦੇ ਸੱਚ ਦਾ ਪ੍ਰਗਟਾਵਾ ਕਰਦੇ ਹਨ। ਮਾਨਵੀ ਰਿਸ਼ਤਿਆਂ ਦਾ ਇਹ ਸੰਸਾਰ ਸਮਾਜਿਕ ਮਨੁੱਖ ਤੋਂ ਮਸ਼ੀਨੀ ਵਿਚ ਤਬਦੀਲ ਹੋ ਗਿਆ ਜਾਪਦਾ ਹੈ ਜਿਥੇ ਹਰ ਰਿਸ਼ਤਾ ਗਰਜ ਅਤੇ ਮੁਨਾਫ਼ੇ ਦਾ ਬਣ ਗਿਆ ਹੈ। ਨਾਵਲ ਅੰਦਰ ਵੇਦ ਦੇ ਸੱਟਾਂ ਲੱਗਣ ਤੋਂ ਬਾਅਦ ਉਸਦੇ ਸਾਰੇ ਰਿਸ਼ਤੇਦਾਰਾਂ ਦਾ ਪੰਕਜ ਹੁਰਾਂ ਦੇ ਪੱਖ ਵਿਚ ਬੋਲਣ ਵਿਚ ਸਿੱਧ ਕਰਦਾ ਹੈ ਕਿ ਰਿਸ਼ਤਿਆਂ ਅੰਦਰ ਜਜ਼ਬਾਤ ਅਤੇ ਭਾਵਨਾਵਾਂ ਦੀ ਥਾਂ ਪੂੰਜੀ ਅਤੇ ਪੈਸੇ ਨੇ ਲੈ ਲਈ ਹੈ। ਅੱਜ ਦੇ ਰਿਸ਼ਤੇ ਨਾਤੇ ਉਸੀ ਨਾਲ ਰਿਸ਼ਤਾ ਰੱਖਦੇ ਹਨ, ਜਿਸਦੀ ਜੇਬ ਨੋਟਾਂ ਨਾਲ ਭਰੀ ਹੋਵੇ। ਇਹ ਪੂੰਜੀਵਾਦੀ ਕਦਰਾਂ-ਕੀਮਤਾਂ ਹੀ ਹਨ ਕਿ ਰਾਜ ਦੀਆਂ ਤਿੰਨੋਂ ਸੰਸਥਾਵਾਂ ਭ੍ਰਿਸ਼ਟ ਹੋ ਕੇ ਆਪਣੇ ਫ਼ਰਜਾਂ ਨੂੰ ਵਿਸਾਰ ਚੁੱਕੀਆਂ ਹਨ। ਨਾਵਲੀ ਬਿਰਤਾਂਤ ਵਿਚ ਰਾਮ ਨਾਥ ਅਜਿਹਾ ਪਾਤਰ ਹੈ ਜੋ ਕਿ ਘਟਨਾ ਦਾ ਸ਼ਿਕਾਰ ਹੋਏ ਪਰਿਵਾਰ ਦਾ ਰਿਸ਼ਤੇਦਾਰ ਹੈ। ਹੱਕ ਸੱਚ ਦੀ ਲੜਾਈ ਖ਼ਾਤਿਰ ਮਹਾਂਨਗਰ ਪਹੁੰਚਿਆ ਰਾਮ ਨਾਥ ਜਦੋਂ ਸੱਚ ਦਾ ਸਾਥ ਦਿੰਦਾ ਹੋਇਆ ਸੱਚ ਨਾਲ ਜੂਝਦਾ ਹੈ ਤਾਂ ਪੂੰਜੀਵਾਦੀ ਸੋਚ ਦੇ ਧਾਰਨੀ ਸਕੇ-ਸੰਬੰਧੀ ਉਸਦਾ ਸਾਥ ਦੇਣੋਂ ਕਤਰਾਉਂਦੇ ਹਨ। ਮਨੁੱਖੀ ਨੈਤਿਕਤਾ ਇਥੋਂ ਤੱਕ ਮਰ ਚੁੱਕੀ ਹੈ ਕਿ ਕਮਲ ਦੀ ਲਾਸ਼ ਨੂੰ ਢੱਕਣ ਲਈ ਕੋਈ ਵੀ ਆਂਢੀ ਗੁਆਂਢੀ ਅੱਗੇ ਨਹੀਂ ਆਉਂਦਾ। ਸਮਾਜ ਦੇ ਬੌਧਿਕ ਮਨੁੱਖ ਵੇਦ ਪਰਿਵਾਰ ਨੂੰ ਇਨਸਾਫ਼ ਦਿਲਵਾਉਣ ਖ਼ਾਤਿਰ ਧਰਨੇ, ਹੜਤਾਲਾਂ ਕਰਦੇ ਜ਼ਰੂਰ ਹਨ, ਪਰ ਛੇਤੀ ਹੀ ਪੂੰਜੀਵਾਦੀ ਸੋਚ ਤਹਿਤ ਸਮਝੌਤੇ ਦੀ ਗੱਲ ਕਰਨ ਲੱਗ ਪੈਂਦੇ ਹਨ। ਰਾਮ ਨਾਥ ਨੂੰ ਨਿਰਾਸ਼ਾ ਦੇ ਇਸ ਮਾਹੌਲ ਅੰਦਰ ਰਾਜ ਕੁਮਾਰ ਨੂੰ ਦੇਖ ਕੇ ਹੌਸਲਾ ਹੁੰਦਾ ਹੈ ਕਿ ਲੋਹੇ ਦੇ ਇਸ ਸ਼ਹਿਰ ਅੰਦਰ ਇਨਸਾਨੀਅਤ ਹਾਲੇ ਜ਼ਿੰਦਾ ਹੈ ਪਰ ਅਸਲੀਅਤ ਇਹ ਹੈ ਕਿ ਰਾਜ ਕੁਮਾਰ ਵੀ ਦਲਾਲੀ ਵਜੋਂ ਫ਼ੀਸ ਵਿਚੋਂ ਕਮਿਸ਼ਨ ਲੈਂਦਾ ਹੈ। ਵਾਸਤਵ ਵਿਚ ਇਹ ਮਹਾਂ ਨਗਰੀ ਮਾਨਵੀ ਰਿਸ਼ਤੇ ਸਮਾਜ ਦੇ ਉਸ ਸੰਕਟ ਵੱਲ ਇਸ਼ਾਰਾ ਕਰਦੇ ਹਨ, ਜਿੱਥੇ ਇਨਸਾਨੀਅਤ ਦਾ ਹਰ ਪਹਿਲੂ ਹੌਲੀ-ਹੌਲੀ ਆਲੋਪ ਹੁੰਦਾ ਜਾ ਰਿਹਾ ਹੈ। ਪੰਕਜ ਅਤੇ ਨੀਰਜ ਪੂੰਜੀ ਖ਼ਾਤਿਰ ਆਪਣੇ ਹੀ ਚਾਚੇ ਘਰ ਭਈਆਂ ਨੂੰ ਸੁਪਾਰੀ ਦੇ ਕੇ ਹਮਲਾ ਕਰਾਉਂਦੇ ਹਨ। ਉਹਨਾਂ ਦੀ ਸੋਚ ਚਾਚੇ ਦੇ ਡਾਉਲਿਆਂ ਦਾ ਚੂਰਮਾ ਬਣਾਉਣ, ਚਾਚੀ ਦੇ ਦਿਮਾਗ ਦੀ ਖੱਖੜੀ-ਖੱਖੜੀ ਕਰ ਦੇਣ, ਛੋਟੀ ਭੈਣ ਨਿਹਾ ਨੂੰ ਭਰੇ ਬਾਜ਼ਾਰ ਨੰਗਾ ਕਰਨ ਅਤੇ ਭਰਾ ਕਮਲ ਦਾ ਕੰਡਾ ਕੱਢਣ ਤੱਕ ਜਾ ਪਹੁੰਚਦੀ ਹੈ। ਪੰਕਜ ਤੇ ਨੀਰਜ ਦੇ ਆਪ-ਹੁਦਰੇਪਨ ਦੀ ਇਹ ਪਹਿਲੀ ਨਿਸ਼ਾਨੀ ਹੈ। ਦੂਜੇ ਪਾਸੇ ਨੀਰਜ ਤੇ ਪੰਕਜ

ਬਾਰੇ ਉਸ ਦੇ ਆਪਣੇ ਹੀ ਘਰਦਿਆਂ ਉਨ੍ਹਾਂਦੀ ਮਾਂ ਅਤੇ ਉਹਨਾਂ ਦੀਆਂ ਪਤਨੀਆਂ ਨੂੰ ਭਾਗੀਦਾਰਾਂ ਬਾਰੇ ਪਤਾ ਨਾ ਹੋਣਾ ਇਹ ਸਿੱਧ ਕਰਦਾ ਹੈ ਕਿ ਅੱਜ ਦਾ ਪੂੰਜੀਵਾਦੀ ਮਨੁੱਖ ਆਪਣੇ ਪਰਿਵਾਰ ਤੋਂ ਦੂਰ ਹੀ ਨਹੀਂ ਬਲਕਿ ਉਹਨਾਂ ਤੋਂ ਟੁੱਟਦਾ ਵੀ ਜਾ ਰਿਹਾ ਹੈ। ਸੈਸ਼ਨ ਜੱਜ ਪ੍ਰਤਾਪ ਸਿੰਘ ਪੰਕਜ ਦੇ ਪਿਤਾ ਮੋਹਨ ਲਾਲ ਦਾ ਕਰੀਬੀ ਦੋਸਤ ਸੀ। ਪਰ ਪੰਕਜ ਹੁਰਾਂ ਉਪਰ ਆਈ ਮੁਸੀਬਤ ਵੇਲੇ ਪ੍ਰਤਾਪ ਸਿੰਘ ਪੰਕਜ ਹੁਰਾਂ ਦਾ ਨਹੀਂ ਬਲਕਿ ਪੂੰਜੀਵਾਦੀ ਸੋਚ ਸਦਕਾ ਪੈਸੇ ਨੂੰ ਹੀ ਅਹਿਮੀਅਤ ਦਿੰਦਾ ਹੈ। ਪੰਕਜ ਹੁਰਾਂ ਦੀ ਜਮਾਨਤ ਵਿਚ ਮੱਦਦ ਕਰ ਰਹੇ ਆਈ ਜੀ. ਨੂੰ ਕਹੇ ਪ੍ਰਤਾਪ ਸਿੰਘ ਦੇ ਇਹ ਬੋਲ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ:-

> ਇੱਡੀ ਘਬਰਾਹਟ ਵਾਲੀ ਕਿਹੜੀ ਗੱਲ ਹੈ। ਰਕਮ ਵਾਪਸ ਕਿਉਂ ਕਰਨੀ ਹੈ? ਆਪਣੇ ਕਿਹੜਾ ਉਹ ਸਾਲੇ ਲਗਦੇ ਹਨ। ਵਿਉਪਾਰੀ ਹਨ। ਚੀਜ਼ ਖ਼ਰੀਦ ਰਹੇ ਹਨ। ਲੋੜ ਪਈ ਤਾਂ ਆਏ ਹਨ।[8]

ਪ੍ਰਤਾਪ ਸਿੰਘ ਦੇ ਇਹਨਾਂ ਬੋਲਾਂ ਵਿਚ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਪੂੰਜੀ ਕੇਂਦਰਿਤ ਜੀਵਨ-ਜਾਂਚ ਮਾਨਵੀ ਰਿਸ਼ਤਿਆਂ ਉੱਪਰ ਹਾਵੀ ਹੋ ਰਹੀ ਹੈ। ਇਥੇ ਸਾਰੇ ਰਿਸ਼ਤੇ ਪੂੰਜੀ, ਸੱਤਾ ਰਾਜਸੀ ਚਾਲਾਂ ਨਾਲ ਬਣਦੇ ਵਿਗੜਦੇ ਹਨ। ਮੁੱਖ ਮੰਤਰੀ ਤੇ ਬਘੇਲ ਸਿੰਘ ਦਾ ਰਿਸ਼ਤਾ ਵੀ ਸੱਤਾ ਤੇ ਪੂੰਜੀ ਅਧਾਰਿਤ ਹੀ ਹੈ। ਮਾਤਾ ਕਲਿਆਣੀ ਜੀ ਦੁਆਰਾ ਸਥਾਪਿਤ ਕੀਤੀ ਸਹਿਯੋਗ ਸੰਸਥਾ ਦੇ ਮੈਂਬਰਾਂ ਦੀ ਵਿਚਾਰਧਾਰਾ ਵੀ ਪੂੰਜੀਵਾਦੀ ਸਿਧਾਂਤਾਂ ਦੀ ਧਾਰਨੀ ਹੈ। ਇਹ ਸੰਸਥਾ ਮਨੁੱਖਾਂ ਲਈ ਆਤਮਿਕ ਪ੍ਰੇਰਨਾ ਦਾ ਅਧਿਆਤਮਕ ਸੋਮਾ ਹੈ। ਪਰੰਤੂ ਨਿਹਾ ਨਾਲ ਕੀਤੇ ਵਿਵਹਾਰ ਤੋਂ ਇਹ ਸਾਬਿਤ ਹੁੰਦਾ ਹੈ ਕਿ ਇਸ ਸੰਸਥਾ ਦੇ ਮੈਂਬਰ ਵੀ ਦੰਭੀ ਕਿਰਦਾਰ ਵਾਲੇ ਹਨ, ਜੋ ਕਹਿੰਦੇ ਕੁਝ ਹਨ ਤੇ ਕਰਦੇ ਕੁਝ। ਇਸ ਪ੍ਰਕਾਰ ਮਾਨਵੀ ਰਿਸ਼ਤਿਆਂ ਵਿਚੋਂ ਮਾਨਵ ਦਾ ਮਾਨਵੀ ਰਿਸ਼ਤਾ ਗਾਇਬ ਹੀ ਦਿਖਾਈ ਦਿੰਦਾ ਹੈ।।

ਪੈਸਾ-ਕੀਮਤਾਂ ਦੀ ਗ੍ਰਿਫ਼ਤ ਵਿਚ ਸਹਿਕ ਰਿਹਾ ਹਰ ਰਿਸ਼ਤਾ ਭਾਵਨਾਵਾਂ ਤੋਂ ਦੂਰ ਆਪਣਿਆਂ ਨੂੰ ਹੀ ਦੈਂਤ ਰੂਪ ਵਿਚ ਨਿਗਲਦਾ ਜਾ ਰਿਹਾ ਹੈ। ਪੰਕਜ ਤੇ ਨੀਰਜ ਅਜਿਹੇ ਹੀ ਵਿਅਕਤੀ ਹਨ ਜਿਨ੍ਹਾਂ ਨੇ ਪੈਸੇ ਦੀ ਸ਼ਕਤੀ ਨਾਲ ਪਰਵਾਸੀ ਮਜ਼ਦੂਰਾਂ, ਪੁਲਿਸ ਅਧਿਕਾਰੀਆਂ, ਡਾਕਟਰਾਂ ਵਕੀਲਾਂ, ਜੱਜਾਂ ਅਤੇ ਸਿਆਸਤਦਾਨਾਂ ਨੂੰ ਖ਼ਰੀਦ ਕੇ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਾਬਿਤ ਕਰਕੇ ਆਪਣੇ ਹੀ ਚਾਚੇ ਦੇ

ਪਰਿਵਾਰ ਨਾਲ ਧੋਖਾ ਕੀਤਾ। ਫੌਜਦਾਰੀ ਮੁਕੱਦਮੇ ਅਧੀਨ ਆਉਂਦੇ ਪੰਕਜ ਤੇ ਨੀਰਜ ਪੈਸੇ ਦੇ ਜ਼ੋਰ ਸਦਕਾ ਹੀ ਸਜ਼ਾਇ-ਮੌਤ ਦੀ ਥਾਂ ਬਰੀ ਹੋ ਜਾਂਦੇ ਹਨ। ਕੌਰਵ ਸਭਾ ਦੇ ਪੂੰਜੀਵਾਦੀ ਨਿਜ਼ਾਮ ਅੰਦਰ ਪੰਕਜ ਤੇ ਨੀਰਜ ਹੀ ਨਹੀਂ ਬਲਕਿ ਹਰ ਮਨੁੱਖ ਪੈਸਾ ਕਮੀਤਾਂ ਦੀ ਗ੍ਰਿਫ਼ਤ ਵਿਚ ਆਇਆ ਨਜ਼ਰ ਆਉਂਦਾ ਹੈ। ਗਰੀਬ, ਛੋਟੀ ਸ਼੍ਰੇਣੀ ਦੇ ਠੇਕੇਦਾਰ, ਪਰਵਾਸੀ ਮਜ਼ਦੂਰ ਹੀ ਨਹੀਂ ਬਲਕਿ ਪੂੰਜੀਵਾਦੀ ਵਿਵਸਥਾ ਵਿਚ ਰਹਿੰਦਾ ਹਰ ਛੋਟਾ-ਵੱਡਾ ਵਿਅਕਤੀ ਪੈਸਾ ਕਮਾਉਣ ਦੀ ਲਾਲਸਾ ਰੱਖਦਾ ਹੈ। ਨਾਵਲ ਦੇ ਬਿਰਤਾਂਤ ਵਿਚ ਸਭ ਤੋਂ ਪਹਿਲਾਂ ਹਰਕਤ ਵਿਚ ਆਈ ਪੁਲਿਸ ਦਾ ਵਾਰਦਾਤ ਵਾਲੀ ਥਾਂ ਦੋ ਘੰਟੇ ਲੇਟ ਪਹੁੰਚਣਾ, ਇਸ ਦੇ ਅਸਲੀ ਕਿਰਦਾਰ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਦੂਸਰੇ ਪਾਸੇ ਮੁੱਖ ਮੰਤਰੀ ਦੇ ਹੁਕਮਾਂ ਨਾਲ ਮੁਲਜ਼ਮ ਬਹੱਤਰ ਘੰਟਿਆਂ ਵਿਚ ਹੀ ਫੜੇ ਜਾਂਦੇ ਹਨ। ਪੁਲਿਸ ਅਧਿਕਾਰੀ ਸੱਚ ਨੂੰ ਪਹਿਚਾਣ ਤਾਂ ਲੈਂਦੇ ਹਨ ਪਰ ਪੈਸਾ ਕੀਮਤਾਂ ਵਾਲੀ ਸੋਚ ਸਦਕਾ ਸਥਿਤੀ ਨੂੰ ਦੋਸ਼ੀਆਂ ਦੇ ਹੱਕ ਵਿਚ ਭੁਗਤਾ ਦਿੰਦੇ ਹਨ। ਘਟਨਾ ਦਾ ਸ਼ਿਕਾਰ ਹੋਏ ਪਰਿਵਾਰ ਦਾ ਸਮੇਂ ਸਿਰ ਇਲਾਜ ਨਾ ਹੋਣਾ, ਇਸ ਗੱਲ ਦੀ ਹਾਮੀ ਭਰਦਾ ਹੈ ਕਿ ਡਾਕਟਰੀ ਪੇਸ਼ੇ ਨਾਲ ਸੰਬੰਧਿਤ ਅਧਿਕਾਰੀਆਂ ਦੀ ਸੋਚ ਪਿੱਛੇ ਪੂੰਜੀਵਾਦੀ ਨਜ਼ਰੀਆ ਹੈ। ਨਿਹਾ ਤੇ ਨੀਲਮ ਦਾ ਡਾਕਟਰੀ ਇਲਾਜ ਸ਼ੁਰੂ ਨਾ ਹੋਣ ਦਾ ਕਾਰਨ ਇਹ ਹੈ ਕਿ ਨਿਹਾ ਦੀ ਡਾਕਟਰ ਕਿਸੇ ਮੰਤਰੀ ਦੀ ਨੂੰਹ ਹੈ, ਜਦੋਂ ਕਿ ਨੀਲਮ ਦੇ ਦਿਮਾਗੀ ਇਲਾਜ ਦਾ ਹਸਪਤਾਲ ਵਿਚ ਡਾਕਟਰ ਹੀ ਨਹੀਂ। ਦੂਜੇ ਪਾਸੇ ਠੇਕੇਦਾਰ ਇਲਾਜ ਸ਼ੁਰੂ ਕਰਨ ਲਈ ਡਾਕਟਰ ਦੀ ਦਲਾਲੀ ਵਜੋਂ ਇਹ ਕਹਿੰਦਾ ਹੈ:

> ਪਹਿਲਾਂ ਫ਼ੀਸ ਤਹਿ ਕਰ। ਕੁਝ ਅਡਵਾਂਸ ਦਿਓ। ਫੇਰ ਹੀ ਡਾਕਟਰ ਆਏਗਾ?[9]

ਜਿਸ ਸਮਾਜ ਦੇ ਮਨੁੱਖਾਂ ਦੀ ਮਨੁੱਖਤਾ ਏਨੀ ਗਿਰ ਚੁੱਕੀ ਹੋਵੇ ਉਥੋਂ ਕਿਸੇ ਦੇ ਬਚਣ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ। ਪੂੰਜੀਵਾਦੀ ਵਿਚਾਰਧਾਰਾ ਦੇ ਅਨੁਸਾਰੀ ਇਹਨਾਂ ਡਾਕਟਰਾਂ ਦੀ ਸੋਚ ਇਥੋਂ ਤੱਕ ਗਿਰ ਚੁੱਕੀ ਹੈ ਕਿ ਲੜਾਈ-ਝਗੜੇ ਵਿਚ ਲੱਗੀਆਂ ਸੱਟਾਂ ਦੇ ਇਲਾਜ ਵਾਲੇ ਵਾਰਡ ਦੇ ਖਾਲੀ ਪਏ ਰਹਿਣ ਦਾ ਕਾਰਨ ਡਾਕਟਰਾਂ ਵਿਚ ਇਕ ਦੂਸਰੇ ਤੋਂ ਵੱਧ ਕੇ ਪੈਸਾ ਕਮਾਉਣ ਦੀ ਲਾਲਸਾ ਹੈ। ਪੰਕਜ ਅਤੇ ਨੀਰਜ ਦਾ ਬਿਨਾਂ ਬਿਮਾਰੀ ਹਸਪਤਾਲ ਵਿਚ ਰਹਿਣਾ ਅਤੇ ਸਾਰੀਆਂ ਸਹੂਲਤਾਂ ਪ੍ਰਾਪਤ

ਕਰਨ ਪਿੱਛੇ ਵੀ ਪੈਸਾ ਹੀ ਹੈ। ਭਾਰਤੀ ਲੋਕਤੰਤਰ ਦੀ ਸਭ ਤੋਂ ਉੱਚੀ ਤੇ ਇਨਸਾਫ਼ ਪਸੰਦ ਸੰਸਥਾ ਦੇ ਭ੍ਰਿਸ਼ਟ ਹੋਣ ਅਤੇ ਪੂੰਜੀ ਪੱਖੀ ਨਜ਼ਰੀਏ ਦੀ ਧਾਰਨੀ ਹੋਣ ਬਾਰੇ ਵੀ ਨਾਵਲ ਵਿਚ ਪੂਰੇ ਵੇਰਵੇ ਦਿੱਤੇ ਮਿਲਦੇ ਹਨ। ਨੰਦ ਲਾਲ ਅਤੇ ਸਿੰਗਲਾ ਮੁਲਜ਼ਮ ਧਿਰ ਵਲੋਂ ਖੜ੍ਹੇ ਕੀਤੇ ਅਜਿਹੇ ਵਕੀਲ ਪਾਤਰ ਹਨ ਜੋ ਕਿ ਅਰਦਲੀ ਤੋਂ ਲੈ ਕੇ ਸੁਪਰੀਮ ਕੋਰਟ ਦੇ ਜੱਜਾਂ ਦੀ ਖ਼ਰੀਦੋ-ਫਰੋਖ਼ਤ ਕਰ੍ਹਨ ਵਿਚ ਮਾਹਿਰ ਹਨ। ਪਰ ਇਹਨਾਂ ਦੀ ਵਿਚਾਰਧਾਰਾ ਮਾਨਵਤਾ ਤੋਂ ਸੱਖਣੇ ਪੱਖਾਂ ਨਾਲ ਭਰੀ ਹੋਈ ਹੈ। ਇਨ੍ਹਾਂ ਦੇ ਕਿੱਤੇ ਦਾ ਆਧਾਰ-ਬਿੰਦੂ ਪੈਸਾ ਅਤੇ ਝੂਠ ਉਪਰ ਉਸਰੇ ਸਿਧਾਂਤਾਂ ਦਾ ਸੰਗਮ ਹੈ। ਨੰਦ ਲਾਲ ਦੀ ਵਕੀਲੀ ਕਾਨੂੰਨੀ ਨੁਕਤਿਆਂ ਮੁਤਾਬਿਕ ਨਹੀਂ ਬਲਕਿ ਪੈਸੇ ਦੀਆਂ ਗੁੱਟੀਆਂ ਅਤੇ ਅਫ਼ਸਰਾਂ ਦੀ ਜਾਣ ਪਹਿਚਾਣ ਨਾਲ ਚੱਲਦੀ ਹੈ:

> ਸੈਸਨ ਜੱਜ ਤੱਕ ਪਹੰਚ ਕਰੋ। ਪੁਲਿਸ ਤੇ ਦਬਾਅ ਪਾਓ। ਤੁਹਾਡਾ ਬਹੁਤ ਰਸੂਖ ਹੈ। ਸਿਆਸੀ ਬੰਦੇ ਫੜੋ। ਰਿਸ਼ਤੇਦਾਰ ਅਫ਼ਸਰਾਂ ਤੋਂ ਫੋਨ ਕਰਵਾਓ। ਹਾਲੇ ਕੁਝ ਨਹੀਂ ਵਿਗੜਿਆ। ਤਫ਼ਤੀਸ਼ ਇਥੇ ਰੁੱਕ ਸਕਦੀ ਹੈ। [10]

ਮਹਿੰਦਰ ਸਿੰਘ ਨਾਲੋਂ ਨੰਦ ਲਾਲ ਦੀ ਚੋਣ ਦਾ ਆਧਾਰ ਹੀ ਇਸ ਕੋਲ ਬੇਈਮਾਨੀ, ਝੂਠ ਮੱਕਾਰੀ, ਪੈਸਾਵਾਦੀ ਸੋਚ ਆਦਿ ਪੂੰਜੀਵਾਦੀ ਔਗੁਣਾਂ ਦੇ 'ਗੁਣਾਂ' ਦਾ ਹੋਣਾ ਹੈ। ਇਨ੍ਹਾਂ ਵਕੀਲਾਂ ਵਿਚ ਊਧਮ ਸਿੰਘ ਵਰਗੇ ਵਕੀਲ ਵੀ ਹਨ ਜੋ ਆਪਣੇ ਜ਼ਮੀਰ ਦੀ ਆਵਾਜ਼ ਸੁਣਕੇ ਦੂਸਰਿਆਂ ਦੇ ਦੁੱਖ ਵਿਚ ਦੁੱਖੀ ਹੁੰਦੇ ਹਨ ਪਰ ਸਮੇਂ ਦਾ ਯਥਾਰਥ ਉਹਨਾਂ ਨੂੰ ਵੀ ਪੂੰਜੀਵਾਦੀ ਪੈਸਾ ਕੀਮਤਾਂ ਤੋਂ ਮੁਕਤ ਨਹੀਂ ਹੋਣ ਦਿੰਦਾ। ਜੱਜ ਸਾਧੂ ਸਿੰਘ ਅਤੇ ਵਕੀਲ ਹਰੀਸ਼ ਰਾਏ ਵੀ ਇਸੇ ਸੰਸਥਾ ਨਾਲ ਸੰਬੰਧਿਤ ਹਨ। ਪਰ ਸੱਚੇ ਤੇ ਇਮਾਨਦਾਰ ਹੋਣ ਕਾਰਨ ਸਮਾਜ ਦੀ ਇਸ ਵਿਵਸਥਾ ਦੀ ਵਿਚਾਰਧਾਰਾ ਉਹਨਾਂ ਨੂੰ ਕਬੂਲ ਹੀ ਨਹੀਂ ਕਰਦੀ। ਕਿਉਂਕਿ ਅੱਜ ਦੇ ਮਨੁੱਖ ਦੀ ਵਿਚਾਰਧਾਰਾ ਝੂਠ, ਛਲ, ਕਪਟ ਭ੍ਰਿਸ਼ਟਾਚਾਰੀ ਅਤੇ ਬੇਈਮਾਨੀ ਵਾਲੇ ਸਿਧਾਂਤਾਂ ਦੀ ਰਲਗੱਡ ਹੈ। ਦੂਜੇ ਪਾਸੇ ਨਾਵਲ ਵਿਚਲਾ ਪਾਤਰ ਰਾਮ ਨਾਥ ਵੀ ਪੇਸ਼ੇ ਵਜੋਂ ਵਕੀਲ ਹੈ। ਇਸ ਦੀ ਪਹਿਚਾਨ ਦਾ ਆਧਾਰ ਦਵੰਦਆਤਮਕ ਵਿਚਾਰਾਂ ਦਾ ਧਾਰਨੀ ਹੋਣਾ ਹੈ। ਰਾਮ ਨਾਥ ਜਦੋਂ ਸ਼ਿੰਦੋ ਦਾ ਕੇਸ ਲੜਦਾ ਹੈ ਤਾਂ ਪੈਸਾ ਕੀਮਤਾਂ ਦੀ ਗ੍ਰਿਫ਼ਤ ਵਿਚ ਆਏ ਹੋਣ ਕਾਰਨ ਝੂਠ ਦਾ ਸਾਥ ਦਿੰਦਾ

ਹੈ। ਪਰ ਭੈਣ ਦੇ ਘਰ ਪਏ ਡਾਕੇ ਵਜੋਂ ਸੱਚ ਤੇ ਇਮਾਨ ਨਾਲ ਆਪਣੇ ਫ਼ਰਜਾਂ ਨੂੰ ਪੂਰਾ ਕਰਦਾ ਹੈ। ਕੌਰਵ ਸਭਾ ਨਾਵਲ ਵਿਚ ਪੇਸ਼ ਹੋਏ ਜੱਜਾਂ ਅਤੇ ਵਕੀਲਾਂ ਲਈ ਪੈਸਾ ਹੀ ਸਭ ਕੁਝ ਹੈ। ਇਹਨਾਂ ਦੀ ਫ਼ੀਸ ਲੱਖਾਂ ਤੋਂ ਕਰੋੜਾਂ ਤੱਕ ਜਾ ਪਹੁੰਚਦੀ ਹੈ। ਨੰਦ ਲਾਲ ਅਜਿਹਾ ਵਕੀਲ ਹੈ ਜਿਸਦੀ ਪੇਸ਼ਗੀ ਜਮਾਨਤ ਦੀ ਫ਼ੀਸ ਹੀ ਪੰਜਾਹ ਹਜਾਰ ਰਪਏ ਹੈ। ਡਾ. ਅਰਸ਼ੀ ਅਨੁਸਾਰ:

> ਪੂੰਜੀਵਾਦੀ ਸਮਾਜ ਵਿਚ ਵਿਅਕਤੀ ਦੇ ਪ੍ਰਾਕ੍ਰਿਤਿਕ ਹੱਕਾਂ ਨੂੰ ਮਾਨਵੀ ਮੰਨ ਲੈਣ ਕਰਕੇ ਗੁਨਾਹ ਦੀ ਪ੍ਰਵਿਰਤੀ ਭਾਰੂ ਹੋ ਗਈ ਹੈ। ਭ੍ਰਿਸ਼ਟਾਚਾਰ ਅਤੇ ਝੂਠ ਦੇ ਤਰਕ ਉੱਤੇ ਆਧਾਰਿਤ ਕਾਨੂੰਨ ਤੇ ਨਿਆਂ ਵਿਵਸਥਾ ਵਿਚ ਗੁਨਾਹ ਨੂੰ ਖ਼ਤਮ ਕਰਨ ਦੀ ਖ਼ਾਹਿਸ਼ ਹੀ ਮਰ ਮੁੱਕ ਗਈ ਹੈ।[11]

ਭ੍ਰਿਸ਼ਟਾਚਾਰੀ ਦੀ ਇਸ ਦਰਿੰਦਗੀ ਅੰਦਰ ਇਮਾਨਦਾਰ ਤੇ ਸੱਚਾ ਇਨਸਾਨ ਏਨਾ ਬੇਵੱਸ ਤੇ ਮਜ਼ਲੂਮ ਹੈ ਕਿ ਆਪਣੇ ਹੀ ਹੱਕ ਤੇ ਸੱਚ ਖ਼ਾਤਿਰ ਭ੍ਰਿਸ਼ਟਾਚਾਰੀ ਨੂੰ ਆਪਣਾਉਣ ਲਈ ਮਜ਼ਬੂਰ ਹੋ ਜਾਂਦਾ ਹੈ। ਰਾਮ ਨਾਥ ਭ੍ਰਿਸ਼ਟਾਚਾਰੀ ਨੂੰ ਅਪਣਾਉਣ ਲਈ ਉਸ ਵਕਤ ਮਜਬੂਰ ਹੋ ਜਾਂਦਾ ਹੈ, ਜਦੋਂ ਦੋਸ਼ੀਆਂ ਦੀ ਮੰਗ ਉੱਪਰ ਅਸਕਾਰਟ ਹਸਪਤਾਲ ਜਾਣ ਦੀ ਮੰਗ ਨੂੰ ਰੱਦ ਕਰਵਾਉਣ ਲਈ ਸਰਕਾਰੀ ਵਕੀਲ ਨੂੰ ਦਰਖ਼ਾਸਤ ਦੇਣ ਲਈ ਕਹਿੰਦਾ ਹੈ:

> ਪਲੀਜ਼ ਮੇਰੀ ਮਦਦ ਕਰੋ। ਮੈਂ ਸੇਵਾ ਕਰਨ ਨੂੰ ਤਿਆਰ ਹਾਂ।[12]

ਰਾਮ ਨਾਥ ਦੀ ਬੇਬਸੀ ਉਸ ਨੂੰ ਵਿਵਸਥਾ ਦੇ ਭ੍ਰਿਸ਼ਟਾਚਾਰੀ ਵੇਗ ਸਾਹਮਣੇ ਸੱਚ ਖ਼ਾਤਿਰ ਝੁਕਣ ਲਈ ਮਜ਼ਬੂਰ ਕਰਦੀ ਹੈ। ਭ੍ਰਿਸ਼ਟਾਚਾਰੀ ਅਤੇ ਸਿਆਸਤ ਦੇ ਇਸ ਮਾਹੌਲ ਅੰਦਰ ਰਾਜਨੀਤਿਕ ਨੇਤਾ ਵੀ ਪਿੱਛੇ ਨਹੀਂ ਰਹਿੰਦੇ। ਪੂੰਜੀਵਾਦੀ ਸਿਧਾਂਤਾਂ ਦੀਆਂ ਜਮਪਲ ਰਾਜਨੀਤਿਕ ਪਾਰਟੀਆਂ ਵੀ ਇਕ ਦੂਜੇ ਪ੍ਰਤੀ ਵਫ਼ਾਦਾਰੀ ਦਾ ਢੌਂਗ ਕਰਦੀਆਂ ਹੋਈਆਂ ਨਿੱਜਵਾਦੀ ਹੋ ਕੇ ਚੱਲਦੀਆਂ ਹਨ। ਨਾਵਲ ਦੇ ਬਿਰਤਾਂਤ ਤੋਂ ਬੋਧ ਹੁੰਦਾ ਹੈ ਕਿ ਮੁੱਖ ਮੰਤਰੀ ਆਪਣੇ ਕਈ ਰਾਜਸੀ ਮੁਫ਼ਾਦ ਪੂਰੇ ਕਰਨਾ ਚਾਹੁੰਦਾ ਹੈ। ਜਿਸ ਲਈ ਉਹ ਬਘੇਲ ਸਿੰਘ ਨੂੰ ਜ਼ਰੀਆ ਬਣਾਉਂਦਾ ਹੈ ਪਰ ਅੱਗੋਂ ਬਘੇਲ ਸਿੰਘ ਪਹਿਲਾਂ ਹੀ ਤਿਆਰੀ 'ਚ ਹੁੰਦਾ ਹੈ ਕਿ ਕਦੋਂ ਮੁੱਖ ਮੰਤਰੀ ਦੇ ਹੁਕਮ ਆਉਣ ਤੇ ਉਹ ਆਪਣੀਆਂ ਚਾਲਾਂ ਅਧੀਨ ਪੰਕਜ-ਨੀਰਜ ਨੂੰ ਗ੍ਰਿਫ਼ਤਾਰ ਕਰਵਾ ਕੇ ਉਹਨਾਂ ਕੋਲੋਂ ਪਾਰਟੀ ਫੰਡ ਦੀ ਮੰਗ ਕਰ ਸਕੇ। "ਅੰਨਾ ਕੀ

ਭਾਲੇ, ਦੋ ਅੱਖਾਂ" ਮੁੱਖ ਮੰਤਰੀ ਪੰਕਜ ਹੋਰਾਂ ਦੇ ਕੇਸ ਸੰਬੰਧੀ ਸਾਰੇ ਅਧਿਕਾਰ ਬਘੇਲ ਸਿੰਘ ਨੂੰ ਦੇ ਦਿੰਦਾ ਹੈ। ਉਹ ਦੋਸ਼ੀ ਧਿਰ ਦੀਆਂ ਸਾਰੀਆਂ ਹਰਕਤਾਂ ਤੋਂ ਵਾਕਿਫ਼ ਸੀ। ਪਰ ਉਹ ਆਮ ਜਨਤਾਨੂੰ ਇਹ ਅਹਿਸਾਸ ਕਰਵਾਉਂਦੇ ਹਨ ਕਿ ਰਾਜ ਦੀ ਸਰਕਾਰ ਇਨਸਾਫ਼ ਪਸੰਦ ਹੈ। ਇਸ ਦੇ ਤਹਿਤ ਉਹ ਪ੍ਰੈੱਸ-ਬਿਆਨ ਦਿੰਦਾ ਹੈ। ਅੰਗਰੇਜ਼ੀ ਅਖ਼ਬਾਰਾਂ ਵਿਚ ਖ਼ਬਰਾਂ ਲਗਵਾਉਂਦਾ ਹੈ। ਅੰਤ ਦੋਸ਼ੀਆਂ ਦੀ ਪੇਸ਼ਗੀ ਜ਼ਮਾਨਤ ਰੱਦ ਹੋ ਜਾਂਦੀ ਹੈ ਅਤੇ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਪੈਸਾ ਕਮਾਉਣ ਲਈ ਚੱਲੀ ਗਈ ਇਹ ਚਾਲ ਆਖ਼ਿਰ ਵਿਚ ਕਾਮਯਾਬ ਹੋ ਜਾਂਦੀ ਹੈ। ਪਾਰਟੀ ਫੰਡ ਦੇ ਨਾਂ ਉੱਪਰ ਮੰਗੀ ਗਈ ਇਕ ਕਰੋੜ ਰੁਪਏ ਦੀ ਪਹਿਲੀ ਕਿਸ਼ਤ (ਪੰਜਾਹ ਲੱਖ) ਦੇ ਇਵਜ਼ਾਨੇ ਵਜੋਂ, ਬਘੇਲ ਸਿੰਘ ਪ੍ਰਸਥਿਤੀਆਂ ਨੂੰ ਦੋਸ਼ੀਆਂ ਦੇ ਹੱਕ ਵਿਚ ਭੁਗਤਾਣ ਲਈ ਤਿਆਰ ਹੋ ਜਾਂਦਾ ਹੈ। ਇਸ ਪ੍ਰਕਾਰ ਮੁੱਖ ਮੰਤਰੀ ਬਘੇਲ ਸਿੰਘ ਨੂੰ ਪਾਰਟੀ ਦੇ ਵਿਰੋਧੀ ਧੜੇ ਨਾਲੋਂ ਤੋੜ ਕੇ ਆਪਣੇ ਨਾਲ ਜੋੜਨ ਵਿਚ ਕਾਮਯਾਬ ਹੋ ਜਾਂਦਾ ਹੈ। ਦੂਸਰੇ ਪਾਸੇ ਬਘੇਲ ਸਿੰਘ ਆਰਥਿਕ ਅਤੇ ਰਾਜਨੀਤਕ ਪੱਖੋਂ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਲੈਂਦਾ ਹੈ। ਉਹ ਪੈਸਾ ਕਮਾਉਣ ਦੀ ਲਾਲਸਾ ਅਧੀਨ ਹੀ ਮੁੱਖ ਮੰਤਰੀ ਦੇ ਧੜੇ ਵਿਚ ਸ਼ਾਮਿਲ ਹੁੰਦਾ ਹੈ। ਇਸ ਪਕਾਰ ਉਹ ਅਫ਼ਸਰਾਂ ਤੋਂ ਲੋਕਾਂ ਦੇ ਕੰਮ ਕਰਵਾ ਕੇ ਪੈਸਾ ਅਤੇ ਰਸੂਖ ਕਮਾਉਣਾ ਚਾਹੁੰਦਾ ਹੈ। ਰਾਜਨੀਤਿਕ ਪਾਟੀਆਂ ਹਮੇਸ਼ਾ ਹੀ ਉਸ ਧਿਰ ਦਾ ਸਾਥ ਦਿੰਦੀਆਂ ਹਨ, ਜਿਨ੍ਹਾਂ ਦੀ ਜੇਬ ਵਿਚ ਪੈਸਾ ਹੈ। ਡਾ. ਟੀ. ਆਰ. ਵਿਨੋਦ ਅਨੁਸਾਰ:

> ਸਟੇਟ ਇਕ ਜਾਂ ਦੂਸਰੇ ਵਰਗ ਦੀ ਹੱਥ ਠੋਕਾ ਹੁੰਦੀ ਹੈ, ਰਾਜਸੀ ਪਾਰਟੀਆਂ ਜੋ ਕਿ ਸਟੇਟ ਦਾ ਵਿਧਾਨ ਚਲਾਉਂਦੀਆਂ ਹਨ, ਧਨੀ ਹਾਕਮ ਵਰਗ ਦੇ ਹਿੱਤਾਂ ਅਨੁਸਾਰ ਕਾਨੂੰਨ ਬਣਾਉਂਦੀਆਂ ਹਨ, ਅੱਗੋਂ ਅਫ਼ਸਰਸ਼ਾਹੀ ਇਨ੍ਹਾਂ ਕਾਨੂੰਨਾਂ ਦਾ ਪਾਲਣ ਧਨੀ ਵਰਗਾਂ ਦੇ ਹਿੱਤਾਂ ਅਨੁਸਾਰ ਕਰਦੀ ਹੈ।[13]

ਮੁੱਖ ਮੰਤਰੀ ਤੇ ਬਘੇਲ ਸਿੰਘ ਨੇ ਪੰਕਜ ਹੁਰਾਂ ਨੂੰ ਗ੍ਰਿਫ਼ਤਾਰ ਕਰਵਾ ਕੇ ਇਹ ਤਾਂ ਸਾਬਿਤ ਕਰ ਦਿੱਤਾ ਕਿ ਕਾਨੂੰਨ ਰਾਜਨੇਤਾਵਾਂ ਦੇ ਹੱਥਾਂ ਦਾ ਖਿਡੌਣਾ ਹੈ, ਪਰ ਉਹਨਾਂ ਨੂੰ ਰਿਹਾਅ ਕਰਵਾ ਕੇ ਇਹ

ਵੀ ਸਾਬਿਤ ਕਰ ਦਿੱਤਾ ਕਿ ਕਾਨੂੰਨ ਸਰਮਾਏਦਾਰਾਂ ਦਾ ਗੁਲਾਮ ਹੁੰਦਾ ਹੈ। ਮੀਤ ਨੇ ਨਾਵਲ ਦੇ ਦੂਜੇ ਭਾਗ ਦੇ ਆਰੰਭ ਵਿਚ ਹੀ ਲਿਖਿਆ ਹੈ ਕਿ:

> Law is the Slave of the Rich...... [14]

ਵਰਤਮਾਨ ਵਿਵਸਥਾ ਦੇ ਇਸ ਕਰੂਰ ਯਥਾਰਥ ਅੰਦਰ ਰਾਜਨੀਤਕ ਪਾਰਟੀਆਂ ਆਪਣੀ ਸੱਤਾ ਵਿਚ ਬਣੇ ਰਹਿਣ ਲਈ ਕਈ ਪ੍ਰਕਾਰ ਦੀਆਂ ਭ੍ਰਿਸ਼ਟ ਅਤੇ ਗੁੰਡਾਗਰਦੀ ਕਰਵਾਉਂਦੀਆਂ ਹਨ। ਜਿਸ ਦਾ ਅਸਰ ਰਾਜ ਤੇ ਸਮਾਜ ਦੇ ਹਰ ਵਰਗ ਉੱਪਰ ਪੈਂਦਾ ਹੈ। ਨਿਆਂ ਪ੍ਰਣਾਲੀ ਦਾ ਪ੍ਰਭਾਵਿਤ ਹੋਣਾ ਵੀ ਲਾਜ਼ਮੀ ਹੈ, ਇਸੇ ਕਰਕੇ ਮੀਤ ਨੇ ਨਿਆਂ ਵਿਵਸਥਾ ਨੂੰ ਕੇਂਦਰਿਤ ਕਰਕੇ ਬਾਕੀ ਪੱਖਾਂ ਨੂੰ ਉਭਾਰਿਆ ਹੈ। ਮੀਤ ਨੇ ਨਾਵਲ ਦੇ ਬਿਰਤਾਂਤ ਵਿਚ ਮੁਕੱਦਮੇ ਦੀ ਜਿੱਤ-ਹਾਰ ਵਾਲੇ ਪੱਖ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਇਸ ਪਿਛੇ ਕੰਮ ਕਰਦੇ ਸੱਤਾਧਾਰੀ ਪੂੰਜੀਵਾਦੀ ਦ੍ਰਿਸ਼ਟੀਕੋਣ ਨੂੰ ਵੀ ਉਭਾਰਿਆ ਹੈ। ਪੰਕਜ਼ ਅਤੇ ਨੀਰਜ਼ ਦੁਆਰਾ ਖ਼ਰੀਦੇ ਚਲਾਕ ਵਕੀਲ, ਜੱਜ, ਅਰਦਲੀ, ਜਿਲ੍ਹਾ ਅਟਾਰਨੀ, ਸਟੈਨੋ, ਸਰਕਾਰੀ ਵਕੀਲ ਆਦਿ ਸਭ ਦੇ ਸਭ ਕਾਨੂੰਨ ਨੂੰ ਨਿਆਂ-ਅਨਿਆਂ ਦੇ ਨਿਤਾਰੇ ਵਜੋਂ ਨਹੀਂ ਬਲਕਿ ਧਨ ਦੇ ਇਕੱਤਰੀਕਰਨ ਦੇ ਰੂਪ ਵਿਚ ਸਾਕਾਰ ਕਰਕੇ ਮੁਲਜ਼ਮ ਧਿਰ ਦਾ ਸਾਥ ਦਿੰਦੇ ਹਨ। ਕਾਨੂੰਨੀ ਪੱਖ ਇਹ ਕਹਿੰਦਾ ਹੈ ਕਿ ਸਰਕਾਰੀ ਤੇ ਪ੍ਰਾਈਵੇਟ ਵਕੀਲ ਤਰਕ ਅਧਾਰਿਤ ਤੱਥਾਂ ਰਾਹੀਂ ਜੱਜ ਦੀ ਸੱਚ ਤੱਕ ਪਹੁੰਚਣ ਵਿਚ ਮੱਦਦ ਕਰਨ। ਪਰ ਨਾਵਲਕਾਰ ਨੇ ਸਮੇਂ ਦੇ ਸੱਚ ਨੂੰ ਸਾਕਾਰ ਕਰਕੇ ਇਹ ਦ੍ਰਿੜ ਕਰਵਾਇਆ ਹੈ ਕਿ ਇਹ ਵਕੀਲ ਜੱਜਾਂ ਨੂੰ ਗੁੰਮਰਾਹ ਕਰਕੇ ਸੱਚ ਤੋਂ ਦੂਰ ਮੁਕੱਦਮੇਂ ਨੂੰ ਸਾਲਾਂ-ਬੱਧੀ ਲਮਕਾਅ ਦਿੰਦੇ ਹਨ। ਜਿੱਥੇ ਸੱਚ ਨਾਲ ਲੜਦਾ ਇਨਸਾਨ ਖੁਦ ਇਕ ਝੂਠ ਬਣ ਕੇ ਰਹਿ ਜਾਂਦਾ ਹੈ, ਪ੍ਰਧਾਨ ਨਾਲ ਮੁਕੱਦਮੇ ਦੀਆਂ ਗੱਲਾਂ ਕਰਦਾ ਹੋਇਆ ਰਾਮ ਨਾਥ ਇਹ ਮਹਿਸੂਸ ਕਰਦਾ ਹੈ ਕਿ:

> ਫੇਰ ਤਾਂ ਸਾਲ ਲੱਗ ਜਾਏਗਾ। ਉਦੋਂ ਤੱਕ ਮੇਰੀ ਭਾਣਜੀ ਅਤੇ ਭਣੋਈਆ ਪਾਗਲ ਹੋ ਜਾਣਗੇ। ਇੰਨੀ ਦੇਰ ਉਹ ਮਾਨਸਿਕ ਤਨਾਅ ਵਿਚ ਨਹੀਂ ਰਹਿ ਸਕਦੇ। [15]

ਕਾਨੂੰਨ ਅਗਰ ਸਖ਼ਤ ਅਤੇ ਸਪਸ਼ਟ ਹੋਵੇ ਤਾਂ ਸੱਚ ਨੂੰ ਸਾਬਿਤ ਕਰਨ ਲਈ ਬਹੁਤੇ ਗਵਾਹਾਂ ਤੇ ਗਵਾਹੀਆਂ ਦੀ ਜ਼ਰੂਰਤ ਨਹੀਂ ਹੁੰਦੀ। ਜਿਸ ਦਾ ਤਰਕ ਇਹ ਹੈ ਕਿ ਜੱਜ ਨੂੰ ਮੁਲਜ਼ਮਾਂ ਅਤੇ ਮੁਦੱਈਆਂ

ਦੀਆਂ ਅਪੀਲਾਂ ਤੋਂ ਹੀ ਸੱਚ-ਝੂਠ ਦੇ ਨਿਤਾਰੇ ਦਾ ਅਹਿਸਾਸ ਹੋ ਜਾਵੇਗਾ। ਇਸ ਪ੍ਰਕਾਰ ਇਨਸਾਫ਼ ਖ਼ਾਤਿਰ ਲੜਦੇ ਲੱਖਾਂ ਲੋਕਾਂ ਨੂੰ ਕਾਨੂੰਨ ਦੀਆਂ ਉਹਨਾਂ ਖ਼ਾਮੀਆਂ ਤੋਂ ਛੁਟਕਾਰਾ ਮਿਲ ਜਾਵੇਗਾ ਜਿਹੜੀਆਂ ਅਠਾਰਾਂ ਸੌ ਬਹੱਤਰ ਦੇ ਕਾਨੂੰਨ ਵਿਚ ਪਈਆਂ ਹਨ। ਮੀਤ ਨੇ ਅਜਿਹੇ ਕਾਨੂੰਨ ਅੰਦਰ ਸਾਧੂ ਸਿੰਘ ਅਤੇ ਹਰੀਸ਼ ਰਾਏ ਵਰਗੇ ਵਕੀਲ ਪਾਤਰ ਵੀ ਪੇਸ਼ ਕੀਤੇ ਹਨ। ਜੋ ਸੱਚ ਨੂੰ ਮਰਨ ਨਹੀ ਦਿੰਦੇ ਅਤੇ ਜੀਵਨ ਵਿਚ ਸੱਚ ਦੀ ਹੋਂਦ ਦੇ ਧਾਰਨੀ ਬਣਕੇ ਉੱਭਰਦੇ ਹਨ। ਉਹਨਾਂ ਦੀ ਹਰ ਕੋਸ਼ਿਸ਼ ਜ਼ੁਰਮ ਤੇ ਮੁਲਜਮਾਂ ਖਿਲਾਫ ਡੱਟ ਕੇ ਖੜ੍ਹਨ ਅਤੇ ਇਨਸਾਫ਼ ਨੂੰ ਬੁਲੰਦ ਕਰਨ ਦੀ ਹੈ। ਨਿਆਂ ਵਿਵਸਥਾ ਦੇ ਗੁੰਮਰਾਹ ਅਤੇ ਭ੍ਰਿਸ਼ਟ ਹੋਣ ਦਾ ਕਾਰਨ ਹੀ ਇਹ ਹੈ ਕਿ ਇਸ ਨੂੰ ਬਹੁਤ ਲੰਮੇ ਸਮੇਂ ਲਈ ਲਟਕਾਇਆ ਜਾਂਦਾ ਹੈ। ਇੱਥੇ ਸੱਚ ਕੋਰਟ ਦੀਆਂ ਉਹਨਾਂ ਤਰੀਕਾਂ ਵਿਚ ਗੁੰਮ ਹੋ ਕੇ ਰਹਿ ਜਾਂਦਾ ਹੈ ਜਿਹੜੀਆਂ ਕਾਨੂੰਨ ਵਲੋਂ ਇਨਸਾਫ਼ ਖ਼ਾਤਿਰ ਪਾਈਆਂ ਜਾਂਦੀਆਂ ਹਨ। ਨਾਵਲ ਦੇ ਯਤਨਸ਼ੀਲ ਰਹਿੰਦੀ ਹੈ। ਪਰ ਇਨਸਾਫ਼ ਦਾ ਤਰਾਜੂ ਸਮੇਂ ਦੇ ਪੈਸਾਵਾਦੀ ਵਿਚਾਰਾਂ ਤੋਂ ਭਾਰੂ ਹੈ। ਇਥੇ ਇਨਸਾਫ਼ ਦੀਆਂ ਜੜ੍ਹਾਂ ਭ੍ਰਿਸ਼ਟਾਚਾਰੀ ਵਿਚ ਇਸ ਕਦਰ, ਰੱਲ-ਗੱਡ ਹੋ ਗਈਆਂ ਹਨ ਕਿ ਨਿਆਂ ਦੀ ਤਲਾਸ਼ 'ਤਲਾਸ਼' ਬਣ ਕੇ ਰਹਿ ਜਾਂਦੀ ਹੈ। ਭਾਰਤੀ ਨਿਆਂ ਪ੍ਰਣਾਲੀ ਦੀ ਵਾਸਤਵਿਕ ਵਿਵਸਥਾ ਨਿਰਲੇਪਤਾ-ਨਿਰਪੱਖਤਾ ਦੀ ਮਿੱਥ ਨੂੰ ਤੋੜਦੀ ਹੋਈ ਆਪ-ਹੁਦਰੇਪਨ ਨੂੰ ਪ੍ਰਗਟ ਕਰਦੀ ਹੈ। ਪੂੰਜੀਵਾਦੀ ਕਦਰਾਂ-ਕੀਮਤਾਂ ਅੰਦਰ ਕੋਈ ਕਿਸੀ ਦਾ ਨਹੀਂ, ਅਗਰ ਕੋਈ ਹੈ ਤਾਂ ਤੁਹਾਡਾ ਆਪਣਾ ਆਪ ਹੀ ਤੁਹਾਡਾ ਹੈ। ਡਾ. ਟੀ. ਆਰ. ਵਿਨੋਦ ਅਨੁਸਾਰ:

> ਮਨੁੱਖ ਸਰਮਾਏਦਾਰੀ ਦੇ ਸਿਧਾਂਤ ਦੀ ਪਾਲਣਾ ਕੀਤੇ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ ਅਤੇ ਇਸ ਸਿਧਾਂਤ ਦੀ ਪਾਲਣਾ ਕਰਨ ਨਾਲ ਉਹ ਮਨੁੱਖ ਨਹੀਂ ਰਹਿੰਦਾ।[16]

ਪੈਸਾਵਾਦੀ ਕੀਮਤਾਂ ਅੰਦਰ ਫ਼ੈਲੀ ਆਪਾ-ਧਾਪੀ ਮਨੁੱਖ ਦੇ ਮਨੁੱਖ ਹੋਣ ਉਪਰ ਸੰਦੇਹ ਪੈਦਾ ਕਰਦੀ ਹੈ। ਕੌਰਵ ਸਭਾ ਵਿਚ ਕੌਰਵਾਂ ਦੀ ਧਿਰ ਪੰਕਜ ਹੁਰਾਂ ਵਲੋਂ ਪੇਸ਼ ਹੋਇਆ ਸਾਰਾ ਪ੍ਰਬੰਧ ਹੀ ਮਨੁੱਖੀ ਕਦਰਾਂ-ਕੀਮਤਾਂ ਦੇ ਖੀਣ ਹੋ ਜਾਣ ਦਾ ਪ੍ਰਮੁੱਖ ਪ੍ਰਮਾਣ ਹੈ। ਕੌਰਵ ਸਭਾ ਦੇ ਬਿਰਤਾਂਤ ਵਿਚ ਪੇਸ਼ ਹੋਈ ਹਰ ਘਟਨਾ ਵਰਤਮਾਨ ਵਿਵਸਥਾ ਦਾ ਪ੍ਰਤਿਬਿੰਬ ਉਸਾਰਦੀ ਹੋਈ ਮਨੁੱਖ ਨੂੰ ਆਪਣੇ ਆਲੇ-ਦੁਆਲੇ

ਪ੍ਰਤੀ ਜਾਗ੍ਰਿਤ ਹੋਣ ਦੀ ਪ੍ਰੇਰਣਾ ਦਿੰਦੀ ਹੈ। ਇਸ ਪ੍ਰਕਾਰ ਨਾਵਲਕਾਰ ਨੇ ਅਜੋਕੇ ਲੋਕਤੰਤਰੀ ਰਾਜ-ਪ੍ਰਬੰਧ ਅਤੇ ਭਾਰਤੀ ਨਿਆਂ ਪ੍ਰਣਾਲੀ ਦੇ ਨਿਘਾਰ ਨੂੰ ਉਹਨਾਂ ਦੀਆਂ ਵਾਸਤਵਿਕ ਪ੍ਰਸਥਿਤੀਆਂ ਅੰਦਰ ਰੱਖ ਕੇ ਗਲਪੀ ਸੰਗਠਨ ਵਿਚ ਬੰਨ੍ਹਿਆ ਹੈ। ਮੀਤ ਅੱਜ ਦੇ ਸਮਾਜ ਦੀ, ਜਿੱਥੇ ਰਾਜ ਦੀਆਂ ਸਮੁੱਚੀਆਂ ਸ਼ਕਤੀਆਂ ਕਾਰਜਪਾਲਿਕਾ, ਵਿਧਾਨਪਾਕਿਾ ਅਤੇ ਨਿਆਂਪਾਲਿਕਾ ਸਰਮਾਏਦਾਰੀ ਜਮਾਤ ਦੇ ਹੱਥ ਵਿਚ ਹਨ, ਉਥੇ ਸ਼ੋਸ਼ਣ, ਅਨਿਆਂ, ਭ੍ਰਿਸ਼ਟਾਚਾਰ, ਲੁੱਟ-ਗਰੀਬੀ ਆਦਿ ਵਰਗੇ ਨਾਕਰਆਤਮਕ ਪੱਖਾਂ ਦੀ ਗੱਲ ਕਰਦਾ ਹੈ। ਪੰਕਜ ਤੇ ਨੀਰਜ਼ ਪੂੰਜੀਪਤੀ ਜਮਾਤ ਦੇ ਅਜਿਹੇ ਹੀ ਪਾਤਰ ਹਨ ਜਿਨ੍ਹਾਂ ਨੇ ਰਾਜ ਤੇ ਸਮਾਜ ਦੀਆਂ ਅਖੌਤੀ ਸੰਸਥਾਵਾਂ ਨੂੰ ਖ਼ਰੀਦ ਕੇ ਆਪਣੇ ਹੀ ਚਾਚੇ ਪਰਿਵਾਰ ਨਾਲ ਜਾਇਦਾਦ ਖ਼ਾਤਿਰ ਧੋਖਾ ਕੀਤਾ। ਸਮੇਂ ਅਤੇ ਸਮਾਜ ਦੀ ਇਸ ਵਿਚਾਰਧਾਰਾ ਵਿਚ ਨੈਤਿਕ ਮਾਨਵੀ ਗੁਣ ਖ਼ਤਮ ਹੋ ਚੁੱਕੇ ਹਨ। ਪਦਾਰਥਵਾਦੀ ਨਜ਼ਰੀਆ ਹੀ ਹਰ ਰਿਸ਼ਤੇ ਦਾ ਅਧਾਰ ਬਣ ਚੁੱਕਿਆ ਹੈ।

ਸਮੇਂ ਦੇ ਇਸ ਬਦਲਾਵ ਅੰਦਰ ਮੀਤ ਨੇ ਨਾ ਕੇਵਲ ਪੂੰਜੀਵਾਦੀ ਪ੍ਰਬੰਧ ਦੀ ਹੀ ਗੱਲ ਕੀਤੀ ਹੈ ਸਗੋਂ ਇਸ ਅੰਦਰ ਪੜ੍ਹੀ ਲਿਖੀ ਔਰਤ ਦੇ ਅਸਤਿਤਵ ਦੀ ਵੀ ਗੱਲ ਕੀਤੀ ਹੈ। ਉਸ ਨੇ ਔਰਤ ਦੇ ਅਸਤਿਤਵ ਦੇ ਸੱਚ ਨੂੰ ਵਿਭਿੰਨ ਪਰਿਪੇਖਾਂ ਵਿਚ ਭਰਪੂਰਤਾ ਸਹਿਤ ਸਮਝ ਕੇ ਪੇਸ਼ ਕੀਤਾ ਹੈ। ਅਜੋਕੀ ਔਰਤ ਦੀ ਵਿਚਾਰਧਾਰਾ ਇਕ ਪਾਸੇ ਪੂੰਜੀਵਾਦੀ ਕਦਰਾਂ-ਕੀਮਤਾਂ ਤੋਂ ਪ੍ਰਭਾਵਿਤ ਹੈ ਤਾਂ ਦੂਜੇ ਪਾਸੇ ਸਮਾਜਿਕ ਸੰਸਕਾਰਾਂ ਦੀ ਪੱਕੀ ਪੀਢੀ ਪਕੜ ਨੂੰ ਵੀ ਅਣਗੋਲਿਆਂ ਨਹੀਂ ਕਰ ਸਕਦੀ। ਨਿਹਾ ਕੌਰਵ ਸਭਾ ਨਾਵਲ ਦੀ ਅਜਿਹੀ ਪਾਤਰ ਹੈ, ਜੋ ਕਿ ਪੂੰਜੀਵਾਦੀ ਪ੍ਰਬੰਧ ਦੀ ਜਮ-ਪਲ ਅਤੇ ਪੜ੍ਹੀ-ਲਿਖੀ ਧਾਰਮਿਕ ਲੜਕੀ ਹੈ। ਰਾਜਸੀ ਅਤੇ ਸਮਾਜੀ ਸਰੋਕਾਰਾਂ ਨਾਲ ਸੰਬੰਧਿਤ ਇਹ ਨਾਵਲ ਇਕੋ ਸਮੇਂ ਮਿਥਿਹਾਸ ਅਤੇ ਵਰਤਮਾਨ ਨੂੰ ਆਪਣੀ ਵਿਚਾਰਧਾਰਾ ਵਿਚ ਲੈ ਕੇ ਤੁਰਦਾ ਹੈ। ਦੁਆਪਰ ਯੁੱਗ ਦੀ ਦਰੋਪਦੀ ਦੀ ਕੌਰਵ ਸਭਾ ਅਜੋਕੀ ਨਿਹਾ ਦੀ ਕੌਰਵ ਸਭਾ ਨਾਲੋਂ ਕੁਈ ਪੱਖੋਂ ਤੋਂ ਵੱਖਰੀ ਸੀ। ਮਹਾਂਭਾਰਤ ਦੀ ਦਰੋਪਤੀ ਨੂੰ ਉਸ ਦੇ ਆਪਣੇ ਹੀ ਪਤੀ ਨੇ ਜੂਏ ਵਿਚ ਹਾਰਿਆ ਸੀ। ਭਰੀ ਸਭਾ ਵਿਚ ਵਿਭਚਾਰ ਤੋਂ ਬਚਣ ਵਿਚ ਕ੍ਰਿਸ਼ਨ ਨੇ ਉਸ ਦੀ ਮੱਦਦ ਕੀਤੀ ਸੀ ਅਤੇ ਬਾਅਦ ਵਿਚ ਭੀਮ ਨੇ ਦਰੋਪਤੀ ਨਾਲ ਹੋਏ ਦੁਰਵਿਵਹਾਰ ਦਾ ਬਦਲਾ ਲਿਆ ਸੀ। ਪਰ ਅਜੋਕੀ ਨਿਹਾ ਤਾਂ ਬਿਨਾਂ ਜੂਏ ਵਿਚ

ਹਾਰੇ ਹੀ ਵਿਭਚਾਰ ਦਾ ਸ਼ਿਕਾਰ ਹੋ ਜਾਂਦੀ ਹੈ। ਇੱਥੇ ਕ੍ਰਿਸ਼ਨ ਦੀ ਤਰ੍ਹਾਂ ਨਿਹਾ ਦੀ ਲਾਜ਼ ਬਚਾਉਣ ਆਏ ਕਮਲ ਨੂੰ ਦੁਸ਼ਟਾਂ ਨੇ ਕੋਹ ਕੋਹ ਮਾਰ ਦਿੱਤਾ। ਬਦਲਾ ਲੈਣ ਵਾਲਾ ਸਾਗਰ (ਨਿਹਾ ਦਾ ਪ੍ਰੇਮੀ) ਨਿਹਾ ਤੋਂ ਮੂੰਹ ਮੋੜ ਲੈਂਦਾ ਹੈ। ਨਿਹਾ ਇਸ ਕੌਰਵੀ ਸਭਾ ਅੰਦਰ ਬੇ-ਸਹਾਰਾ ਇਕੱਲੀ ਰਹਿ ਜਾਂਦੀ ਹੈ। ਕੌਰਵਾਂ-ਪਾਂਡਵਾਂ ਦੀ ਇਸ ਲੜਾਈ ਅੰਦਰ ਨਿਹਾ ਦੀਆਂ ਮੁਸੀਬਤਾਂ ਦੀ ਅਮੁੱਕ ਗਾਥਾ ਦਿਨੋ-ਦਿਨ ਗਹਿਰੀ ਹੁੰਦੀ ਜਾਂਦੀ ਹੈ। ਨਿਹਾ ਦੀ ਬਦਕਿਸਮਤੀ ਇਹ ਹੈ ਕਿ ਉਹ ਚਚੇਰੇ ਭਰਾਵਾਂ ਵਲੋਂ ਜਾਇਦਾਦ ਦੀ ਹਵਸ ਵਿਚ ਭਾੜੇ 'ਤੇ ਖ਼ਰੀਦੇ ਭਈਆਂ ਹੱਥੋਂ ਕਰਵਾਈ ਵਾਰਦਾਤ ਵਿਚ ਹੋਏ ਜਬਰ-ਜਿਨਾਹ ਦੀ ਸ਼ਿਕਾਰ ਹੈ। ਪੂੰਜੀਵਾਦੀ ਵਿਵਸਥਾ ਅੰਦਰ ਰਹਿੰਦੀ ਔਰਤ ਭਾਵੇਂ ਮਰਦ ਦੀ ਗੁਲਾਮ ਨਹੀਂ ਪਰ ਗੁਲਾਮੀ ਦੀਆਂ ਉਹਨਾਂ ਜੰਜੀਰਾਂ ਤੋਂ ਆਜ਼ਾਦ ਵੀ ਨਹੀਂ ਜਿਹੜੀਆਂ ਪ੍ਰਾਕ੍ਰਿਤਿਕ ਭਾਵੀ ਸਹਿਜ ਰੂਪ ਵਜੋਂ ਉਸ ਨਾਲ ਜੁੜੀਆਂ ਹਨ। ਭਈਆਂ ਵੱਲੋਂ ਹੋਏ ਜਿਸਮਾਨੀ ਤੇ ਮਾਨਸਿਕ ਸ਼ੋਸ਼ਣ ਦੀ ਸ਼ਿਕਾਰ ਨਿਹਾ ਆਪਣੇ ਆਪ ਨੂੰ ਗੰਦਗੀ ਦਾ ਢੇਰ ਸਮਝਦੀ ਹੋਈ ਮਰ ਜਾਣਾ ਚਾਹੁੰਦੀ ਹੈ। ਪਰ ਕਮਲ ਦੀਆਂ ਜ਼ਿੰਦਗੀ ਬਾਰੇ ਦਲੀਲਾਂ, ਉਸ ਨੂੰ ਮਰਨ ਨਹੀਂ ਦਿੰਦੀਆਂ।

> ਧਰਿਤਰਾਸ਼ਟਰ ਅੰਨ੍ਹਾ ਸੀ। ਇਹ ਉਸਦੀ ਮਜ਼ਬੂਰੀ ਸੀ। ਅੱਖਾਂ ਹੁੰਦੇ ਹੋਏ
> ਅੱਖਾਂ 'ਤੇ ਪੱਟੀ ਬੰਨਣ ਦੀ ਕੰਧਾਰੀ ਦੀ ਕੀ ਮਜ਼ਬੂਰੀ ਸੀ? [17]

ਮਾਨਸਿਕ ਅਸਥਿਰਤਾ ਦੀ ਇਸ ਸਥਿਤੀ ਵਿਚ ਕਮਲ ਦੁਆਰਾ ਕੀਤਾ ਇਹ ਸਵਾਲ ਉਸ ਨੂੰ ਮਰਨ ਤੋਂ ਰੋਕ ਤਾਂ ਲੈਂਦਾ ਹੈ, ਪਰ ਹਰ ਪਲ ਇਕ ਨਵੀਂ ਮੌਤ ਮਰਦੀ ਨਿਹਾ ਕਦੀ ਮਾਂ-ਬਾਪ ਪ੍ਰਤੀ ਆਪਣੇ ਫ਼ਰਜਾਂ ਨੂੰ ਯਾਦ ਕਰਦੀ ਅਤੇ ਕਦੀ ਕਮਲ ਦੇ ਕਾਤਲਾਂ ਦਾ ਪ੍ਰਤਿਸ਼ੋਧ ਉਸ ਨੂੰ ਜਿਉਣ ਲਈ ਮਜ਼ਬੂਰ ਕਰਦਾ ਸੀ। ਜ਼ਿੰਦਗੀ ਦੀ ਅਜਿਹੀ ਦੁਬਿਧਾ ਉਸ ਨੂੰ ਅਣਕੀਤੇ ਦੋਸ਼ ਦਾ ਸੰਤਾਪ ਭੋਗਣ ਲਈ ਮਜ਼ਬੂਰ ਕਰਦੀ ਹੈ। ਨਿਹਾ ਦੇ ਅੰਦਰੂਨੀ ਖਲ਼ਾਅ ਨੂੰ ਦਰਸਾ ਕੇ ਨਾਵਲਕਾਰ ਉਸਦੇ ਪੜ੍ਹੀ-ਲਿਖੀ ਅਤੇ ਧਾਰਮਿਕ ਸਮਾਜਿਕ ਸੰਸਕਾਰਾਂ ਦੀਆਂ ਯੋਗਤਾਵਾਂ ਨੂੰ ਉਸ ਦੀਆਂ ਵਿਹਾਰਕ ਮੁਸ਼ਕਲਾਂ ਦੇ ਮੁਕਾਬਲੇ ਪਿੱਠ-ਭੂਮੀ ਵਿਚ ਹੀ ਰੱਖਿਆ ਹੈ। ਉਸ ਨੂੰ ਅੱਜ ਆਪਣੇ ਪੜ੍ਹੀ-ਲਿਖੀ ਸੰਸਕਾਰਾਂ ਵਾਲੀ ਹੋਣ ਉੱਪਰ ਮਾਣ ਨਹੀਂ, ਬਲਕਿ ਆਪਣੇ ਨਾਲ ਹੋਏ ਜ਼ਬਰ-ਜਿਨਾਹ ਦੀ ਸ਼ਰਮਿੰਦਗੀ ਹੈ। ਨਿਹਾ ਦੀ ਤ੍ਰਾਸਦਿਕ ਸਥਿਤੀ ਇਹ ਹੈ ਕਿ ਉਹ ਕੇਵਲ ਭਈਆਂ ਦੇ ਸ਼ੋਸ਼ਣ ਦਾ ਹੀ ਸ਼ਿਕਾਰ ਨਹੀਂ ਹੋਈ ਬਲਕਿ ਸਾਜ਼ਿਸ ਦੇ

ਰਚਨਹਾਰੇ ਚਚੇਰੇ ਭਰਾਵਾਂ (ਪੰਕਜ ਤੇ ਨੀਰਜ) ਆਪਣੇ ਪ੍ਰੇਮੀ ਸਾਗਰ, ਸਹਿਯੋਗ ਸੰਸਥਾ ਦੇ ਮੈਂਬਰਾਂ, ਸਮਾਜ 'ਚ ਅਵਾਰਾ ਫਿਰਦੇ ਮੁੰਡਿਆਂ, ਰੇੜ੍ਹੀਆਂ ਵਾਲਿਆਂ ਦੀਆਂ ਭੈੜੀਆਂ ਨਜ਼ਰਾਂ ਤੋਂ ਬਿਨਾਂ ਰਾਜ ਦੀਆਂ ਅਖੌਤੀ ਸੰਸਥਾਵਾਂ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਨਿਹਾ ਦੇ ਪੜੋਸ ਵਿਚ ਰਹਿੰਦੇ ਪਿੱਠੂ ਦੇ ਇਹ ਸ਼ਬਦ ਇਸ ਗੱਲ ਦੀ ਪੁਸ਼ਟੀ ਕਰਦੇ ਹਨ :

"ਅਸੀਂ ਭਈਆਂ ਨਾਲੋਂ ਤਾਂ ਮਾੜੇ ਨਹੀਂ।" [18]

ਨਿਹਾ ਪ੍ਰਤੀ ਪਿੰਚੂ ਦੀ ਅਜਿਹੀ ਸੋਚ ਮੌਜੂਦਾ ਸਮਾਜਿਕ ਵਿਵਸਥਾ ਉਪਰ ਵਿਅੰਗ ਹੈ। ਦਿਨ-ਰਾਤ ਲੋਕਾਂ ਦੇ ਤਾਅਨੇ-ਮੇਹਣੇ ਸਹਿੰਦੀ ਨਿਹਾ ਇਕ ਲਾਸ਼ ਬਣ ਕੇ ਰਹਿ ਜਾਂਦੀ ਹੈ। ਜਿਸ ਸਮਾਜ ਅਤੇ ਰਾਜ ਦਾ ਔਰਤ ਪ੍ਰਤੀ ਅਜਿਹਾ ਨਜ਼ਰੀਆ ਹੋਵੇਗਾ ਉਸ ਸਮਾਜ ਦਾ ਭਵਿੱਖ ਹਮੇਸ਼ਾ ਢਹਿੰਦੀਆਂ ਪ੍ਰਸਥਿਤੀਆਂ 'ਚ ਰਹੇਗਾ। ਪੂੰਜੀਵਾਦੀ ਮਰਦ-ਪ੍ਰਧਾਨ ਸਮਾਜ ਅੰਦਰ ਮਰਦ ਦੀ 'ਮੈਂ' ਅੱਗੇ ਔਰਤ ਦਾ ਆਦਰਸ਼ ਉਸ ਦਾ ਮੁੱਲ-ਵਿਧਾਨ ਅਤੇ ਉਸ ਦਾ ਵਿਦਰੋਹ ਸਭ ਖੇਰੂੰ ਖੇਰੂੰ ਹੋ ਜਾਂਦਾ ਹੈ। ਦੂਜੇ ਪਾਸੇ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਜਿਸ ਸਮਾਜ ਵਿਚ ਔਰਤ ਆਪਣੇ ਹੀ ਰਿਸ਼ਤਿਆਂ ਤੋਂ ਮਹਿਫੂਜ ਨਹੀਂ ਉਥੇ ਬਾਹਰਲਿਆਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ। ਜਦੋਂ ਚਚੇਰੇ ਭਰਾਵਾਂ ਨੇ ਸਾਜ਼ਿਸ ਕਰਦਿਆਂ ਸ਼ਰਮ ਨਾ ਕੀਤੀ ਤਾਂ ਭਈਆਂ ਨੂੰ ਕਿਸ ਦਾ ਡਰ ਸੀ। ਹਾਦਸੇ ਦੀ ਸ਼ਿਕਾਰ ਨਿਹਾ ਨੂੰ ਸਾਗਰ ਨੇ ਜੀਵਨ ਸਾਥੀ ਬਣਾ ਕੇ ਜ਼ਿੰਦਗੀ ਜਿਉਣ ਦੀ ਹਿੰਮਤ ਤਾਂ ਕੀ ਦੇਣੀ ਸੀ, ਇਨਸਾਨੀਅਤ ਨਾਤੇ ਵੀ ਉਸ ਦੀ ਖ਼ਬਰ ਨਾ ਲਈ। ਵਿਅੰਗ ਇਹ ਹੈ ਕਿ ਅਗਰ ਸਾਗਰ ਨਾਲ ਕੋਈ ਹਾਦਸਾ ਵਾਪਰ ਜਾਂਦਾ ਜਾਂ ਇਹੀ ਘਟਨਾ ਵਿਆਹ ਤੋਂ ਬਾਅਦ ਵਾਪਰ ਜਾਂਦੀ ਤਾਂ ਕੀ ਫਿਰ ਵੀ ਸਾਗਰ ਉਸਦਾ ਸਾਥ ਛੱਡ ਦਿੰਦਾ? ਸ਼ਾਇਦ ਨਹੀਂ। ਮਰਦ ਦੀ ਔਰਤ ਪ੍ਰਤੀ ਅਜਿਹੀ ਸੋਚ ਹੀ ਉਸ ਨੂੰ ਜ਼ਿੰਦਗੀ ਤੋਂ ਦੂਰ ਮੌਤ ਵੱਲ ਲੈ ਜਾਂਦੀ ਹੈ।

> ਨਿਹਾ ਨੂੰ ਸਰੀਰਕ ਨਾਲੋਂ ਮਾਨਸਿਕ ਪ੍ਰੇਸ਼ਾਨੀ ਵੱਧ ਸੀ। ਉਸਦੀ ਹਾਲਤ ਨੀਮ ਪਾਗਲਾਂ ਵਰਗੀ ਸੀ। ਜਦੋਂ ਉਸਨੂੰ ਹੋਸ਼ ਆਉਂਦੀ ਸੀ ਉਹ ਆਪਣੇ ਵਾਲ ਪੁੱਟਣ ਲੱਗ ਜਾਂਦੀ ਸੀ। ਉੱਚੀ-ਉੱਚੀ ਚੀਕਾਂ ਮਾਰ-ਮਾਰ ਕਮਲ ਨੂੰ ਅਵਾਜਾਂ ਮਾਰਦੀ ਸੀ। ਕਦੇ ਉਸ ਨੂੰ ਆਪਣੇ ਭੰਗ

> ਹੋਏ ਸਤ ਦਾ ਫਿਕਰ ਖਾਂਦਾ ਸੀ ਅਤੇ ਕਦੇ ਇਸੇ ਕਾਰਣ ਸਾਗਰ ਨਾਲੋਂ
> ਪ੍ਰੇਮ ਸੰਬੰਧਾਂ ਦੇ ਟੁੱਟਣ ਦਾ। ਕਦੇ ਉਹ ਆਤਮ ਹੱਤਿਆ ਕਰਨ ਦਾ
> ਇਰਾਦਾ ਜਤਾਉਂਦੀ ਸੀ ਅਤੇ ਕਦੇ ਦੋਸ਼ੀਆਂ ਨੂੰ ਕਤਲ ਕਰਨ ਦਾ।[19]

ਕਹਿਣ ਨੂੰ ਅੱਜ ਦੀ ਔਰਤ ਮਰਦ ਦੇ ਬਰਾਬਰ ਹੈ, ਪਰ ਕਿੱਥੇ? ਕਿਆ ਔਰਤ ਦੀ ਬਰਾਬਰੀ ਪੜ੍ਹਨ, ਖਾਣ-ਪੀਣ ਅਤੇ ਕਮਾਉਣ ਤੱਕ ਹੀ ਸੀਮਿਤ ਹੈ? ਅੱਜ ਔਰਤ ਦੀਆਂ ਭਾਵਨਾਵਾਂ ਇਹਨਾਂ ਪੈਸਾਵਾਦੀ ਕੀਮਤਾਂ ਅੰਦਰ ਦੱਬ ਕੇ ਰਹਿ ਗਈਆਂ ਹਨ। ਔਰਤ ਦੀ ਅਜਿਹੀ ਸਥਿਤੀ ਸਮਕਾਲੀ ਹੀ ਨਹੀਂ ਬਹੁਕਾਲੀ ਹੈ। ਫਰਕ ਸਿਰਫ਼ ਇਹ ਹੈ ਕਿ ਅੱਗੇ ਔਰਤ ਘਰ ਦੀ ਚਾਰ-ਦੀਵਾਰੀ ਅੰਦਰ ਸਰੀਰਕ, ਮਾਨਸਿਕ ਦੁੱਖ ਸਹਿੰਦੀ ਸੀ। ਹੁਣ ਘਰ ਅਤੇ ਬਾਹਰ ਦੋਨੋਂ ਜਗ੍ਹਾ ਹੀ ਉਸ ਨੂੰ ਪ੍ਰੇਸ਼ਾਨੀਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ। ਭਾਵੇਂ ਸਮਾਜ ਦਾ ਰਹਿਣ-ਸਹਿਣ ਤੇ ਸੱਭਿਆਚਾਰ ਸਮੇਂ ਦੇ ਆਧੁਨਿਕ ਸੱਭਿਅਕ ਸਿਧਾਂਤਾਂ ਦਾ ਗੁਲਾਮ ਬਣ ਗਿਆ ਹੈ, ਪਰ ਔਰਤ ਲਈ ਸਮਾਜ ਦਾ ਸੰਕਲਪ ਉਸ ਬਿਮਾਰੀ ਦੀ ਤਰ੍ਹਾਂ ਹੈ ਜਿਹੜੀ ਆਪਣਾ ਮਰੀਜ਼ ਤਾਂ ਬਦਲਦੀ ਹੈ ਪਰ ਮਰਜ ਨਹੀਂ। ਜੇ ਅੱਜ ਦਾ ਸਮਾਜ ਪੜ੍ਹੀ-ਲਿਖੀ ਔਰਤ ਨਿਹਾ ਨੂੰ ਦੁਰਕਾਰ ਸਕਦਾ ਹੈ ਤਾਂ ਸਮਾਜ ਦੀ ਆਮ ਔਰਤ, ਜਿਸ ਨੇ ਘਰ ਤੋਂ ਬਾਹਰ ਕਦਮ ਨਹੀਂ ਰੱਖਿਆ ਦਾ ਕੀ ਅਸਤਿਤਵ ਹੋਵੇਗਾ। ਕਸੌਟੀ ਭਰੇ ਇਸ ਸਮੇਂ ਅੰਦਰ ਅਗਰ ਕੋਈ ਉਸਦਾ ਸਾਥ ਦਿੰਦਾ ਹੈ ਤਾਂ ਉਹ ਸਿਰਫ਼ ਉਸਦਾ ਮਾਮਾ ਰਾਮ ਨਾਥ ਅਤੇ ਸਹੇਲੀ ਪਲਵੀ ਦਾ ਪਰਿਵਾਰ। ਪਲਵੀ ਦੇ ਪਿਤਾ ਨਿਹਾ ਨੂੰ ਅੱਜ ਦੀ ਔਰਤ ਦੇ ਹੱਕਾਂ ਪ੍ਰਤੀ ਸੁਚੇਤ ਕਰਨ ਅਤੇ ਪੜ੍ਹੀ ਲਿਖੀ ਹੋਣ ਕਰਕੇ ਉਸਦੀ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਹਿੰਮਤ ਦਿੰਦੇ ਹਨ। ਅਗਰ ਔਰਤ ਜਿਉਣ ਦੀ ਹਿੰਮਤ ਕਰਦੀ ਹੈ ਤਾਂ ਸਮਾਜਿਕ ਵਿਵਸਥਾ ਉਸਨੂੰ ਮਰਨ ਲਈ ਮਜ਼ਬੂਰ ਕਰਦੀ ਹੈ। ਸਮਾਜ ਦੀ ਅਜਿਹੀ ਵਿਸਵਥਾ ਅੰਦਰ ਰਹਿੰਦੀ ਨਿਹਾ ਇਨਸਾਫ਼ ਖ਼ਾਤਿਰ ਲੜਦੀ ਜ਼ਰੂਰ ਹੈ ਪਰ ਕਲਯੁਗੀ ਕੌਰਵਾਂ ਦੀ ਪੂੰਜੀਵਾਦੀ ਸੋਚ ਤੇ ਸਿਧਾਂਤਾਂ ਵੱਸ ਹਾਰ ਜਾਂਦੀ ਹੈ। ਉਸ ਦੀ ਮਜਬੂਰੀ ਇਹ ਵੀ ਹੈ ਕਿ ਉਸ ਨੂੰ ਆਪਣੇ ਨਾਲ ਹੋਏ ਅੱਤਿਆਚਾਰ ਨੂੰ ਸਮਾਜ ਅਤੇ ਕਾਨੂੰਨ ਤੋਂ ਛੁਪਾਉਣਾ ਪੈਂਦਾ ਹੈ। ਨਿਹਾ ਦੀ ਇਸ ਦਵੰਦਆਤਮਕ ਸੋਚ ਨੇ ਉਸ ਦੀ ਮਾਨਸਿਕਤਾ ਨੂੰ ਨਪੀੜ ਕੇ ਰੱਖ ਦਿੱਤਾ। ਸਹਿਯੋਗ ਸੰਸਥਾ ਦੇ ਸੰਚਾਲਕਾਂ ਦਾ ਨਿਹਾ ਪ੍ਰਤੀ ਰਵਈਆ ਵੀ ਉਸ ਨੂੰ ਅਹਿਸਾਸ ਕਰਵਾਉਂਦਾ ਹੈ ਕਿ ਧਾਰਮਿਕ ਸੰਸਥਾਵਾਂ ਦੇ ਪੈਰੋਕਾਰ ਵੀ ਝੂਠ, ਦੰਭ

ਤੇ ਅਹਿੰਕਾਰ ਭਰੇ ਪੂੰਜੀਵਾਦੀ ਸਿਧਾਂਤਾਂ ਦੇ ਅਨੁਯਾਈ ਹਨ। ਅੱਜ ਲੋਕਰਾਜੀ ਪੂੰਜੀਵਾਦੀ ਦੌਰ ਅੰਦਰ ਅਜ਼ਾਦੀ ਤੇ ਬਰਾਬਰਤਾ ਦੇ ਸਿਧਾਂਤਾਂ ਦੀ ਆੜ ਵਿਚ ਔਰਤ ਪਹਿਲਾਂ ਨਾਲੋਂ ਵੱਧ ਗੁਲਾਮੀ ਭਰਿਆ ਜੀਵਨ ਜਿਉਂਦੀ ਹੈ। ਅਜੋਕੇ ਦੌਰ ਵਿਚ ਅਨੇਕਾਂ ਹੀ ਮਜ਼ਲੂਮ/ਮਾਸੂਮ ਔਰਤਾਂ ਨਿਹਾ ਦੀ ਤਰ੍ਹਾਂ ਅਣਕੀਤੇ ਦੋਸ਼ ਦਾ ਦੁੱਖ ਪਾਉਂਦੀਆਂ ਹਨ।

ਨਾਵਲਕਾਰ ਨੇ ਜਿੱਥੇ ਪੂੰਜੀਵਾਦੀ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਪਰਿਵਾਰਿਕ, ਸਮਾਜਿਕ, ਰਾਜਸੀ, ਧਾਰਮਿਕ ਅਤੇ ਰਾਜ ਦੀਆਂ ਵੱਖ-ਵੱਖ ਸੰਸਥਾਵਾਂ ਦੇ ਬਦਲਦੇ ਪਰਿਪੇਖ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ ਉਥੇ ਨਾਲ ਹੀ ਬਾਹਰੋਂ ਆਏ ਪ੍ਰਵਾਸੀ ਭਈਆਂ ਦੇ ਜੀਵਨ ਮੂਲਕ ਪੱਖਾਂ ਨੂੰ ਵੀ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਡਾ. ਜਸਬੀਰ ਕੇਸਰ ਅਨੁਸਾਰਃ ਬਿਰਤਾਂਤ ਵਿਚ ਲੇਖਕ ਨੇ ਭਈਆਂ ਜੀਵਨ ਦੇ ਤਿੰਨ ਮੁੱਖ ਪੱਖਾਂ ਨੂੰ ਉਘਾੜਿਆ ਹੈ।

1. ਪਰਵਾਸੀ ਮਜ਼ਦੂਰਾਂ ਦੀ ਕਿਰਤ ਤੇ ਕਿਰਤ ਦੀ ਲੁੱਟ
2. ਪਰਵਾਸੀ ਮਜ਼ਦੂਰਾਂ ਦਾ ਸਿਆਸੀਕਰਨ
3. ਪਰਵਾਸੀ ਮਜ਼ਦੂਰਾਂ ਦਾ ਅਪਰਾਧੀਕਰਣ [20]

ਘਟਨਾ ਸਥੱਲ 'ਮਾਇਆ ਨਗਰ' ਅਸਲ ਵਿਚ ਸਨਅੱਤੀ ਸ਼ਹਿਰ ਲੁਧਿਆਣਾ ਹੈ। ਇੱਥੇ ਵੱਡੀ ਗਿਣਤੀ ਵਿਚ ਬਾਹਰੋਂ ਆ ਕੇ ਕੰਮ ਕਰਦੇ ਭਈਏ ਨਿਵਾਸ ਕਰਦੇ ਹਨ। ਇਹ ਕੇਵਲ ਮਜ਼ਦੂਰੀ ਤੱਕ ਹੀ ਸੀਮਿਤ ਨਹੀਂ ਰਹਿੰਦੇ, ਬਲਕਿ ਰਾਜਸੀ ਪਾਰਟੀਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣਾ ਵੀ ਇਹਨਾਂ ਦੀ ਫ਼ਿਤਰਤ ਬਣ ਚੁੱਕਾ ਹੈ। ਰਾਜਨੀਤਕ ਪਾਰਟੀਆਂ ਇਹਨਾਂ ਨੂੰ ਆਪਣੇ ਵੋਟ-ਬੈਂਕ ਸਮਝਦੀਆਂ ਹਨ ਥੋੜ੍ਹੇ ਜਿੰਨੇ ਪੈਸਿਆਂ ਤੇ ਸ਼ਰਾਬ ਆਦਿ ਖ਼ਾਤਿਰ ਇਹ ਲੋਕ ਆਪਣੀ ਵੋਟ ਇਹਨਾਂ ਰਾਜਸੀ ਪਾਰਟੀਆਂ ਨੂੰ ਵੇਚ ਦਿੰਦੇ ਹਨ। ਅਸਲ ਵਿਚ ਇਹਨਾਂ ਭਈਆਂ ਦਾ ਮੁੱਖ ਮਕਸਦ ਮਜ਼ਦੂਰੀ ਕਰਕੇ ਰੋਟੀ ਖਾਣ ਤੱਕ ਸੀਮਿਤ ਸੀ। ਪਰ ਪੰਜਾਬੀ ਸੱਭਿਆਚਾਰ ਅੰਦਰ ਰਹਿੰਦੇ-ਰਹਿੰਦੇ ਇਹਨਾਂ ਭਈਆਂ ਮਜ਼ਦੂਰਾਂ ਨੇ ਵੀ ਆਪਣੀ ਸਥਿਤੀ ਨੂੰ ਬਦਲਣ ਲਈ ਕਈ ਹੋਰ ਢੰਗ ਤਰੀਕੇ ਵਰਤਣੇ ਸ਼ੁਰੂ ਕਰ ਲਏ ਹਨ। ਨਵੇਂ-ਨਵੇਂ ਪੰਜਾਬ ਆ ਕੇ ਵਸੇ ਭਈਏ ਬਾਅਦ ਵਿਚ ਆਪਣੇ ਨਾਲ ਹੋਰ ਭਈਆਂ ਨੂੰ ਵੀ ਪੰਜਾਬ ਲੈ ਆਏ। ਪੰਜਾਬ ਅੰਦਰ ਇਹਨਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਕਈ ਥਾਈਂ ਤਾਂ ਛੋਟਾ ਬਿਹਾਰ ਹੀ ਜਾਪਦੇ ਹਨ।

ਹੌਲੀ-ਹੌਲੀ ਇਹਨਾਂ ਭਈਆਂ ਅੰਦਰ ਵੀ ਅੱਗੋਂ ਦੋ ਵਰਗ ਬਣ ਚੁੱਕੇ ਹਨ। ਜਿਨ੍ਹਾਂ ਮਜ਼ਦੂਰਾਂ ਨੂੰ ਪੰਜਾਬ ਅੰਦਰ ਰਹਿੰਦੇ ਕਾਫੀ ਸਮਾਂ ਹੋ ਗਿਆ ਹੈ ਉਹਨਾਂ ਨੇ ਚੁਸਤੀ-ਚਲਾਕੀ ਸਦਕਾ ਆਪਣੀ ਆਰਥਿਕ ਸਥਿਤੀ ਮਜ਼ਬੂਤ ਕਰ ਲਈ ਹੈ। ਉਹ ਵੱਡੇ-ਵੱਡੇ ਵਪਾਰੀਆਂ ਕਾਰਖਾਨੇਦਾਰਾਂ ਦੇ ਵਿਸ਼ਵਾਸ ਪਾਤਰ ਬਣ ਚੁੱਕੇ ਹਨ। ਹੁਣ ਉਹ ਪਿੱਛੋਂ ਆਏ ਮਜ਼ਦੂਰਾਂ ਦੇ ਕੰਮ-ਧੰਦੇ ਅਤੇ ਰਹਿਣ-ਸਹਿਣ ਦੇ ਇੰਤਜ਼ਾਮ ਦੇ ਨਾਲ-ਨਾਲ ਉਹਨਾਂ ਉੱਪਰ ਆਪਣਾ ਦਬ-ਦਬਾ ਵੀ ਬਣਾਈ ਰੱਖਦੇ ਹਨ। ਨਾਵਲੀ ਬਿਰਤਾਂਤ ਵਿਚ ਰਾਮ ਲੁਭਾਇਆ ਅਜਿਹਾ ਹੀ ਪਾਤਰ ਹੈ, ਜੋਕਿ ਵੀਹ ਸਾਲਾਂ ਤੋਂ ਪੰਜਾਬ ਵਿਚ ਰਹਿ ਰਿਹਾ ਹੈ। ਮਿਸਤਰੀਪੁਣਾ ਸਿੱਖ ਕੇ ਉਹ ਇਕ ਸਿਰਕੱਢ ਠੇਕੇਦਾਰ ਬਣ ਗਿਆ ਸੀ। ਹੁਣ ਇਸਦੀ ਜਾਣ-ਪਹਿਚਾਣ ਨਾ ਕੇਵਲ ਮਜ਼ਦੂਰ ਭਈਆਂ ਤੱਕ ਹੀ ਸਮਿਤ ਹੈ ਬਲਕਿ ਪੂੰਜੀਵਾਦੀ ਵਰਗ ਅਤੇ ਰਾਜਸੀ ਪਾਰਟੀਆਂ ਵਿਚ ਵੀ ਇਹ ਇਕ ਸਰਗਰਮ ਮੈਂਬਰ ਵਜੋਂ ਜਾਣਿਆ ਜਾਂਦਾ ਹੈ। ਕੌਰਵ ਸਭਾ ਨਾਵਲ ਅੰਦਰ ਪੰਕਜ ਤੇ ਨੀਰਜ਼ ਨੇ ਕਿਸੇ ਹੋਰ ਪੇਸ਼ਾਵਰ ਮੁਜ਼ਰਮ ਦੁਆਰਾ ਇਕ ਲੱਖ ਰੁਪਏ ਦੀ ਸੁਪਾਰੀ ਦੇ ਕੇ ਰਾਮ ਲੁਭਾਏ ਦੀ ਸ੍ਰਪਰਸਤੀ ਹੇਠ ਆਪਣੇ ਚਾਚੇ ਘਰ ਹਮਲਾ ਕਰਵਾਇਆ ਸੀ। ਸ਼ਰਤ ਮੁਤਾਬਿਕ ਭਈਆਂ ਨੇ ਘਰ ਵਾਲਿਆਂ ਨੂੰ ਮਾਮੂਲੀ ਸੱਟਾਂ ਮਾਰਨੀਆਂ ਸਨ। ਪਰ ਲਾਲਚ ਵੱਸ ਮੌਕੇ-ਏ-ਵਾਰਦਾਤ ਉੱਪਰ ਹੋਏ ਕਤਲ, ਬਲਾਤਕਾਰ ਅਤੇ ਗੰਭੀਰ ਸੱਟਾਂ ਦਾ ਕਾਰਨ ਭਈਆਂ ਦੀ ਪੂੰਜੀਵਾਦੀ ਹਵਸ ਸੀ। ਮਾਮੂਲੀ ਸੱਟਾਂ ਮਾਰਨ ਗਏ ਇਹਨਾਂ ਭਈਆਂ ਨੇ ਕਤਲ ਕਰ ਦਿੱਤਾ ਤੇ ਚੋਰੀ ਕਰਨ ਦੀ ਥਾਂ ਬਲਾਤਕਾਰ ਕਰ ਦਿੱਤਾ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਭਈਆਂ ਦੀ ਪ੍ਰਵਿਰਤੀ ਅਪਰਾਧੀਕਰਣ ਤੋਂ ਪ੍ਰਭਾਵਿਤ ਹੈ। ਛੋਟੀਆਂ ਮੋਟੀਆਂ ਵਾਰਦਾਤਾਂ ਕਰਨਾ ਇਨ੍ਹਾਂ ਦੀ ਪੈਦਾਇਸ਼ੀ ਆਦਤ ਹੈ ਪਰ ਸਮੇਂ ਦੇ ਬਦਲਦੇ ਪਰਿਪੇਖ ਅੰਦਰ ਇਹਨਾਂ ਦਾ ਅਪਰਾਧਪੱਖੀ ਨਜ਼ਰੀਆ ਵੀ ਬਦਲਿਆ।

> ਲੜਨ ਝਗੜਨ ਅਤੇ ਛੋਟੇ ਮੋਟੇ ਜ਼ੁਰਮ ਕਰਨ ਦੀ ਪੈਦਾਇਸ਼ੀ ਆਦਤ ਇਧਰ ਆਏ ਭਈਆਂ ਵਿਚ ਵੀ ਸੀ। ਆਏ ਦਿਨ ਪੁਲਿਸ ਉਸ ਦੀ ਕਲੌਨੀ ਵਿਚ ਚੱਕਰ ਮਾਰਦੀ ਸੀ। ਸੌਦੇ ਕਰਕੇ ਉਹ ਆਪਣੀ ਕਲੌਨੀ ਦੇ ਬੰਦਿਆਂ ਨੂੰ ਛੁੱਡਾ ਦਿੰਦਾ। ਪੁਲਿਸ ਉਸ ਦੀ ਕਦਰ ਕਰਨ ਲੱਗੀ। ਪੁਲਿਸ ਉਸਦੀ ਸਿਫ਼ਾਰਸ ਤੇ ਫੁੱਲ ਚੜਾਉਣ ਲੱਗੀ।[21]

ਸਥਾਨਕ ਪੂੰਜੀਪਤੀਆਂ ਅਤੇ ਪੁਲਿਸ ਵਾਲਿਆਂ ਵਲੋਂ ਮਿਲੀ ਸ਼ਹਿ ਕਾਰਨ ਇਹਨਾਂ ਲੋਕਾਂ ਦੇ ਹੌਂਸਲੇ ਬੁਲੰਦ ਹੁੰਦੇ ਗਏ। ਇਹਨਾਂ ਅੰਦਰੋਂ ਮਜ਼ਦੂਰ ਵਰਗ ਦੇ ਸਾਰੇ ਗੁਣ ਅਲੋਪ ਹੋ ਗਏ। ਇਨ੍ਹਾਂ ਦੀ ਸ਼੍ਰੇਣੀ ਅਜਿਹੇ ਅਪਰਾਧੀ ਤਬਕੇ ਵਿਚ ਸ਼ਾਮਿਲ ਹੋ ਗਈ ਜਿਸ ਦਾ ਕਿਰਦਾਰ ਲੋਟੂ, ਬੇਰਹਿਮੀ, ਬੇਫਿਕਰੀ ਅਤੇ ਸੁਪਾਰੀ ਵਰਗੇ ਸਿਧਾਂਤਾਂ ਦੇ ਅਨੁਯਾਈ ਪੂੰਜੀਪਤੀ ਵਰਗ ਨਾਲ ਸੰਬੰਧਿਤ ਹੈ। ਇਨ੍ਹਾਂ ਭਈਆਂ ਮਜ਼ਦੂਰਾਂ ਦਾ ਅਪਰਾਧੀਕਰਣ ਜਿੱਥੇ ਇਕ ਪਾਸੇ ਗਰੀਬੀ, ਭੁੱਖਮਰੀ ਅਤੇ ਬੇਵਸੀ ਨਾਲ ਸੰਬਧਿਤ ਹੈ ਉਥੇ ਦੂਜੇ ਪਾਸੇ ਪੰਜਾਬੀ ਜਗਤ ਵਿਚ ਲੋਕਾਂ ਦੇ ਘਰੋਂ ਬਾਹਰ, ਪਿੰਡੋਂ ਸ਼ਹਿਰ ਅਤੇ ਸ਼ਹਿਰੋਂ ਵਿਦੇਸ਼ ਜਾਣ ਦੀ ਪ੍ਰਕ੍ਰਿਆ ਤੋਂ ਉਪਜਿਆ ਸੰਕਟ ਹੈ, ਵਪਾਰੀਆਂ, ਰਾਜਨੇਤਾਵਾਂ ਅਤੇ ਕਾਨੂੰਨ ਦੇ ਰੱਖਵਾਲਿਆਂ ਦੀ ਮਿਲੀ-ਭੁਗਤ ਕਾਰਨ ਹੀ ਆਏ ਦਿਨ ਸ਼ਹਿਰ ਅੰਦਰ ਚੋਰੀਆਂ,ਡਾਕੇ, ਕਤਲ ਅਤੇ ਲੁੱਟ-ਮਾਰ ਹੁੰਦੀ ਹੈ। ਅੱਜ ਪੰਜਾਬ ਅੰਦਰ ਇਹਨਾਂ ਭਈਆਂ ਦੀ ਰੁਚੀ ਕੇਵਲ ਮਜ਼ਦੂਰੀ ਅਤੇ ਲੁੱਟ-ਮਾਰ ਤੱਕ ਹੀ ਸੀਮਿਤ ਨਹੀਂ ਰਹੀ ਬਲਕਿ ਪੰਜਾਬੀ ਪਰਿਵਾਰਾਂ ਵਿਚ ਰਹਿੰਦੇ ਇਹ ਭਈਏ ਪਰਿਵਾਰਾਂ ਦੇ ਪਰਿਵਾਰ ਮਾਰ ਦਿੰਦੇ ਹਨ। ਵਿਵਸਥਾ ਵਿਚੋਂ ਪੈਦਾ ਹੋਏ ਵਿਗਾੜਾਂ ਕਾਰਨ ਪ੍ਰਸਥਿਤੀਆਂ ਹੋਰ ਵੀ ਗੁੰਝਲਦਾਰ ਬਣਦੀਆਂ ਜਾ ਰਹੀਆਂ ਹਨ। ਇਹਨਾਂ ਦਾ ਪੂਰਾ ਪਤਾ ਨਾ ਹੋਣ ਕਾਰਨ ਇਹ ਸਥਾਨਿਕ ਪੁਲਿਸ ਤੋਂ ਬਚ ਨਿਕਲਦੇ ਹਨ।

> ਅਜਿਹੇ ਬਥੇਰੇ ਭਈਆਂ ਬਾਰੇ ਠੇਕੇਦਾਰ ਨੂੰ ਪਤਾ ਸੀ ਜਿਹੜੇ
> ਲੁੱਟਾਂ-ਖੋਹਾਂ ਕਰਕੇ ਅਤੇ ਕੁੜੀਆਂ ਭਜਾ ਕੇ ਦੇਸ਼ ਮੁੜ ਗਏ ਸਨ।
> ਪੁਲਿਸ ਨੇ ਕਦੇ ਉਨ੍ਹਾਂ ਦੇ ਪਿੰਡਾਂ ਵੱਲ ਮੂੰਹ ਨਹੀਂ ਸੀ ਕੀਤਾ। [22]

ਇਸ ਪ੍ਰਕਾਰ ਨਾਵਲ ਕੌਰਵ ਸਭਾ ਦਾ ਗਲਪੀ ਸੰਸਾਰ ਵਰਤਮਾਨ ਸਮਾਜਿਕ ਵਿਵਸਥਾ ਦਾ ਵਧੇਰੇ ਯਥਾਰਥਕਅਕਸ ਉਘਾੜਦਾ ਹੈ। ਅੱਜ ਮਨੁੱਖ ਦੀਆਂ ਸੂਖ਼ਮ ਤੋਂ ਸੂਖ਼ਮ ਭਾਵਨਾਵਾਂ ਵੀ ਪੂੰਜੀਵਾਦੀ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹਨ। ਮੀਤ ਦੁਆਰਾ ਨਾਵਲ ਅੰਦਰ ਪੇਸ਼ ਕੀਤੇ ਵੱਖ-ਵੱਖ ਪੱਖਾਂ ਦਾ ਆਧਾਰ ਪੂੰਜੀਵਾਦੀ ਪ੍ਰਬੰਧ ਦੇ ਅਮਾਨਵੀ, ਸ਼ੋਸਿਤ ਅਤੇ ਦਮਨਕ੍ਰਿਤ ਸੁਭਾਅ ਅਤੇ ਸਰੂਪ ਨੂੰ ਪਾਠਕਾਂ ਸਾਹਮਣੇ ਰੱਖ ਕੇ ਉਸ ਨੂੰ ਸਮਾਜੀ ਬਦਲ ਦੀ ਤਲਾਸ਼ ਲਈ ਜਾਗ੍ਰਿਤ ਕਰਨਾ ਹੈ। ਕੌਰਵ ਸਭਾ ਦੀ ਵਿਚਾਰਧਾਰਾ ਦੇ ਪਰਿਪੇਖ ਪੂੰਜੀਵਾਦੀ ਸੰਸਾਰ ਦੇ ਉਹਨਾਂ ਮੁੱਲਾਂ ਦੀ ਗੱਲ ਕਰਦੇ ਹਨ, ਜਿੱਥੇ

ਵੱਡੇ-ਵੱਡੇ ਸਿਧਾਂਤਾਂ ਦੀਆਂ ਗੱਲਾਂ ਤਾਂ ਕੀਤੀਆਂ ਜਾਂਦੀਆਂ ਹਨ ਪਰ ਅਮਲੀ ਰੂਪ ਵਿਚ ਇਹ ਲੋਕ-ਦਿਖਾਵਾ ਹੀ ਹਨ। ਅਸਲ ਵਿਚ ਪੂੰਜੀਵਾਦੀ ਸਮਾਜ ਆਪਣੀਆਂ ਹੀ ਨਜ਼ਰਾਂ ਤੋਂ ਗਿਰ ਚੁੱਕਿਆ ਹੈ, ਨਾਵਲ ਅੰਦਰ ਅਸੀਂ ਦੇਖਦੇ ਹਾਂ ਕਿ ਕਿਸ ਪ੍ਰਕਾਰ ਭਤੀਜੇ ਜਾਇਦਾਦ ਖ਼ਾਤਿਰ ਆਪਣੇ ਹੀ ਚਾਚੇ ਘਰ ਹਮਲਾ ਕਰਵਾਉਂਦੇ ਹਨ। ਵੇਦ ਦੇ ਗੰਭੀਰ ਰੂਪ ਵਿਚ ਜ਼ਖਮੀ ਹੋਣ ਕਾਰਨ ਉਸ ਦੇ ਸਾਰੇ ਦੋਸਤਾਂ ਤੇ ਰਿਸ਼ਤੇਦਾਰਾਂ ਨੇ ਉਸਦਾ ਸਾਥ ਛੱਡ ਦਿੱਤਾ। ਅਸਲ ਵਿਚ ਮਨੁੱਖ ਦੀ ਵਿਚਾਰਧਾਰਾ ਏਨੀ ਨਿੱਜਵਾਦੀ ਬਣ ਚੁੱਕੀ ਹੈ ਕਿ ਹਰ ਕੋਈ ਝੁੱਕਦੇ ਪਲੜੇ ਦਾ ਹੀ ਸਾਥ ਦਿੰਦਾ ਹੈ। ਪੰਕਜ ਅਤੇ ਨੀਰਜ ਦੁਆਰਾ ਸੱਤਰ ਲੱਖ ਦੇ ਪਲਾਟ ਖ਼ਾਤਿਰ ਕਰੋੜਾਂ ਰੁਪਇਆ ਪਾਣੀ ਵਾਂਗ ਵਹਾਉਣ ਦਾ ਕਾਰਨ ਵੀ ਉਹਨਾਂ ਦਾ ਪੂੰਜੀਵਾਦੀ ਨਜ਼ਰੀਆ ਹੈ। ਅਸਲ ਵਿਚ ਪਰਿਵਾਰ ਤੋਂ ਦੂਰ ਰਹਿ ਕੇ ਪੜ੍ਹਾਈ ਕਰਨਾ ਹੀ ਉਹਨਾਂ ਦਾ ਸੱਭਿਆਚਾਰ ਤੇ ਪਰਿਵਾਰ ਤੋਂ ਬਾਗੀ ਹੋਣ ਦਾ ਕਾਰਨ ਬਣਦਾ ਹੈ। ਭਾਵੇਂ ਅੱਜ਼ ਮਨੁੱਖ ਗਿਆਨ ਵਿਗਿਆਨ ਦੇ ਹਰ ਪੜਾਅ ਪਾਰ ਕਰ ਰਿਹਾ ਹੈ ਪਰੰਤੂ ਜਿੱਥੇ ਮਨੁੱਖ ਦਾ ਮਨੁੱਖਤਾ ਨਾਲੋਂ ਰਿਸ਼ਤਾ ਹੀ ਖ਼ਤਮ ਹੋ ਰਿਹਾ ਹੋਵੇ ਉਥੇ ਗਿਆਨ ਵੀ ਸਵਾਲੀਆ ਬਣ ਜਾਂਦਾ ਹੈ। ਇਸ ਪ੍ਰਕਾਰ ਕੌਰਵ ਸਭਾ ਦਾ ਪਰਿਪੇਖ ਪੂੰਜੀਵਾਦੀ ਕਦਰਾਂ-ਕੀਮਤਾਂ ਉੱਪਰ ਉਸਰੀ ਜ਼ਿੰਦਗੀ ਦੇ ਵਿਚਾਰਾਂ ਦਾ ਸੰਗਮ ਹੈ। ਅੱਜ ਦੀ ਕੌਰਵ ਸਭਾ ਦਾ ਯਥਾਰਥ ਉਸ ਮਿਥਿਕ ਕੌਰਵ ਸਭਾ ਦੇ ਯਥਾਰਥ ਨਾਲੋਂ ਨਵੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਅਤਿ ਜਟਿਲ ਬਣ ਜਾਂਦਾ ਹੈ। ਕੌਰਵਾਂ ਦੀ ਇਸ ਸਭਾ ਅੰਦਰ ਖੁਸ਼ਹਾਲ ਤੇ ਸਮਰਿੱਧ ਜ਼ਿੰਦਗੀ ਦੀ ਚਾਲ ਚੱਲਣਾ ਔਖਾ ਹੀ ਨਹੀਂ ਨਾਮੁਮਕਿਨ ਜਾਪਦਾ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਕੌਰਵ ਸਭਾ ਨਾਵਲ ਆਪਣੀ ਥੀਮਿਕ ਸੰਰਚਨਾ ਵਿਚ ਹੀ ਤਿੱਖੇ ਵਿਚਾਰਧਾਰਕ ਪਹਿਲੂ ਸਮੋਈ ਬੈਠਾ ਹੈ ਜਿਹੜੇ ਨਾਵਲੀ ਬਿਰਤਾਂਤ ਦੇ ਗਤੀ ਵਿਚ ਆਉਣ ਵੇਲੇ ਅਗ੍ਰਭੂਮਿਤ ਹੋ ਜਾਂਦੇ ਹਨ। ਕੌਰਵ ਸਭਾ ਨਾਵਲ ਵਿਚ ਇਹ ਵਿਚਾਰਧਾਰਕ ਪਹਿਲੂ ਉਸਦੀ ਸਮੁੱਚੀ ਸੰਰਚਨਾ ਦੀ ਬੁਨਿਆਦ ਬਣਦੇ ਹਨ ਜਿਸ ਕਰਕੇ ਇਹ ਕਹਿਣਾ ਸੰਗਤ ਹੀ ਲਗਦਾ ਹੈ ਕਿ ਕੌਰਵ ਸਭਾ ਨਾਵਲ ਇਕ ਪ੍ਰਗਤੀਸ਼ੀਲ ਰਾਜਨੀਤੀ ਨਾਲ ਸੰਬੰਧਿਤ ਨਾਵਲ ਹੈ, ਜਿਸ ਰਾਜਨੀਤੀ ਦੀ ਭਾਰਤ ਵਰਸ਼ ਦੀ ਲੋਕਾਈ ਨੂੰ ਅੱਜ ਦੇ ਸਮੇਂ ਵਿਚ ਬਹੁਤ ਜ਼ਰੂਰਤ ਹੈ।

# ਹਵਾਲੇ ਅਤੇ ਟਿੱਪਣੀਆਂ

1. ਗੁਰਦੇਵ ਸਿੰਘ ਚੰਦੀ (ਡਾ.) "ਵਿਹਲੀ ਔਰਤ: ਮਨੋਵਿਗਿਆਨਕ ਵਿਚਾਰਧਾਰਾਈ ਪਰਿਪੇਖ", **ਸ਼ਬਦ**, ਅੰਕ 20, 2002, ਪੰ. 74
2. ਕੇਸਰ ਸਿੰਘ ਕੇਸਰ (ਡਾ.), "ਪੈਸੇ ਦੀ ਸ਼ਕਤੀ ਦਾ ਪ੍ਰਵਚਨ: ਕੌਰਵ ਸਭਾ" **ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਨ**, ਸੁਖਦੇਵ ਸਿੰਘ ਖਾਹਰਾ ਸੰਪਾ., ਪੰ. 16
3. ਰਵਿੰਦਰ ਸਿੰਘ ਰਵੀ,"ਵਿਚਾਰਧਾਰਾ: ਇਕ ਇਤਿਹਾਸਕ ਪ੍ਰਵਰਗ" **ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ**, ਗੁਰਚਰਨ ਸਿੰਘ ਅਰਸ਼ੀ, ਸੰਪਾ., ਪੰ. 58
4. ਗੁਰਚਰਨ ਸਿੰਘ ਅਰਸ਼ੀ (ਡਾ.), "ਵਿਚਾਰਧਾਰਾ ਤੇ ਸਾਹਿਤ" **ਉਹੀ**, ਪੰ. 34
5. ਟੀ. ਆਰ. ਵਨੋਦ (ਡਾ.) **ਆਓ ਨਾਵਲ ਪੜ੍ਹੀਏ**, ਪੰ. 14
6. ਨਰਿੰਜਨ ਤਸਨੀਮ, "Kaurav Sabha: A Multidimentional Punjabi Novel" **ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਨ**, ਸੁਖਦੇਵ ਸਿੰਘ ਖਾਹਰਾ, ਸੰਪਾ. ਪੰ. 129
7. ਸਰਬਜੀਤ ਸਿੰਘ (ਡਾ.), **ਪੰਜਾਬੀ ਆਲੋਚਨਾ: ਵਿਚਾਰਧਾਰਕ ਪਰਿਪੇਖ**, ਪੰ. 15
8. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰ. 165
9. ਉਹੀ, ਪੰ. 34
10. ਉਹੀ, ਪੰ. 80
11. ਗੁਰਚਰਨ ਸਿੰਘ ਅਰਸ਼ੀ (ਡਾ.) **"ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ"**, ਪੰ. 37
12. ਮਿੱਤਰ ਸੈਨ ਮੀਤ, ਉਹੀ, ਪੰ. 210
13. ਟੀ. ਆਰ. ਵਿਨੋਦ (ਡਾ.), "ਕੌਰਵ ਸਭਾ ਦੀ ਸਿਆਸਤ", **ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਨ**, ਸੁਖਦੇਵ ਸਿੰਘ ਖਾਹਰਾ, ਸੰਪਾ., ਪੰ. 38
14. ਮਿੱਤਰ ਸੈਨ ਮੀਤ, **ਕੌਰਵ ਸਭਾ**,ਪੰ. 206

15. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰ. 325

16. ਟੀ. ਆਰ. ਵਿਨੋਦ, ਉਹੀ, ਪੰ. 41

17. ਮਿੱਤਰ ਸੈਨ ਮੀਤ, **ਕੌਰਵ ਸਭਾ**, ਪੰ. 117

18. ਉਹੀ, ਪੰ. 242

19. ਉਹੀ, ਪੰ. 63

20. ਜਸਬੀਰ ਕੇਸਰ (ਡਾ.), "ਕੌਰਵ ਸਭਾ ਵਿਚ ਪਰਾਵਸੀ ਮਜ਼ਦੂਰਾਂ ਦਾ ਦਾ ਯਥਾਰਥ, **ਕੌਰਵ ਸਭਾ: ਆਲੋਚਨਾਤਮਕ ਵਿਸ਼ਲੇਸ਼ਣ**, ਸੁਖਦੇਵ ਸਿਘ ਖਾਹਰਾ, ਸੰਪਾ., ਪੰ. 113

21. ਮਿੱਤਰ ਸੈਨ ਮੀਤ, ਉਹੀ, ਪੰ. 55

22. ਉਹੀ,ਪੰ. 56

ਅਧਿਆਇ ਚੌਥਾ

*

*

*

*

# 'ਕੌਰਵ ਸਭਾ' ਨਾਵਲ ਦਾ ਬਿਰਤਾਂਤਕ ਸੰਗਠਨ

# 'ਕੌਰਵ ਸਭਾ' ਨਾਵਲ ਦਾ ਬਿਰਤਾਂਤਕ ਸੰਗਠਨ

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਇਕ ਬਿਰਤਾਂਤਕ ਪ੍ਰਾਣੀ ਹੈ, ਕਿਉਂਕਿ ਮਨੁੱਖ ਦੇ ਦੁਨੀਆਂ ਵਿਚ ਆਉਣ ਤੋਂ ਲੈ ਕੇ, ਉਸਦੇ ਖਾਣ-ਪੀਣ, ਉੱਠਣ-ਬੈਠਣ, ਸੋਚਣ ਸਮਝਣ ਆਦਿ ਹਰ ਪਹਿਲੂ ਵਿਚ ਬਿਰਤਾਂਤਕ ਦ੍ਰਿਸ਼ਟੀ ਮੌਜੂਦ ਹੈ। ਮਨੁੱਖ ਦਾ ਰੋਜ਼ੀ-ਰੋਟੀ ਕਮਾਉਣਾ ਆਪਸੀ ਸੰਬੰਧ ਬਣਾਉਣੇ ਅਤੇ ਉੱਚੇ-ਸੁੱਚੇ ਜੀਵਨ ਦੀ ਤਲਾਸ਼ ਵਿਚ ਉਸਦਾ ਬਿਰਤਾਂਤ ਸਮੋਇਆ ਹੈ। ਡਾ. ਅਮਨਦੀਪ ਵਾਤਿਸ਼ ਅਨੁਸਾਰ:

> ਇਕ ਬਿਰਤਾਂਤਕ ਜੀਵ ਹੋਣ ਦੇ ਨਾਤੇ ਮਨੁੱਖ ਦੁਆਰਾ ਘੱਟੋ-ਘੱਟ ਦੋ ਅਸਲੀ ਜਾਂ ਕਾਲਪਨਿਕ ਘਟਨਾਵਾਂ ਦਾ ਕ੍ਰਮਿਕ ਕਥਾ-ਕਾਰਜ ਬਿਰਤਾਂਤ ਅਖਵਾਉਂਦਾ ਹੈ।[1]

ਇਸ ਪ੍ਰਕਾਰ ਮਨੁੱਖ ਦੁਆਰਾ ਕੀਤੇ ਗਏ ਕੰਮਾਂ ਵਿਚ ਕੋਈ-ਨਾ-ਕੋਈ ਬਿਰਤਾਂਤ ਜ਼ਰੂਰ ਹੁੰਦਾ ਹੈ। ਸੰਸਾਰ ਵਿਚ ਮਨੁੱਖ ਦੇ ਆਉਣ ਤੋਂ ਲੈ ਕੇ ਹੁਣ ਤੱਕ ਉਸ ਦਾ ਕਿਸੇ-ਨਾ-ਕਿਸੇ ਰੂਪ ਵਿਚ ਸੰਵਾਦ ਜ਼ਰੂਰ ਹੁੰਦਾ ਰਿਹਾ ਹੈ। ਜਿੱਥੇ ਇਕ ਕਹਿਣ ਵਾਲਾ ਹੁੰਦਾ ਹੈ ਅਤੇ ਦੂਜਾ ਸੁਣਨ ਵਾਲਾ ਹੁੰਦਾ ਹੈ। ਮਨੁੱਖ ਦੇ ਇਸ ਕਹਿਣ-ਸੁਣਨ ਦੀ ਪਕ੍ਰਿਆ ਵਿਚ ਵਿਆਪਕ ਮਨੁੱਖੀ ਸਰੋਕਾਰ ਹੀ ਉਸ ਦਾਂ ਬਿਰਤਾਂਤ ਹੁੰਦਾ ਹੈ। ਕਿਉਂਕਿ ਅਗਰ ਮਨੁੱਖ ਦੁਆਰਾ ਮਿਥੇ ਗਏ ਅਕੀਦੇ ਹੋਂਦ ਵਿਚ ਨਾ ਆਉਣ ਤਾਂ ਘਟਨਾਵਾਂ ਅਰਥਹੀਣ ਹੋ ਜਾਂਦੀਆਂ ਹਨ। ਘਟਨਾਵਾਂ ਦੀ ਸਾਰਥਕਤਾ ਲਈ ਬਿਰਤਾਂਤ ਕਿਸੇ ਦ੍ਰਿਸ਼ਟੀ-ਬਿੰਦੂ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਫਰਾਂਸੀਸੀ ਆਲੋਚਕ ਤੋਦੋਰੋਵ ਦਾ ਮਤ ਹੈ ਕਿ:

> ਬਿਰਤਾਂਤ ਦੋ ਸ਼੍ਰੇਣੀਆਂ ਦੀ ਸਮਾਨਤਾ ਤੇ ਵਿਰੋਧਤਾ ਦੇ ਤਨਾਉ ਤੋਂ ਉਪਜਦਾ ਹੈ।[2]

ਇਸ ਪ੍ਰਕਾਰ ਬਿਰਤਾਂਤਕ ਸੰਰਚਨਾ ਅਜਿਹੀ ਪ੍ਰਕਿਰਿਆ ਹੈ ਜੋ ਕਿ ਸ਼ਾਬਦਿਕ ਸੁਨੇਹੇ ਦੇ ਰੂਪ ਵਿਚ ਵਕਤੇ ਤੋਂ ਸਰੋਤੇ ਤੱਕ ਅਤੇ ਘਟਨਾਵਾਂ ਦੇ ਆਪਸੀ ਟਕਰਾਓ ਅਤੇ ਇਹਨ੍ਹਾਂ ਦੇ ਹੋਣ ਵਿਚ

ਨਿਹਿਤ ਹੈ। ਬਿਰਤਾਂਤਕ, ਪ੍ਰਵਚਨ ਮਨੁੱਖ ਦਾ ਬੁਨਿਆਦੀ ਸਰੋਕਾਰ ਹੈ ਜਿਸ ਵਿਚ ਕੰਮ ਕਰਦੀਆਂ ਜੁਗਤਾਂ ਇਸ ਦਾ ਸ਼ਾਸਤਰ ਹਨ। ਜੋ ਕਿ ਅਚੇਤ ਤੇ ਸੁਚੇਤ ਰੂਪ ਵਿਚ ਸਾਹਿਤ ਦੀ ਕਿਸੀ ਵੀ ਵਿਧਾ ਅੰਦਰ ਮੌਜੂਦ ਹੁੰਦੀਆਂ ਹਨ। ਅਜਿਹੇ ਵਾਕ ਤੇ ਰਚਨਾਵਾਂ ਜਿਨ੍ਹਾਂ ਵਿਚ ਘਟਨਾਕ੍ਰਮ ਦੇ ਕਾਰਜ-ਕਾਰਣੀ ਸੰਬੰਧ ਪ੍ਰਤੱਖ ਹੁੰਦੇ ਹਨ, ਬਿਰਤਾਂਤ ਸਿਰਜਦੇ ਹਨ। ਕੋਈ ਵੀ ਸਥਿਰ ਘਟਨਾ ਬਿਰਤਾਂਤ ਨਹੀਂ ਸਿਰਜਦੀ ਬਲਕਿ ਸੂਚਨਾ ਹੀ ਪ੍ਰਦਾਨ ਕਰਦੀ ਹੈ। ਡਾ. ਸੁਖਪਾਲ ਸਿੰਘ ਥਿੰਦ ਅਨੁਸਾਰ:

> ਬਿਰਤਾਂਤਕ-ਪਾਠਾਂ ਦਾ ਵਿਗਿਆਨਕ ਅਧਿਐਨ ਹੀ ਬਿਰਤਾਂਤ-ਸ਼ਾਸਤਰ ਹੈ। ਬਿਰਤਾਂਤ-ਸ਼ਾਸਤਰ ਬਿਰਤਾਂਤਕ ਪਾਠਾਂ ਦਾ ਸਿਧਾਂਤ ਹੈ। ਬਿਰਤਾਂਤ-ਸ਼ਾਸਤਰ ਅਜਿਹੀ ਅਧਿਐਨ ਵਿਧੀ ਹੈ ਜੋ ਬਿਰਤਾਂਤ ਦੇ ਲੱਛਣ, ਉਨ੍ਹਾਂ ਦਾ ਵਰਣਨ ਉਨ੍ਹਾਂ ਪਿੱਛੇ ਕਾਰਜਸ਼ੀਲ ਨਿਯਮ-ਪ੍ਰਬੰਧ ਦੀ ਵਿਆਖਿਆ ਕਰਦੀ ਹੈ।[3]

ਅਜਿਹੀ ਰਚਨਾ ਜਿਸ ਵਿਚ ਕੋਈ ਸਾਰਥਕ ਘਟਨਾ ਹੋਵੇ ਅਤੇ ਜਿਸਦਾ ਵਕਤਾ ਤੇ ਕਾਲ ਨਿਯਤ ਹੋਵੇ ਨੂੰ ਬਿਰਤਾਂਤ ਕਿਹਾ ਜਾਂਦਾ ਹੈ। ਰਚਨਾ ਦੇ ਵਿਗਿਆਨਿਕ ਆਧਾਰਾਂ ਨੂੰ ਸ਼ਾਸਤਰ ਕਿਹਾ ਗਿਆ ਹੈ। ਕਿਸੇ ਵੀ ਪਾਠ ਨੂੰ ਉਸ ਦੇ ਗਿਆਨ ਤੋਂ ਵਿਗਿਆਨ ਤੱਕ ਸਮਝਣ ਦੀ ਪ੍ਰਕ੍ਰਿਆ ਹੀ ਬਿਰਤਾਂਤ ਸ਼ਾਸਤਰ ਹੈ। ਬਿਰਤਾਂਤ ਸ਼ਾਸਤਰ ਦਾ

ਮੁੱਖ ਉਦੇਸ਼ ਬਿਰਤਾਂਤ ਅੰਦਰ ਪੇਸ਼ ਹੋਈਆਂ ਵੱਖ-ਵੱਖ ਜੁਗਤਾਂ ਨੂੰ ਤਲਾਸ਼ਣਾ ਹੈ। ਬਿਰਤਾਂਤ ਸ਼ਾਸਤਰ ਪਾਠਕ ਤੇ ਆਲੋਚਕ ਨੂੰ ਰਚਨਾ ਵਿਚ ਪਏ ਭਾਸ਼ਾ ਪ੍ਰਬੰਧ ਦੇ ਸਿਧਾਂਤਾਂ ਉਦੇਸ਼ਾਂ, ਰੂਪ ਅਤੇ ਪ੍ਰਕਾਰਜ ਨੂੰ ਅਧਿਐਨ ਕਰਨ ਦੀ ਆਤਮ ਦ੍ਰਿਸ਼ਟੀ ਪ੍ਰਦਾਨ ਕਰਦਾਂ ਹੈ। ਵਿਸ਼ਵ ਦੇ ਬਿਰਤਾਂਤ-ਸ਼ਾਸਤਰੀ ਚਿੰਤਕਾਂ ਦੁਆਰਾ ਬਿਰਤਾਂਤ ਵਿਚ ਪੇਸ਼ ਨੇਮਾਂ/ਜੁਗਤਾਂ ਨੂੰ ਬਿਰਤਾਂਤ ਸ਼ਾਸਤਰ ਦਾ ਮਾਡਲ ਮੰਨਿਆ ਗਿਆ ਹੈ। ਇਸ ਮਾਡਲ ਅਨੁਸਾਰ ਕਿਸੇ ਵੀ ਬਿਰਤਾਂਤਕ ਰਚਨਾ ਦੀਆਂ ਬਿਰਤਾਂਤਕ-ਵਿਲੱਖਣਤਾਵਾਂ ਨੂੰ ਉਭਾਰਿਆ ਜਾ ਸਕਦਾ ਹੈ। ਇਸੀ ਆਧਾਰ ਉੱਪਰ ਉਸ ਰਚਨਾ-ਵਿਸ਼ੇਸ਼ ਦੀ ਹੋਂਦ-ਵਿਧੀ ਦੇ ਬੁਨਿਆਦੀ ਪ੍ਰਸ਼ਨਾ ਨੂੰ ਸੁਲਝਾਇਆ ਜਾ ਸਕਦਾ ਹੈ। ਰੋਲਾਂ ਬਾਰਤ ਅਨੁਸਾਰ:

> ਬਿਰਤਾਂਤਕ ਰਚਨਾਵਾਂ ਦਾ ਅਧਿਐਨ ਬਿਰਤਾਂਤ ਦੀ ਭਾਸ਼ਾ ਤੋਂ ਸ਼ੁਰੂ ਹੋ ਕੇ ਬਿਰਤਾਂਤਕ-ਪ੍ਰਬੰਧ ਤੱਕ ਫੈਲਿਆ ਹੋਇਆ ਹੈ।[4]

ਕੌਰਵ ਸਭਾ ਨਾਵਲ ਦੇ ਬਿਰਤਾਂਤ-ਸ਼ਾਸਤਰੀ ਅਧਿਐਨ ਲਈ ਜ਼ਰੂਰੀ ਹੈ ਕਿ ਇਸ ਦੀ ਹੋਂਦ-ਵਿਧੀ ਦੇ ਮੁੱਖ ਪੱਧਰਾਂ ਨੂੰ ਸਮਝਿਆ ਜਾਵੇ। ਕੌਰਵ ਸਭਾ ਨਾਵਲ ਦਾ ਪ੍ਰਵਚਨ ਭਾਸ਼ਕ ਮਾਡਲਾਂ ਉੱਪਰ ਉਸਾਰਿਆ ਬਿਰਤਾਂਤ ਹੈ ਜਿਸਦੀਆਂ ਇਕਾਈਆਂ ਨਿਯਮ ਅਤੇ ਵਿਆਕਰਣ ਆਪਸੀ ਅਰਥ ਸਿਰਜਦੇ ਹੋਏ ਹਰ ਪੱਧਰ ਉੱਪਰ ਆਪਣੇ ਤੋਂ ਉੱਚ ਪੱਧਰ ਨਾਲ ਮਿਲ ਕੇ ਅਰਥ ਗ੍ਰਹਿਣ ਕਰਦੇ ਹਨ। ~~ਇਸ ਪ੍ਰਕਾਰ 'ਕੌਰਵ ਸਭਾ' ਨਾਲ ਮਿਲਕੇ ਅਰਥ ਗ੍ਰਹਿਣ ਕਰਦੇ ਹਨ~~। ਇਸ ਪ੍ਰਕਾਰ 'ਕੌਰਵ ਸਭਾ' ਦੇ ਅਰਥ ਇਸ ਦੇ ਅੰਤ ਵਿਚ ਨਹੀਂ ਬਲਕਿ ਹਰ ਪੱਧਰ ਉੱਪਰ ਨਾਲੋ-ਨਾਲ ਚਲਦੇ ਹਨ। ਕੌਰਵ ਸਭਾ ਦਾ ਪ੍ਰਕਾਰਜ ਸੱਚ ਤੇ ਅਮਲ ਦੀ ਤਲਾਸ਼ ਨਹੀਂ ਕਰਦਾ ਸਗੋਂ ਰਾਜ ਤੇ ਸਮਾਜ ਦੇ ਲੋਕਰਾਜੀ ਪੂੰਜੀਵਾਦੀ ਸਿਧਾਂਤਾਂ ਦੇ ਵਾਸਤਵਿਕ ਸਰੂਪ ਨੂੰ ਵੰਗਾਰਨ ਦੀ ਜੁਗਤ ਵਿਚ ਹੈ। ਕੌਰਵ ਸਭਾ ਨਾਵਲ ਦੇ ਕਥਾਨਕ ਦਾ ਧੁਰਾ ਵੇਦ ਪਰਿਵਾਰ ਨਾਲ ਵਾਪਰੀ ਹਿੰਸਕ ਅਪਰਾਧਿਕ ਘਟਨਾ ਤੋਂ ਸ਼ੁਰੂ ਹੁੰਦਾ ਹੈ। ਜਿਸ ਅੰਦਰ ਵੇਦ ਦੇ ਪੁੱਤਰ ਕਮਲ ਦਾ ਕਤਲ, ਧੀ ਨਿਹਾ ਦਾ ਬਲਾਤਕਾਰ, ਵੇਦ ਅਤੇ ਉਸ ਦੀ ਪਤਨੀ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕੀਤਾ ਜਾਂਦਾ ਹੈ। ਪਰ ਨਾਵਲ ਦੇ ਥੀਮ ਵਿਚ ਇਹ ਘਟਨਾ ਬਹੁਤੀ ਅਹਿਮ ਨਹੀਂ ਜੋ ਅਹਿਮ ਹੈ, ਉਹ ਹੈ ਇਸ ਘਟਨਾ ਦੇ ਵਾਪਰਨ ਤੋਂ ਬਾਅਦ ਹਰਕਤ ਵਿਚ ਆਏ ਇੰਤਜਾਮੀਆਂ ਦਾ ਮਾਨਵ ਵਿਰੋਧੀ ਕਿਰਦਾਰ। ਵਾਰਦਾਤ ਦੀ ਘਟਨਾ ਤੋਂ ਸ਼ੁਰੂ ਹੋਈ ਤਫ਼ਤੀਸ਼ ਅੰਤਿਮ ਨਿਆਂ ਲਈ ਰਾਜ ਤੇ ਸਮਾਜ ਦੀਆਂ ਵੱਖ ਵੱਖ ਸੰਸਥਾਵਾਂ ਤੋਂ ਹੁੰਦੀ ਹੋਈ ਸੰਘਰਸ਼ ਰੂਪੀ ਕਾਰਜਾਂ ਵਾਲਾ ਬਿਰਤਾਂਤਿਕ ਸੰਗਠਨ ਸਿਰਜਦੀ ਹੈ। ਪੈਸੇ ਅਤੇ ਜਾਇਦਾਦ ਦੇ ਲਾਲਚ ਕਾਰਨ ਵਾਪਰੀ ਇਹ ਅਪਰਾਧਿਕ ਘਟਨਾ ਬਿਰਤਾਂਤ ਦਾ ਮੁੱਖ ਕਾਰਜ ਹੈ। ਘਟਨਾ ਵਾਪਰਨ ਤੋਂ ਬਾਅਦ ਮੁਲਜ਼ਮਾਂ ਦੇ ਫੜੇ ਜਾਣ ਤੱਕ ਤੇ ਫਿਰ ਨਿਆਂ ਲਈ ਸੰਘਰਸ਼ ਪੱਖੋਂ ਹੋਂਦ ਵਿਚ ਆਈਆਂ ਸਥਿਤੀਆਂ ਤੋਂ ਹਸਪਤਾਲ, ਪੁਲਿਸ, ਵਕੀਲਾਂ ਜੱਜਾਂ ਅਤੇ ਕਾਨੂੰਨੀ ਸਿਧਾਂਤਾਂ ਦਾ ਅਸਲੀ ਕਾਰਜ ਸਾਹਮਣੇ ਆਉਂਦਾ ਹੈ। ਬਿਰਤਾਂਤਕਾਰ ਨੇ ਘਟਨਾ ਦੇ ਕਾਰਜ ਪਿੱਛੇ ਛੁਪੇ ਸਮੁੱਚੇ ਪ੍ਰਬੰਧਕ ਢਾਂਚੇ ਦੇ ਕਾਰਜ ਨੂੰ ਉਭਾਰਿਆ ਹੈ। ਇਸ ਪ੍ਰਕਾਰ ਨਾਵਲ ਦੇ ਬਿਰਤਾਂਤ ਦਾ ਦ੍ਰਿਸ਼ਟੀ-ਬਿੰਦੂ ਵਿਅਕਤੀ ਦੀ ਥਾਂ ਵਿਵਸਥਾ ਨੂੰ ਕੇਂਦਰਿਤ ਕਰਕੇ ਸਿਰਜਿਆ ਗਿਆ ਹੈ।

ਜਿੱਥੇ ਸਮੁੱਚੇ ਪ੍ਰਬੰਧ ਦਾ ਪੂੰਜੀਵਾਦੀ ਸੋਚ ਦੇ ਧਾਰਨੀ ਹੋ ਕੇ ਹਰ ਚੀਜ਼ ਨੂੰ ਪੂੰਜੀ ਰਾਹੀਂ ਖ਼ਰੀਦਣ ਤੇ ਵੇਚਣ ਨੂੰ ਹੀ ਆਧਾਰ ਮੰਨਿਆ ਜਾਂਦਾ ਹੈ। ਅਸਲ ਵਿਚ ਦ੍ਰਿਸ਼ਟੀ ਬਿੰਦੂ ਦੀ ਜੁਗਤ ਦਾ ਵਕਤਾ ਦੀ ਜ਼ਿੰਦਗੀ ਨਾਲ ਫ਼ਲਸਫ਼ੀਕਰਣ ਵਾਲਾ ਰਿਸ਼ਤਾ ਹੈ। ਜਿਸ ਵਿਚ ਵਕਤਾ ਲਈ ਅੰਤਿਮ ਸੱਚ ਕੁਝ ਵੀ ਨਹੀਂ, ਬਲਕਿ ਉਹ ਜ਼ਿੰਦਗੀ ਦੇ ਸੱਚ ਨੂੰ ਉਹਨਾਂ ਆਧਾਰਾਂ ਉੱਪਰ ਹੀ ਗ੍ਰਹਿਣ ਕਰਦਾ ਹੈ ਜੋ ਕਿ ਸਮੇਂ ਦੀਆਂ ਪ੍ਰਸਥਿਤੀਆਂ ਉਸ ਨੂੰ ਸਿਖਾਂਦੀਆਂ ਹਨ। ਇਸ ਪ੍ਰਕਾਰ ਬਿਰਤਾਂਤਕਾਰ ਨੇ ਕੌਰਵ ਸਭਾ ਵਿਚ ਪ੍ਰਸ਼ਾਸਨ ਅਤੇ ਸਮਾਜ ਦੀਆਂ ਭ੍ਰਿਸ਼ਟ ਸੰਸਥਾਵਾਂ ਦੇ ਸਿਧਾਂਤਿਕ ਤੇ ਅਮਲੀ ਪੱਖਾਂ ਨੂੰ ਉਭਾਰਿਆ ਹੈ। ਇਸ ਦੇ ਵਿਹਾਰਿਕ ਪਹਿਲੂਆਂ ਨੂੰ ਇਹਨਾਂ ਦੇ ਵੱਖ-ਵੱਖ ਅਧਿਕਾਰੀਆਂ ਦੀ ਕਾਨੂੰਨੀ ਤੇ ਸਮਾਜਿਕ ਕਾਰਜ-ਸ਼ੈਲੀ ਦੇ ਪ੍ਰਕਾਰਜ ਨੂੰ ਰੂਪਮਾਨ ਕੀਤਾ ਹੈ। ਕੌਰਵ ਸਭਾ ਦੇ ਬਿਰਤਾਂਤ ਅੰਦਰ ਸਮੁੱਚੇ ਪ੍ਰਬੰਧ ਦੇ ਵੱਖ-ਵੱਖ ਪੱਖਾਂ ਪੁਲਿਸ, ਹਸਪਤਾਲ, ਰਾਜਸੀ, ਨਿਆਂਇਕ ਤੋਂ ਬਿਨਾਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਭ੍ਰਿਸ਼ਟਾਚਾਰੀ ਪ੍ਰਬੰਧ ਨੂੰ ਉਸ ਦੇ ਅਸਲੀ ਕਿਰਦਾਰ ਵਜੋਂ ਚਿਤਰਿਆ ਹੈ ਕਿਵੇਂ ਇਹ ਸੰਸਥਾਵਾਂ ਇਕ ਦੂਸਰੇ ਦੀ ਆੜ ਵਿਚ ਅਮਨ-ਕਾਨੂੰਨ ਦੀ ਸਿਧਾਂਤਿਕ ਸਥਿਤੀ ਨੂੰ ਵਿਗਾੜ ਕੇ ਆਪਣੇ ਹਿੱਤਾਂ ਲਈ ਵਰਤਦੀਆਂ ਹਨ।

> ਭਾਈਚਾਰੇ ਦੇ ਨਾਤੇ ਪੁਲਿਸ ਵਾਲਿਆਂ ਨੇ ਡਾਕਟਰਾਂ ਨੂੰ ਸੁਚੇਤ ਕਰ ਦਿੱਤਾ ਸੀ। ਸਥਿਤੀ ਨਾਜ਼ਕ ਹੁੰਦੀ ਜਾ ਰਹੀ ਸੀ। ਸ਼ਹਿਰ ਵਿਚ ਇਸ ਵਾਰਦਾਤ ਕਾਰਣ ਗੁੱਸਾ ਅਤੇ ਘਬਰਾਹਟ ਫੈਲ ਰਹੀ ਸੀ। ਗ੍ਰਹਿ-ਮੰਤਰੀ ਸ਼ਹਿਰ ਦਾ ਦੌਰਾ ਕਰਨ ਆ ਰਿਹਾ ਸੀ। ਉਹ ਮਜ਼ਦੂਰ ਦਾ ਹਾਲਚਾਲ ਪੁੱਛਣ ਹਸਪਤਾਲ ਵੀ ਆਏਗਾ। ਡਾਕਟਰਾਂ ਨੂੰ ਹਾਲਾਤ ਅਨੁਸਾਰ ਢਲ ਜਾਣਾ ਚਾਹੀਦਾ ਸੀ।[5]

ਇਸ ਪ੍ਰਕਾਰ ਨਾਵਲ ਦੇ ਬਿਰਤਾਂਤ ਵਿਚ ਪੇਸ਼ ਹੋਇਆ ਵਿਤਰਨਾਤਮਕ ਪ੍ਰਕਾਰਜ ਸਮਕਾਲੀਨ ਪੂੰਜੀਵਾਦੀ ਪ੍ਰਬੰਧ ਅੰਦਰ ਵਿਚਰਦੀਆਂ ਸੰਸਥਾਵਾਂ ਅਤੇ ਉਹਨਾਂ ਦੇ ਅਮਾਨਵੀ ਕਿਰਦਾਰ ਨੂੰ ਪੇਸ਼ ਕਰਦਾ ਹੈ। ਘਟਨਾਵਾਂ ਕਥਾ ਦਾ ਜ਼ਰੂਰੀ ਤੱਤ ਹਨ। ਕਥਾ ਵਿਚ ਇਨ੍ਹਾਂ ਦੀ ਵਿਉਂਤ ਕਾਲਕ੍ਰਮਿਕ ਹੁੰਦੀ ਹੈ। ਜਦਕਿ ਬਿਰਤਾਂਤ ਵਿਚ ਮਸਨੂਈ ਵਿਉਂਤ ਹੁੰਦੀ ਹੈ। ਇਸ ਪ੍ਰਕਾਰ ਕੌਰਵ ਸਭਾ ਦਾ ਵਕਤਾ ਕਥਾ

ਅਤੇ ਬਿਰਤਾਂਤ ਨੂੰ ਚਿਹਨਿਤ ਅਤੇ ਚਿਹਨਕ ਵਜੋਂ ਸਿਰਜਦਾ ਹੈ। ਵਕਤਾ ਦੇ ਸੰਕਲਪ ਵਿਚ ਪਿਆ ਮੌਜੂਦਾ ਪਬ੍ਰੱਧਕੀ ਢਾਂਚਾ ਧੁਨੀ ਬਿੰਬ ਵਿਚ ਮਸਨੂਈ ਵਿਉਂਤ ਰਾਹੀਂ ਸਾਕਾਰ ਹੁੰਦਾਂ ਹੈ। ਇਸ ਪ੍ਰਕਾਰ ਬਿਰਤਾਂਤਿਕ ਸੰਗਠਨ ਵਰਤਮਾਨ ਤੋਂ ਭੂਤ ਅਤੇ ਫਿਰ ਵਰਤਮਾਨ ਵੱਲ ਮੁੜਦਾ ਪ੍ਰਤੀਤ ਹੁੰਦਾ ਹੈ। ਜਦੋਂ ਸੈਰ ਕਰਦੇ ਰਾਮ ਨਾਥ ਨੂੰ ਘਟਨਾ ਦੀ ਸੂਚਨਾ ਮਿਲਦੀ ਹੈ ਤਾਂ ਉਹ ਘਟਨਾ ਦੇ ਪਿਛੋਕੜ ਵਿਚ ਪਏ ਕਾਰਨਾਂ ਨੂੰ ਪਾਠਕ ਸਾਹਮਣੇ ਸਾਕਾਰ ਕਰਦਾ ਹੈ:

> ਕੁਝ ਦੇਰ ਤੋਂ ਦੋਹਾਂ ਪਰਿਵਾਰਾਂ ਵਿਚਕਾਰ ਖਿੱਚੋਤਾਣ ਚੱਲ ਰਹੀ ਸੀ। ਜਾਇਦਾਦ ਦਾ ਝਗੜਾ ਪਰਿਵਾਰਿਕ ਸਾਲਸਾ ਦੇ ਹੱਥੋਂ ਨਿਕਲ ਕੇ ਕਚਹਿਰੀ ਤੱਕ ਅੱਪੜ ਗਿਆ ਸੀ। ਆਪਸ ਵਿਚ ਮੂੰਹ ਮੋਟੇ ਸਨ ਅਤੇ ਬੋਲਚਾਲ ਬੰਦ ਸੀ।[6]

ਵਕਤਾ ਨੇ ਕੌਰਵ ਸਭਾ ਦੀ ਕਹਾਣੀ ਨੂੰ ਕਾਲਪਨਿਕ ਦ੍ਰਿਸ਼ਟੀ ਤੋਂ ਵਾਚ ਕੇ ਮਸਨੂਈ ਬਿਰਤਾਂਤ ਰਾਹੀਂ ਸਿਰਜਦੇ ਹੋਏ ਕਾਰਜਾਂ-ਪ੍ਰਕਾਰਜਾਂ ਨੂੰ ਗਤੀਸ਼ੀਲ ਫੈਲਾਉ ਅੰਦਰ ਰੱਖ ਕੇ ਬਿਆਨਿਆ ਹੈ। ਇਸ ਪ੍ਰਕਾਰ ਵਕਤਾ ਨੂੰ ਬਿਰਤਾਂਤ ਬਾਰੇ ਡੂੰਘੀ ਜਾਣਕਾਰੀ ਹੈ। ਉਸ ਨੇ ਘਟਨਾਵਾਂ ਨੂੰ ਸਿਰਜਣ ਤੋਂ ਪਹਿਲਾਂ ਤੱਥਾਂ ਨੂੰ ਸਿਧਾਂਤਕ ਕਸੌਟੀ ਉਪਰ ਪਰਖਿਆ ਹੈ। ਇਸ ਪ੍ਰਕਾਰ ਉਹ ਆਪਣੇ ਦ੍ਰਿਸ਼ਟੀਕੋਣ ਤੋਂ ਸਪਸ਼ਟ ਹੈ। ਕਿਉਂਕਿ ਬਿਰਤਾਂਤਕਾਰ ਦਾ ਮਕਸਦ ਮੌਜੂਦਾ ਪ੍ਰਬੰਧ ਨੂੰ ਕੇਂਦਰਤ ਕਰਕੇ ਆਮ-ਪਾਠਕ ਨੂੰ ਇਸ ਤੋਂ ਸੁਚੇਤ ਕਰਨਾ ਹੈ। ਬਿਰਤਾਂਤ ਨੇ ਕਥਾ ਦੀ ਮਿਆਦ ਨੂੰ ਘਟਨਾਵਾਂ ਵਾਪਰਨ ਦੀ ਮਿਆਦ ਦੇ ਅਨੁਰੂਪ ਪੇਸ਼ ਕੀਤਾ ਹੈ। ਘਟਨਾ ਤੋਂ ਬਾਅਦ ਇਨਸਾਫ਼ ਲੈਣ ਲਈ ਕਚਹਿਰੀਆਂ ਦੇ ਚੱਕਰ ਕੱਟਦੇ ਵੇਦ ਪਰਿਵਾਰ ਨੂੰ ਦੋ ਸਾਲ ਹੋ ਗਏ ਸਨ। ਪਰ ਜਿਸ ਦਿਨ ਅੰਤਿਮ ਫ਼ੈਸਲਾ ਹੋਣਾ ਸੀ ਉਸ ਦਿਨ ਵੀ ਇਨਸਾਫ਼ ਝੂਠ ਦੇ ਪਲੜੇ ਵੱਲ ਜਾ ਝੁਕਦਾ ਹੈ। ਇੱਥੇ ਬਿਰਤਾਂਤਕਾਰ ਨੇ ਇਨਸਾਫ਼ ਦੀ ਦੇਵੀ ਦੇ ਨਿਰਪੱਖ ਨਿਆਂ ਉੱਪਰ ਕਟਾਖ਼ਸ ਕਰਦੇ ਹੋਏ ਟਿੱਪਣੀ ਕੀਤੀ ਹੈ। ਜਿਵੇਂ ਸਭਾ ਦੇ ਬਿਰਤਾਂਤ ਅੰਦਰ ਘਟਨਾ ਦੇ ਅਸਲ ਮੁਲਜ਼ਮਾਂ ਦੇ ਵਰੀ ਹੋਣ ਤੋਂ ਬਾਅਦ ਨੰਦ ਲਾਲ ਇਹ ਕਹਿੰਦਾ ਹੈ:

> ਉਏ ਸਜ਼ਾ ਕਿਥੇ ਹੋਈ ਹੈ? ਇਹ ਤੇ ਬਰੀ ਹੋ ਗਿਆ। ਕੁਲ ਤਿੰਨ ਸਾਲ ਦੀ ਸਜਾ ਹੋਈ ਹੈ। ਦੋ ਸਾਲ ਕੱਟੇ ਗਏ। ਇਕ ਸਾਲ ਦੀ ਸਜ਼ਾ ਸਰਕਾਰ

ਨੇ ਮੁਆਫ਼ ਕਰ ਰੱਖੀ ਹੈ। ਇਹ ਤੇ ਸ਼ਾਮ ਨੂੰ ਘਰ ਆਇਆ ਲਓ।
ਲਿਆਓ ਮੇਰਾ ਇਨਾਮ ਕੱਢੋ।[7]

ਇਸ ਪ੍ਰਕਾਰ ਘਟਨਾ ਦਾ ਸਮਾਂ ਦੋ ਸਾਲ ਦੇ ਕਾਰਜਾਂ ਵਿਚ ਨਿਹਿਤ ਹੈ। ਜਿੱਥੇ ਬਿਰਤਾਂਤ ਦੇ ਪਾਤਰਾਂ ਅਤੇ ਕਾਰਜਾਂ ਦਾ ਗੂੜ੍ਹਾ ਰਿਸ਼ਤਾ ਬਣਦਾ ਹੈ। ਕਾਰਜਾਂ ਦੀ ਕ੍ਰਮਿਕ ਲੜੀ ਪਾਤਰਾਂ ਦੀ ਵਰਗ ਵੰਡ ਨਾਲ ਹੀ ਚੱਲਦੀ ਹੈ।

ਕੌਰਵ ਸਭਾ ਅੰਦਰ ਪੇਸ਼ ਹੋਏ ਪਾਤਰ ਅਤੇ ਕਾਰਜ ਵਰਤਮਾਨ ਵਿਵਸਥਾ ਨੂੰ ਸਥਾਪਿਤ ਕਰਦੇ ਹੋਏ ਇਕ ਦੂਸਰੇ ਦੇ ਸੰਦਰਭ ਵਿਚ ਹੀ ਉੱਭਰਦੇ ਹਨ। ਅਗਰ ਬਿਰਤਾਂਤ ਵਕਤਾ ਨੇ ਪਾਤਰਾਂ ਦੀ ਭਰਮਾਰ ਅਮਾਨਵੀ ਕਿਰਦਾਰ ਵਾਲੇ ਪਾਤਰਾਂ ਵਜੋਂ ਸਥਾਪਿਤ ਕੀਤੀ ਹੈ ਤਾਂ ਇਸ ਪਿੱਛੇ ਲੁਕਿਆ ਪੂੰਜੀਵਾਦੀ ਨਜ਼ਰੀਆ ਹੈ। ਕਿਉਂਕਿ ਅੱਜ ਸਮਾਜ ਅੰਦਰ ਹਰ ਇਨਸਾਨ ਪੂੰਜੀਵਾਦੀ ਸੋਚ ਦਾ ਧਾਰਨੀ ਹੈ। ਉਹ ਹਰ ਕੀਮਤ ਉਪਰ ਪੈਸਾ ਕਮਾਉਣਾ ਚਾਹੁੰਦਾ ਹੈ। ਪਰ ਇਹ ਵੀ ਸੱਚ ਹੈ ਕਿ ਕਿਸੀ ਵੀ ਸਮਾਜ ਅੰਦਰ ਪੂਰੀ ਦੀ ਪੂਰੀ ਜਮਾਤ ਭ੍ਰਿਸ਼ਟ ਨਹੀਂ ਹੁੰਦੀ। ਇਸ ਲਈ ਵਕਤਾ ਨੇ ਜੇ ਨੰਦ ਲਾਲ ਤੇ ਸਿੰਗਲੇ ਵਰਗੇ ਵਕੀਲਾਂ ਨੂੰ ਲੋਕਾਂ ਦਾ ਸ਼ੋਸ਼ਣ ਕਰਦੇ ਚਿਤਰਿਆ ਹੈ ਤਾਂ ਹਰੀਸ਼ ਢਾਏ ਵਰਗੇ ਵਕੀਲਾਂ ਨੂੰ ਮਾਨਵਤਾ ਦਾ ਪੱਖ ਪੂਰਣ ਵਾਲੇ ਵੀ ਦੱਸਿਆ ਹੈ। ਇਸੀ ਤਰ੍ਹਾਂ ਅਗਰ ਭਗਤ ਰਾਮ ਮੰਗਤ ਰਾਮ ਵਰਗੇ ਝੁਕਦੇ ਪਲੜੇ ਦਾ ਸਾਥ ਦਿੰਦੇ ਜੱਜ ਹਨ ਤਾਂ ਸਾਧੂ ਸਿੰਘ ਵਰਗੇ ਦੋਵਾ ਪੱਲੜਿਆਂ ਵਿਚ ਸਮਤੋਲ ਰੱਖਣ ਦਾ ਯਤਨ ਵੀ ਕਰਦੇ ਹਨ। ਇਹਨਾਂ ਪਾਤਰਾਂ ਦੇ ਕਾਰਜ਼ ਇਹਨਾਂ ਦੇ ਪੂੰਜੀਵਾਦੀ ਨਜ਼ਰੀਏ ਨੂੰ ਵਿਵਸਥਾ ਦੇ ਪਸੰਗ ਵਿਚ ਹੀ ਪੇਸ਼ ਕਰਦੇ ਹਨ। ਸਿੰਗਲੇ ਦੀ ਨੰਦ ਲਾਲ ਪ੍ਰਤੀ ਸੋਚ ਉਹਨਾਂ ਦੇ ਕਾਰਜ ਨੂੰ ਬਿਆਨਦੀ ਹੈ।

ਬੜਾ ਖਰਾਂਟ ਹੈ ਬੁੜਾ! ਲੱਖ ਲੈ ਕੇ ਸਬਰ ਨਹੀਂ ਆਇਆ। ਫਾਈਵ
ਸਟਾਰ ਵਕੀਲ ਹੈ। ਅਹਿਲਕਾਰਾਂ ਦੀ ਫ਼ੀਸ ਵੀ ਫਾਈਵ ਸਟਾਰ ਰੇਟ ਦੇ
ਹਿਸਾਬ ਨਾਲ ਲਈ ਹੋਵੇਗੀ।[8]

ਨੰਦ ਲਾਲ ਨੂੰ ਭ੍ਰਿਸ਼ਟਾਚਾਰੀ ਦਾ ਪੁਤਲਾ ਕਿਹਾ ਜਾ ਸਕਦਾ ਹੈ। ਪਰ ਸਿੰਗਲਾ ਇਸ ਕਿੱਤੇ ਵਿਚ ਨਵਾਂ ਹੋਣ ਕਾਰਨ ਉਸਦੇ ਵੱਧ ਫ਼ੀਸ ਲੈਣ ਤੋਂ ਚਿੜਿਆ ਰਹਿੰਦਾ ਹੈ। ਇਸ ਪ੍ਰਕਾਰ ਭ੍ਰਿਸ਼ਟਾਚਾਰੀ

ਦੀ ਲਾਗ ਇਹਨਾਂ ਪਾਤਰਾਂ ਅੰਦਰ ਇਕ ਦੂਸਰੇ ਤੋਂ ਵੱਧ ਕੇ ਹੈ। ਜਿਸ ਕਰਕੇ ਬਿਰਤਾਂਤਕਾਰ ਨੇ ਪਾਤਰਾਂ ਦੀ ਭਰਮਾਰ ਨੂੰ ਬਿਰਤਾਂਤ ਅੰਦਰ ਰੱਖਿਆ ਹੈ। ਵਕਤਾ ਜਿਸ ਹੱਦ ਤੱਕ ਅਤੇ ਜਿਸ ਦ੍ਰਿਸ਼ਟੀ ਤੋਂ ਵਿਵਸਥਾ ਅੰਦਰ ਫੈਲੇ ਭ੍ਰਿਸ਼ਟਾਚਾਰ ਨੂੰ ਪਾਠਕ ਸਾਹਮਣੇ ਲਿਆਉਣਾ ਚਾਹੁੰਦਾ ਹੈ, ਉਸ ਦ੍ਰਿਸ਼ਟੀਕੋਣ ਤੋਂ ਕੌਰਵ ਸਭਾ ਦੇ ਪਾਤਰਾਂ ਦੀ ਭਰਮਾਰ ਜ਼ਰੂਰੀ ਹੈ। ਬਿਰਤਾਂਤਕਾਰ ਜਿਸ ਵਿਚਾਰ ਨੂੰ ਦਸ ਪਾਤਰਾਂ ਦੇ ਮੂੰਹੋਂ ਕੱਢਵਾ ਕੇ ਵਾਸਤਵਿਕ ਯਥਾਰਥਕ ਜ਼ਿੰਦਗੀ ਬਾਰੇ ਦੱਸਣਾ ਚਾਹੁੰਦਾ ਹੈ ਸ਼ਾਇਦ ਇਕ ਜਾਂ ਦੋ ਪਾਤਰਾਂ ਤੋਂ ਉਹ ਵਿਚਾਰ ਆਮ ਪਾਠਕ ਦੀ ਗਿਆਨ-ਦ੍ਰਿਸ਼ਟੀ ਦਾ ਕੇਂਦਰ ਨਾ ਬਣ ਸਕੇ। ਇਸੀ ਕਰਕੇ ਬਿਰਤਾਂਤ ਅੰਦਰ ਪਾਤਰਾਂ ਦੀ ਬਹੁਤਾਤ ਹੈ।

ਵਕਤੇ ਦੁਆਰਾ ਅਜਿਹਾ ਬਿਰਤਾਂਤ ਸਿਰਜਣ ਦਾ ਮੁੱਖ ਉਦੇਸ਼ ਸਮੁੱਚੇ ਢਾਂਚੇ ਪ੍ਰਤੀ ਪਾਠਕ ਅੰਦਰ ਨਫ਼ਰਤ ਪੈਦਾ ਕਰਵਾਉਣੀ ਹੈ। ਬਿਰਤਾਂਤ ਦਾ ਵਿਸ਼ਾ-ਵਸਤੂ ਸੱਜਰੇਪਣ ਅਤੇ ਯਥਾਰਥਕ ਮਿਆਰਾਂ ਵਾਲਾ ਹੈ। ਬਿਰਤਾਂਤ ਅੰਦਰ ਪੇਸ਼ ਹੋਇਆ ਸਿਸਟਮ ਖਲਨਾਇਕੀ ਸੁਭਾਅ ਵਾਲਾ ਹੈ ਕਿਉਂਕਿ ਇਸ ਅੰਦਰ ਪੇਸ਼ ਪਾਤਰਾਂ ਦੀ ਗਿਣਤੀ ਅਮਾਨਵੀ ਕਿਰਦਾਰ ਵਾਲੀ ਹੈ। ਇਹਨਾਂ ਪਾਤਰਾਂ ਦੁਆਰਾ ਕੀਤੇ ਗਏ ਕਾਰਜ ਵੀ ਅਮਾਨਵੀ ਸੁਭਾਅ ਵਾਲੇ ਹਨ। ਕੌਰਵ ਸਭਾ ਦਾ ਬਿਰਤਾਂਤ ਵਰਤਮਾਨ ਵਿਵਸਥਾ ਨੂੰ ਨਕਾਰਦਾ ਹੋਇਆ ਇਸ ਦੇ ਅਨੁਰੂਪ ਨਵੇਂ ਪ੍ਰਬੰਧ ਨੂੰ ਸਿਰਜਣ ਦੀ ਤਲਾਸ਼ ਦਾ ਪ੍ਰਕਾਰਜ ਹੈ। ਇਸ ਪ੍ਰਕਾਰ ਸੰਘਰਸ਼ਮਈ ਪ੍ਰਕਾਰਜ ਵਿਚ ਸਿਰਜਿਆ ਇਹ ਬਿਰਤਾਂਤ ਪੂੰਜੀਵਾਦੀ ਸਿਧਾਂਤਾਂ ਤੋਂ ਮੁਕਤੀ ਲਈ ਵਿਚੋਲੇ ਦਾ ਕੰਮ ਕਰਦਾ ਹੈ। ਇਸ ਕਰਕੇ ਬਿਰਤਾਂਤ ਵਿਚ ਪੇਸ਼ ਹੋਏ ਤੱਤਾਂ ਦੀ ਵਿਰੋਧਤਾ ਵਰਤਮਾਨ ਅਤੇ ਇਤਿਹਾਸ ਦੇ ਮਿਥਿਕ ਸੰਬੰਧਾਂ ਵਿਚੋਂ ਝਲਕਦੀ ਹੈ।

ਨਾਵਲ 'ਕੌਰਵ ਸਭਾ' ਦਾ ਸਿਰਲੇਖ ਵੀ ਇਸੀ ਮਿੱਥ ਉੱਪਰ ਅਧਾਰਿਤ ਹੈ। ਜਿਥੇ ਇਕੋ ਪਰਿਵਾਰ ਦੇ ਭਰਾਵਾਂ ਅੰਦਰ ਜਾਇਦਾਦ ਦੀ ਖ਼ਾਤਿਰ ਚੱਲ ਰਹੇ ਸੰਘਰਸ਼ ਅੰਦਰ ਪਰਿਵਾਰ ਦੀ ਔਰਤ ਦੀ ਇੱਜ਼ਤ ਨਾਲ ਖਿਲਵਾੜ ਕੀਤਾ ਜਾਂਦਾ ਹੈ। ਇਸ ਕਰਕੇ ਕੌਰਵ ਸਭਾ ਦਾ ਸਿਰਲੇਖ ਮੋਟਿਫ਼ ਪਰੰਪਰਾ ਦੇ ਇਸ ਸ਼ਕਤੀ-ਸ੍ਰੋਤ ਨਾਲ ਸੰਬੰਧਿਤ ਹੈ। ਜਿੱਥੇ ਅਜੋਕੇ ਪ੍ਰਬੰਧ ਨੂੰ ਸਿਰਜਦਾ ਹੋਇਆ ਵਕਤਾ ਬਿਰਤਾਂਤ ਨੂੰ ਮਿਥਿਕ ਬਿਰਤਾਂਤ ਬਣਾਉਂਦਾ ਹੈ। ਉਹ ਫੇਬੁਲਾ ਅੰਦਰ ਥਾਂ-ਪਰ-ਥਾਂ ਮਹਾਂਭਾਰਤ ਦੀਆਂ ਮਿਥਾਂ ਨਾਲ ਆਮ ਪਾਠਕ ਨੂੰ ਕੌਰਵ ਸਭਾ ਦੇ ਕਾਰਨਾ ਤੋਂ ਅਵਗਤ ਕਰਵਾਉਂਦਾ ਹੈ।

ਧਰਿਤਰਾਸ਼ਟਰ ਅੰਨਾ ਸੀ। ਇਹ ਉਸਦੀ ਮਜ਼ਬੂਰੀ ਸੀ। ਅੱਖਾਂ ਹੁੰਦੇ ਹੋਏ
ਅੱਖਾਂ ਤੇ ਪੱਟੀ ਬੰਨਣ ਦੀ ਕੰਧਾਰੀ ਦੀ ਕੀ ਮਜ਼ਬੂਰੀ ਸੀ?[9]

ਪਰ ਵਕਤਾ ਨੇ ਜਿੱਥੇ ਕਮਲ ਨੂੰ ਅਭਿਮਨੀਉਂ ਅਤੇ ਨਿਹਾ ਨੂੰ ਦਰੋਪਤੀ ਦੇ ਅਸਿੱਧੇ ਸੰਕੇਤਾਂ ਰਾਹੀਂ ਸਿਰਜਿਆ ਹੈ, ਉਥੇ ਵਕਤਾ ਦੇ ਬਿਰਤਾਂਤ ਵਿਚ ਆਏ ਇਹਨਾਂ ਮਿਥਿਕ ਪਾਤਰਾਂ ਦੀ ਮਿੱਥ ਉਦੋਂ ਟੁੱਟਦੀ ਨਜ਼ਰ ਆਉਂਦੀ ਹੈ ਜਦੋਂ, ਬਿਨਾਂ ਯੁੱਧ ਕੀਤੇ ਕਮਲ ਦਾ ਕਤਲ ਅਤੇ ਬਿਨਾਂ 'ਕੌਰਵ ਸਭਾ' ਪਹੁੰਚੇ ਨਿਹਾ ਦੀ ਬੇਇਜ਼ਤੀ ਕੀਤੀ ਜਾਂਦੀ ਹੈ। ਦੂਜੇ ਪਾਸੇ ਬਿਨਾਂ ਕ੍ਰਿਸ਼ਨ ਦੇ ਮਹਾਂਭਾਰਤ ਪੂਰਾ ਨਹੀਂ ਹੁੰਦਾ। ਇਸ ਸਭ ਦੇ ਬਾਵਜੂਦ ਇਹੀ ਨਤੀਜਾ ਸਾਹਮਣੇ ਆਉਂਦਾ ਹੈ ਕਿ ਅਗਰ ਦੁਆਪਰ ਯੁੱਗ ਦੇ ਇਸ ਮਹਾਂਭਾਰਤ ਦੇ ਮੁਕਾਬਲੇ ਕਲਯੁੱਗ ਦੇ ਮਹਾਂਭਾਰਤ ਨੂੰ ਰੱਖਿਆ ਹੈ,ਤਾਂ ਇਸਦਾ ਮਕਸਦ ਇਹੀ ਹੈ ਕਿ ਉਦੋਂ ਤਾਂ ਪਾਂਡਵਾਂ ਦੀ ਸਹਾਇਤਾ ਲਈ ਕ੍ਰਿਸ਼ਨ ਮੌਜੂਦ ਸੀ। ਪਰੰਤੂ ਅੱਜ ਦੇ ਇਸ ਭ੍ਰਿਸ਼ਟ ਪ੍ਰਬੰਧ ਅੰਦਰ ਕ੍ਰਿਸ਼ਨ ਤੇ ਪਾਂਡਵਾਂ ਦੀ ਹੋਂਦ ਹੀ ਸੰਭਵ ਨਹੀਂ।

ਸ਼ਾਬਦਿਕ-ਪੱਖ ਤੋਂ ਕੌਰਵ ਸਭਾ ਦੇ ਪ੍ਰਵਚਨ ਨੂੰ ਸਰਬੱਗ-ਬਿਰਤਾਂਤ ਵਕਤੇ ਦੀ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ। ਜਿਸ ਅੰਦਰ ਬਿਰਤਾਂਤਕਾਰ ਹਰ ਪੱਖ ਸੰਬੰਧੀ ਸਰਬਪੱਖੀ ਜਾਣਕਾਰੀ ਰੱਖਦਾ ਹੈ। ਉਹ ਬਿਰਤਾਂਤ ਨੂੰ ਬਿਆਨਦਾ ਹੋਇਆ ਭਾਸ਼ਣੀ ਸ਼ੈਲੀ ਵਿਚ ਸਿੱਧੀ ਵਿਆਖਿਆ ਦੇ ਨਾਲ-ਨਾਲ ਜ਼ਰੂਰਤ ਅਨੁਸਾਰ ਪਾਤਰਾਂ ਦੀ ਮਾਨਸਿਕਤਾ ਦੀ ਜਾਣਕਾਰੀ ਦਿੰਦਾ ਹੋਇਆ ਉਹਨਾਂ ਦੁਆਰਾ ਬਾਹਰੀ ਕਿਰਿਆ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਵੀ ਕਰਨ ਲੱਗ ਜਾਂਦਾ ਹੈ। ਵਕਤਾ ਨੇ ਰਾਮ ਨਾਥ ਦੀ ਪਤਨੀ ਸੰਗੀਤਾ ਨੂੰ ਇਕ ਔਰਤ ਦੀ ਮਾਨਸਿਕਤਾ ਸੰਬੰਧੀ ਸਪਸ਼ਟ ਕਰਦੇ ਹੋਏ ਦੱਸਿਆ ਹੈ ਕਿ:

ਇਕ ਗੱਲ ਹੋਰ ਸੁਣੋ। ਕਿਧਰੇ ਪਰਚੇ ਵਿਚ ਨਿਹਾ ਨਾਲ ਹੋਏ
ਬਲਾਤਕਾਰ ਦਾ ਜ਼ਿਕਰ ਨਾ ਕਰ ਦੇਣਾ। ਜੇ ਬਲਾਤਕਾਰ ਦੀ ਕਹਾਣੀ
ਪਾ ਦਿੱਤੀ ਕੁੜੀ ਦਾ ਭਵਿੱਖ ਤਬਾਹ ਹੋ ਜਾਏਗਾ।[10]

ਇਸ ਪ੍ਰਕਾਰ ਬਿਰਤਾਂਤਕਾਰ ਉੱਤਮ ਪੁਰਖੀ ਦ੍ਰਿਸ਼ਟੀਕੋਣ ਤੋਂ ਕਹਾਣੀ ਸੁਣਾਉਂਦਾ ਹੋਇਆ ਪਾਤਰ ਦੇ ਅੰਦਰ ਅਤੇ ਬਾਹਰ ਮੌਜੂਦ ਹੁੰਦਾ ਹੈ। ਕਿਸੇ ਵੀ ਬਿਰਤਾਂਤ ਦੀ ਸਿਰਜਣਾ ਉਸ ਸਮੇਂ ਦੇ ਸਮਾਜ ਉਤੇ ਨਿਰਭਰ ਕਰਦੀ ਹੈ। 'ਕੌਰਵ ਸਭਾ' ਦਾ ਬਿਰਤਾਂਤ ਸਮਕਾਲੀਨ ਪੂੰਜੀਵਾਦੀ ਵਿਵਸਥਾ ਉਪਰ

ਆਧਾਰਿਤ ਹੈ। ਇਸ ਪ੍ਰਕਾਰ ਵਕਤੇ ਨੇ ਅੰਤਰ-ਬਿਆਨੀ ਬਾਹਰ ਮੌਜੂਦ ਦ੍ਰਿਸ਼ਟੀਕੋਣ ਰਾਹੀਂ ਸਥਾਨੀ ਸਾਮਿਅਕ ਸਥਿਤੀ ਨੂੰ ਬਿਆਨਿਆ ਹੈ। ਕੌਰਵ ਸਭਾ ਦਾ ਬਿਰਤਾਂਤ ਪਰਾ-ਬਿਆਨੀ ਬਿਰਤਾਂਤ ਹੈ। ਜਿਸ ਅੰਦਰ ਵਕਤਾ ਨੇ ਅਗਰ ਵੇਦ ਪਰਿਵਾਰ ਦੀ ਕਹਾਣੀ ਦਾ ਬਿਰਤਾਂਤ ਸਿਰਜਿਆ ਹੈ ਤਾਂ ਇਸ ਅੰਦਰ ਸਰੂਤੀ ਅਤੇ ਸ਼ਿੰਦੋ ਨਾਲ ਵਾਪਰੀਆਂ ਘਟਨਾਵਾਂ ਨੂੰ ਦੋ ਅਲੱਗ ਅਲੱਗਂ ਸਬ-ਬਿਰਤਾਂਤਾਂ ਦੇ ਰੂਪ ਵਜੋਂ ਉਭਾਰਿਆ ਹੈ। ਬਿਰਤਾਂਤ ਵਕਤੇ ਤੋਂ ਬਿਨਾਂ ਪਾਤਰਾਂ ਦੇ ਆਪਸੀ ਸੰਵਾਦ ਰਾਹੀਂ ਵੀ ਬਿਰਤਾਂਤ ਨੂੰ ਸਿਰਜਿਆ ਗਿਆ ਹੈ।

> ਹੁਣ ਘਰੇਲੂ ਨੌਕਰ ਪਹਿਲਾਂ ਵਰਗੇ ਨਹੀਂ ਰਹੇ। ਪਿਛਲੇ ਇਕ ਸਾਲ ਵਿਚ ਮਾਇਆ ਨਗਰ ਵਿਚ ਲਗਾਤਾਰ ਕਈ ਘਟਨਾਵਾਂ ਘਟੀਆਂ ਸਨ ਜਿਨ੍ਹਾਂ ਵਿਚ ਘਰੇਲੂ ਨੌਕਰਾਂ ਦਾ ਹੱਕ ਸੀ। ਥਾਣੇਦਾਰ ਨੇ ਆਪਣੀ ਗੱਲ ਸਮਝਾਉਣ ਲਈ ਇਕ ਤਾਜ਼ੀ ਉਦਾਹਰਣ ਦਿੱਤੀ।[11]

ਇਸ ਪ੍ਰਕਾਰ ਉੱਪਰ ਦਿੱਤੀ ਟਿੱਪਣੀ ਵਿਚ ਅਗਰ ਬਿਰਤਾਂਤ ਅੰਦਰ ਬਿਰਤਾਂਤ ਮੋਜੂਦ ਹੈ ਤਾਂ ਬਿਰਤਾਂਤ ਸਰੋਤੇ ਵੀ ਮੌਜੂਦ ਹਨ। ਵਕਤਾ ਦਾ ਬਿਰਤਾਂਤ ਨਾਲ ਪਰਾਬਿਆਨੀ ਰਿਸ਼ਤਾ ਹੀ ਨਹੀਂ ਸਗੋਂ ਉਸ ਦਾ ਕਥਾ ਨਾਲ ਭਿੰਨ-ਬਿਆਨੀ ਸੰਬੰਧ ਵੀ ਹੈ।

ਕੌਰਵ ਸਭਾ ਦਾ ਆਰੰਭ ਪਿੱਛਲ-ਝਾਤ ਬਿਰਤਾਂਤਕ ਜੁਗਤ ਰਾਹੀਂ ਹੁੰਦਾ ਹੈ। ਜਿੱਥੇ ਵਕਤੇ ਰਾਹੀਂ ਸੈਰ ਕਰਦੇ ਰਾਮ ਨਾਥ ਨੂੰ ਘਟਨਾ ਦੀ ਖ਼ਬਰ ਪਹੁੰਚਾਈ ਜਾਂਦੀ ਹੈ।

> ਪਾਠਕ ਦਾ ਦੂਸਰਾ ਚੱਕਰ ਸ਼ੁਰੂ ਕਰਦਿਆਂ ਹੀ ਰਾਮ ਨਾਥ ਨੂੰ ਘਰੋਂ ਸੁਨੇਹਾ ਆ ਗਿਆ। ਮਾਇਆ ਨਗਰ ਤੋਂ ਫੋਨ ਆਇਆ ਸੀ। ਨੀਲਮ ਭੈਣ ਦੇ ਘਰ ਡਾਕਾ ਪਿਆ ਸੀ। ਸਾਰਾ ਟੱਬਰ ਜ਼ਖ਼ਮੀ ਸੀ। ਸੈਰ ਵਿਚ ਛੱਡੋ, ਘਰੇ ਆਓ। ਤੁਰੰਤ ਮਾਇਆ ਨਗਰ ਜਾਣਾ ਹੈ।[12]

ਬਿਰਤਾਂਤ ਅੰਦਰ ਵਾਪਰੀ ਘਟਨਾ ਦੀ ਸੂਚਨਾ ਹੀ ਦਿੱਤੀ ਜਾਂਦੀ ਹੈ। ਬਿਰਤਾਂਤ ਦੀ ਵਿਉਂਤ ਵਿਚ ਆਪਣੀਆਂ ਘਟਨਾਵਾਂ ਆਪਣੀ ਪ੍ਰਵਚਨ ਵਿਧੀ ਰਾਹੀਂ ਬਿਰਤਾਂਤ ਨੂੰ ਸਿਰਜਦੀਆਂ ਹਨ। ਬਿਰਤਾਂਤ ਨੂੰ ਪ੍ਰਵਚਨੀ ਵਿਧੀ ਰਾਹੀਂ ਸਿਰਜਦਾ ਹੋਇਆ ਵਕਤਾ ਦ੍ਰਿਸ਼-ਚਿਤ੍ਰਣ ਵੀ ਕਰਦਾ ਹੈ। ਉੱਪਰ

ਦਿੱਤੀ ਟਿੱਪਣੀ ਤੋਂ ਇਸ ਗੱਲ ਦੀ ਪੁਸ਼ਟੀ ਭਲੀ-ਭਾਂਤ ਹੁੰਦੀ ਹੈ। ਕੌਰਵ ਸਭਾ ਦੇ ਦੁਹਰਾਉਮੂਲਕ ਬਿਰਤਾਂਤ ਅੰਦਰ ਇਕ ਘਟਨਾ ਤੋਂ ਵਿਭਿੰਨ ਪ੍ਰਵਚਨਾ ਦੀ ਸਿਰਜਣਾ ਹੁੰਦੀ ਹੈ। ਬਿਰਤਾਂਤ ਅੰਦਰ ਵਾਪਰੀ ਅਪਰਾਧਿਕ ਘਟਨਾ ਜਦੋਂ ਅੰਤਿਮ ਨਿਆਂ ਦੀ ਤਲਾਸ਼ ਲਈ ਜੂਝਦੀ ਹੈ ਤਾਂ ਇਸ ਦੇ ਸੰਦਰਭ ਵਿਚ ਆਇਆ ਸਮੁੱਚਾ ਪ੍ਰਬੰਧ ਵਿਭਿੰਨ ਪ੍ਰਵਚਨਾਂ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ। ਕੌਰਵ ਸਭਾ ਦੇ ਬਿਰਤਾਂਤ ਦੀ ਪਿੱਠ-ਭੂਮੀ ਵਿਚ ਪੂੰਜੀਵਾਦ ਦ੍ਰਿਸ਼ਟੀਕੋਣ ਮੌਜੂਦ ਹੈ। ਇਸ ਪ੍ਰਕਾਰ ਪਾਠਕ ਦੁਆਰਾ ਕੌਰਵ ਸਭਾ ਨੂੰ ਵਾਚਣ ਦੀ ਦ੍ਰਿਸ਼ਟੀ ਸੂਖ਼ਮ ਭਾਵੀ ਹੈ, ਕਿਉਂਕਿ ਉਹ ਸਾਹਿਤ ਪਾਠ ਨੂੰ ਉਹਨਾਂ ਹਾਲਤਾਂ ਦੇ ਸੰਦਰਭ ਵਿਚ ਹੀ ਗ੍ਰਹਿਣ ਕਰਦਾ ਹੈ ਜਿਸ ਵਿਚ ਉਹ ਪੇਸ਼ ਹੋਇਆ ਹੁੰਦਾ ਹੈ। ਕੌਰਵ ਸਭਾ ਦੇ ਬਿਰਤਾਂਤ ਦਾ ਫ਼ਾਸਲਾ ਵਕਤੇ ਅਤੇ ਪਾਤਰ ਅੰਦਰ ਨੇੜਤਾ ਪੈਦਾ ਕਰਦਾ ਹੈ ਕਿਉਂਕਿ ਵਕਤ ਦੇ ਸਰਬੌਗ ਵਕਤਾ ਹੋਣ ਦੇ ਬਾਵਜੂਦ ਉਹ ਪਾਤਰਾਂ ਦੀ ਆਪਣੀ ਹੋਂਦ ਨੂੰ ਵੀ ਬਰਕਰਾਰ ਰੱਖਦਾ ਹੈ, ਉਹ ਪਾਤਰਾਂ ਅਤੇ ਘਟਨਾਵਾਂ ਦੇ ਨਾਲ-ਨਾਲ ਚੱਲਦਾ ਹੋਇਆ ਬਦਲਣਸ਼ੀਲ ਪ੍ਰਕਿਰਿਆ ਰਾਹੀਂ ਬਿਰਤਾਂਤ ਨੂੰ ਸਿਰਜਦਾ ਹੈ। ਕੌਰਵ ਸਭਾ ਦੇ ਬਿਰਤਾਂਤ ਅੰਦਰ ਜਦੋਂ ਪੰਕਜ ਹੁਰੀਂ ਸੱਚ ਨੂੰ ਝੂਠ ਸਾਬਿਤ ਕਰਨ ਲਈ ਸਾਧੂ ਸਿੰਘ ਦੀ ਬਦਲੀ ਕਰਵਾ ਦਿੰਦੇ ਹਨ ਤਾਂ ਨੰਦ ਲਾਲ ਨੂੰ ਉਸ ਦੇ ਆਖ਼ਰੀ ਦਿਨ ਕਹੇ ਬੋਲ ਇਹ ਅਹਿਸਾਸ ਕਰਵਾਉਂਦੇ ਹਨ ਕਿ ਉਹ ਵਕਾਲਤ ਨਹੀਂ ਕਰ ਰਿਹਾ ਸਗੋਂ ਅਪਰਾਧ ਕਰ ਰਿਹਾ ਹੈ:

> "ਕੀ ਇਸੇ ਦਾ ਨਾਂ ਵਕਾਲਤ ਹੈ?"
> ਨੰਦ ਲਾਲ ਨੂੰ ਲੱਗਦਾ ਸੀ ਕਿਵੇਂ ਸਾਧੂ ਸਿੰਘ ਵਾਰ ਵਾਰ ਉਸ ਤੋਂ ਇਹ
> ਪ੍ਰਸ਼ਨ ਪੁੱਛ ਰਿਹਾ ਸੀ।[13]

ਇਥੇ ਵਕਤਾ ਦਾ ਪਾਤਰ ਨਾਲ ਨੇੜਲਾ ਸੰਬੰਧ ਪੈਦਾ ਹੁੰਦਾ ਹੈ ਕਿਉਂਕਿ ਵਕਤਾ ਨੇ ਪਾਤਰ ਦੇ ਗੁਣਾਂ ਨੂੰ ਉਭਾਰਿਆ ਹੈ। ਉਸਦਾ ਮੋਟਿਫ਼ ਆਮ ਪਾਠਕ ਅੰਦਰ ਉਸਦੇ ਭੈੜੇ ਮਨਸੂਬਿਆਂ ਨੂੰ ਤਿਆਗਣ ਅਤੇ ਮਾਨਵੀ ਸਰੋਕਾਰਾਂ ਨੂੰ ਆਪਣਾਉਣ ਦੀ ਆਤਮਾ-ਦ੍ਰਿਸ਼ਟੀ ਵਿਚ ਰੱਖਿਆ ਹੈ। ਵਕਤਾ ਨੇ ਪਾਤਰਾਂ ਨੂੰ ਸੂਖ਼ਮ-ਦ੍ਰਿਸ਼ਟੀ ਰਾਹੀਂ ਬਿਬੇਕ ਪੂਰਣ ਢੰਗ ਨਾਲ ਸਿਰਜਿਆ ਹੈ। ਉਹ ਬਦਲਣਸ਼ੀਲ ਤੱਤਾਂ ਨੂੰ ਬਿਰਤਾਂਤ ਦੇ ਕਾਰਜਾਂ-ਪ੍ਰਕਾਰਜਾਂ ਵਿਚ ਵਿਕਾਸਸ਼ੀਲ ਦ੍ਰਿਸ਼ਟੀ ਤੋਂ ਚਿਤਰਦਾ ਹੈ। ਉਸਨੇ ਕੀ ਹੋਇਆ ਦੇ

ਨਾਲ-ਨਾਲ ਕੌਣ ਕਰ ਰਿਹਾ ਅਤੇ ਕਿਵੇਂ ਕਰ ਰਿਹਾ ਬਾਰੇ ਵੀ ਜਾਣਕਾਰੀ ਦਿੱਤੀ ਹੈ। ਇਸ ਪ੍ਰਕਾਰ ਬਿਰਤਾਂਤ ਅੰਦਰ ਘਟਨਾ, ਪਾਤਰ ਅਤੇ ਕਾਰਣਤਾ ਦਾ ਗੂੜਾ ਸੰਬੰਧ ਸਥਾਪਿਤ ਕੀਤਾ ਹੈ।

ਕੌਰਵ ਸਭਾ ਦੇ ਬਿਰਤਾਂਤ ਵਿਚ ਪੇਸ਼ ਹੋਏ ਕਥਨ ਗਤੀਸ਼ਲ ਹਨ। ਜਿਸ ਕਰਕੇ ਵਾਪਰੀ ਘਟਨਾ ਨੂੰ ਸਾਰਥਕ ਬਿਰਤਾਂਤਕ ਕਥਨਾਂ ਦੁਆਰਾ *ਲੰਮੀ* ਕਥਾ ਦੇ ਰੂਪ ਵਿਚ ਸਿਰਜਿਆ ਗਿਆ ਹੈ। ਬਿਰਤਾਂਤ ਵਿਚ ਪੇਸ਼ ਹੋਏ ਕਥਨਾਂ ਅਤੇ ਘਟਨਾਵਾਂ ਦੀ ਰਫ਼ਤਾਰ ਬਿਰਤਾਂਤ ਨੂੰ ਫੈਲਾਉਂਦੀ ਹੋਈ ਯਥਾਰਥਕ ਭਾਵ ਸਿਰਜਦੀ ਹੈ। ਪੰਕਜ ਹੁਰਾਂ ਦੀ ਗ੍ਰਿਫ਼ਤਾਰੀ ਅਗਰ ਵਕਤਾ ਚਾਹੁੰਦਾ ਤਾਂ ਪਹਿਲਾਂ ਵੀ ਕਰਵਾ ਸਕਦਾ ਸੀ। ਪਰੰਤੂ ਕਥਨਾਂ ਅਤੇ ਘਟਨਾਵਾਂ ਦੀ ਰਫ਼ਤਾਰ ਕਰਕੇ ਬਿਰਤਾਂਤ ਅੰਦਰ ਆਈ ਗਤੀਸ਼ੀਲਤਾ ਉਸ ਨੂੰ ਅਜਿਹਾ ਕਰਨ ਤੋਂ ਰੋਕਦੀ ਹੈ। ਇਸ ਕਰਕੇ ਉਹਨਾਂ ਦਾ ਬਚ ਨਿਕਲਣਾ ਅਤੇ ਫਿਰ ਬਘੇਲ ਸਿੰਘ ਦੇ ਹੁਕਮਾਂ ਅਨੁਸਾਰ ਝੱਟ-ਪੱਟ ਹੀ ਫੜੇ ਜਾਣਾ, ਅਜਿਹੇ ਪ੍ਰਭਾਵ ਨੂੰ ਸਿਰਜਦੇ ਕਥਨ ਤੇ ਘਟਨਾਵਾਂ ਹਨ। ਜਿਸ ਪਿੱਛੇ ਕੰਮ ਕਰਦਾ ਪੂੰਜੀ-ਆਧਾਰਿਤ ਨਜ਼ਰੀਆ ਹੀ ਹੈ ਜੋ ਪੰਕਜ ਹੋਰਾਂ ਦੇ ਬਚਣ ਤੋਂ ਫੜ ਤੱਕ ਦੀ ਪ੍ਰਕ੍ਰਿਆ ਨੂੰ ਵਿਸਤਾਰਦਾ ਹੈ। ਬਿਰਤਾਂਤ ਦੀਆਂ ਘਟਨਾਵਾਂ ਥੀਮ ਅਨੁਸਾਰ ਹੀ ਵਾਪਰਦੀਆਂ ਹਨ। ਕੌਰਵ ਸਭਾ ਦੇ ਥੀਮ ਦਾ ਆਧਾਰ ਪੂੰਜੀਵਾਦੀ ਵਿਸਵਥਾ ਦੇ ਕਰੂਰ ਯਥਾਰਥ ਨੂੰ ਰੂਪਮਾਨ ਕਰਨਾ ਹੈ, ਜਿਸ ਨੂੰ ਵਕਤਾ ਨੇ ਬਿਰਤਾਂਤ ਦੇ ਹਰ ਕਥਨ ਵਿਚੋਂ ਉਘਾੜਨ ਦੀ ਪਰਪੱਕ ਦ੍ਰਿਸ਼ਟੀ ਰਾਹੀਂ ਸਿਰਜਿਆ ਹੈ।

> ਤੂੰ ਦਸ ਹਜ਼ਾਰ ਮੰਗੀ, ਮੈਂ ਪੰਜ ਆਖੂੰ।
> ਜਿਥੇ ਟਿਕੇ ਟਿਕਾ ਲਵਾਂਗੇ। ਲੱਡੂ ਭੁਰਿਆ ਹੈ। ਸਾਰੇ ਮੂੰਹ ਮਿੱਠਾ ਕਰ
> ਲਈਏ। ਸੋਨੇ ਦੀ ਮੁਰਗੀ ਹੈ। ਇਕ ਇਕ ਕਰਕੇ ਆਂਡੇ ਖਾਵਾਂਗੇ।
> ਅਗਲੀ ਪੇਸ਼ੀ ਹੋਰ ਝਾੜ ਲਵਾਂਗੇ।[14]

ਬਿਰਤਾਂਤਕਾਰ ਨੇ ਕੌਰਵ ਸਭਾ ਦੀ ਪਿੱਠ ਭੂਮੀ ਵਿਚ ਮਹਾਂਨਗਰ ਲੁਧਿਆਣੇ ਨੂੰ ਸਨਅੱਤੀਕਰਣ ਦੇ ਰੂਪ ਵਿਚ ਰੱਖਿਆ ਹੈ। ਇਸ ਪ੍ਰਕਾਰ ਵਕਤਾ ਅਤੇ ਬਿਰਤਾਂਤ ਦਾ ਸਥਾਨ ਇਕੋ ਹੈ; ਬਿਰਤਾਂਤ ਅੰਦਰ ਇਹ ਮਾਇਆ ਨਗਰੀ ਦੇ ਸੰਕੇਤਿਕ ਅਰਥਾਂ ਵਜੋਂ ਸਾਹਮਣੇ ਆਉਂਦਾ ਹੈ। ਜਿੱਥੇ ਵੱਖ-ਵੱਖ ਕਥਨਾ ਤੋਂ ਇਸ ਦੇ ਮੌਜੂਦਾ ਸ਼ਹਿਰ ਲੁਧਿਆਣਾ ਹੋਣ ਬਾਰੇ ਸੰਕੇਤ ਮਿਲਦੇ ਹਨ। ਜਿਸ ਨੂੰ

ਘਟਨਾ ਦੇ ਘਟਨ ਦਾ ਕੇਂਦਰ ਮੰਨ ਦਾ ਕਾਰਨ ਇਸ ਦੇ ਵਾਸਤਵਿਕ ਯਥਾਰਥਕ ਹੋਣ ਦਾ ਭਰੋਸਾ ਹੈ। ਵਕਤਾ ਦੁਆਰਾ ਕਿਹਾ ਇਹ ਕਥਨ ਇਸ ਦੇ ਸੰਕੇਤਿਕ ਅਰਥਾਂ ਨੂੰ ਸਪਸ਼ਟ ਕਰਦਾ ਹੈ।

> ਮਾਇਆ ਨਗਰ ਦੀ ਹੌਜ਼ਰੀ ਦਾ ਸਮਾਨ ਦੁਨੀਆਂ ਭਰ ਵਿਚ ਦਰਾਮਦ ਹੁੰਦਾ ਹੈ।[15]

ਇਸ ਤੋਂ ਬਿਨਾਂ ਦਿੱਲੀ, ਚੰਡੀਗੜ੍ਹ ਅਤੇ ਛੋਟੇ ਸ਼ਹਿਰ ਵਜੋਂ ਵੀ ਕਥਨਾ ਅਤੇ ਕਾਰਜਾਂ ਨੂੰ ਬਿਰਤਾਂਤ ਵਿਚ ਲਿਆਂਦਾ ਗਿਆ ਹੈ।

ਅਧਿਕਤਮ ਪੜ੍ਹਤ ਦੀ ਜੁਗਤ ਵਿਚ ਸਿਰਜਿਆ ਇਹ ਬਿਰਤਾਂਤ ਪਾਠਕ ਦੇ ਮਨ ਵਿਚ ਕਈ ਪ੍ਰਕਾਰ ਦੇ ਪ੍ਰਸ਼ਨ ਵੀ ਪੈਦਾ ਕਰਦਾ ਹੈ। ਜਿਵੇਂ ਸਾਧੂ ਸਿੰਘ ਦਾ ਜੱਜ ਦੀ ਕੁਰਸੀ ਉੱਪਰ ਹੋਣ ਦੇ ਬਾਵਜੂਦ ਉਹ ਵੇਦ ਪਰਿਵਾਰ ਨੂੰ ਨਿਆਂ ਕਿਉਂ ਨਹੀਂ ਦੇ ਸਕਿਆ? ਵੇਦ ਪਰਿਵਾਰ ਨੇ ਹੱਕ ਖ਼ਾਤਿਰ ਪੈਸੇ ਨੂੰ ਕਿਉਂ ਨਹੀਂ ਵਰਤਿਆ। ਪੈਸਾ ਹੋਣ ਦੇ ਬਾਵਜੂਦ ਉਹਨਾਂ ਨੇ ਵੇਦ ਅਤੇ ਨੀਲਮ ਨੂੰ ਚੰਗੇ ਹਸਪਤਾਲ ਵਿਚ ਕਿਉਂ ਨਹੀਂ ਦਾਖ਼ਲ ਕਰਵਾਇਆ ਇਸ ਪ੍ਰਕਾਰ ਦੇ ਅਣਗਿਣਤ ਪ੍ਰਸ਼ਨ ਬਿਰਤਾਂਤ ਨੂੰ ਪੜ੍ਹਦੇ ਸਮੇਂ ਪਾਠਕ ਦੇ ਮਨ ਵਿਚ ਉੱਠਦੇ ਹਨ। ਪਰ ਦੂਜੇ ਪਾਸੇ ਨਾਲ ਹੀ ਇਹਨਾਂ ਪ੍ਰਸ਼ਨਾ ਦੇ ਕਾਰਨਾ ਦੇ ਉਤਰ ਵੀ ਨਾਵਲ ਅੰਦਰ ਮੌਜੂਦ ਹਨ।

> ਸਾਧੂ ਸਿੰਘ ਇਕੱਲੇ ਪਰਚੇ ਦੇ ਅਧਾਰ ਤੇ ਫੈਸਲਾ ਨਹੀਂ ਸੀ ਕਰ ਸਕਦਾ। ਪੂਰੀ ਸਚਾਈ ਜਾਨਣ ਲਈ ਉਸਨੂੰ ਪੂਰੀ ਮਿਸਲ ਚਾਹੀਦੀ ਸੀ।[16]

ਇਸ ਪ੍ਰਕਾਰ ਬਿਰਤਾਂਤ ਅੰਦਰ ਦਿੱਤੀ ਭ੍ਰਿਸ਼ਟਾਚਾਰੀ ਸੰਬੰਧੀ ਜਾਣਕਾਰੀ ਪਾਠਕ ਨੂੰ ਹੈਰਾਨ ਹੀ ਨਹੀਂ ਕਰਦੀ ਸਗੋਂ ਉਸ ਦੇ ਮੰਨ ਅੰਦਰ ਕਈ ਪ੍ਰਕਾਰ ਦੇ ਪ੍ਰਸ਼ਨ ਪੈਦਾ ਕਰਦੀ ਹੋਈ ਉਸ ਨੂੰ ਚਿੰਤਿਤ ਵੀ ਕਰਦੀ ਹੈ।

ਥੀਮ ਨੂੰ ਪ੍ਰਗਟਾਉਂਦਾ ਇਹ ਬਿਰਤਾਂਤ ਪ੍ਰਤੀਕਾਂ ਨੂੰ ਵੀ ਸਿਰਜਦਾ ਹੈ। ਪਾਤਰਾਂ ਦੇ ਨਾਵਾਂ ਤੋਂ ਪਾਠਕ ਦੇ ਚਿਹਨ ਵਿਚ ਬਣਿਆ ਸੰਕਲਪ ਇਹਨਾਂ ਦੇ ਅਰਥ ਸਿਰਜਦਾ ਹੈ। ਜਿਵੇਂ ਜੱਜ ਸਾਧੂ ਸਿੰਘ ਨਾਂ ਦਾ ਹੀ ਸਾਧੂ ਨਹੀਂ ਬਲਕਿ ਸੁਭਾਅ ਤੇ ਇਮਾਨ ਤੋਂ ਵੀ ਸਾਧੂ ਹੈ। ਵਿਧਾਇਕ ਬਘੇਲ ਸਿੰਘ ਕਿਸੇ

ਆਦਮਖ਼ੋਰ ਸ਼ੇਰ ਦੀ ਵਿਆਖਿਆ ਕਰਦਾ ਹੈ। ਇਸ ਪ੍ਰਕਾਰ ਇਹਨਾਂ ਪਾਤਰਾਂ ਦੇ ਨਾਂ ਹੀ ਨਹੀਂ ਬਲਕਿ ਕਾਰਜ ਵੀ ਅਜਿਹੇ ਹੀ ਸੰਕਲਪ ਨੂੰ ਸਿਰਜਦੇ ਹਨ।

ਕਥਾ ਵਿਚ ਪੇਸ਼ ਹੋਏ ਤੱਤ ਅਤੇ ਪੇਸ਼ਕਾਰੀ ਦੀ ਦ੍ਰਿਸ਼ਟੀ ਦਾ ਆਪਸੀ ਸੰਬੰਧ ਫ਼ੋਕਸੀਕਰਣ ਵਾਲਾ ਹੈ। ਬਿਰਤਾਂਤ ਅੰਦਰ ਪੂੰਜੀਵਾਦੀ ਤੱਤਾਂ ਨੂੰ ਉਭਾਰਿਆ ਹੈ। ਜਿਸ ਦੀ ਦ੍ਰਿਸ਼ਟੀ ਵਿਚ ਮੁਨਾਫ਼ਾਖੋਰੀ, ਭ੍ਰਿਸ਼ਟਾਚਾਰੀ, ਹਿੰਸਾਤਮਿਕ ਕਾਰਜ ਅਤੇ ਦੂਜੇ ਨੂੰ ਪਿਛਾੜ ਕੇ ਖੁਦ ਅੱਗੇ ਵੱਧਣ ਦੀ ਦ੍ਰਿਸ਼ਟੀ ਵਿਚ ਪਏ ਹਨ। ਇਸ ਪ੍ਰਕਾਰ ਵਕਤਾ ਨੇ ਇਹਨਾਂ ਤੱਤਾਂ ਅਤੇ ਦ੍ਰਿਸ਼ਟੀ ਬਿੰਦੂ ਨੂੰ ਫੋਕੀਕ੍ਰਿਤ ਕੀਤਾ ਹੈ। ਵਕਤਾ ਨੇ ਇਹਨਾਂ ਤੱਤਾਂ ਨੂੰ ਵਕੀਲ ਵਜੋਂ ਫੋਕਸੀਕਰਣ ਕਰਕੇ ਵਕਤੇ ਦੀ ਤਰ੍ਹਾਂ ਬਿਰਤਾਂਤਿਕ ਕੀਤਾ ਹੈ। ਇਸ ਪ੍ਰਕਾਰ ਇਹ ਬਿਰਤਾਂਤ ਚੇਤਨਾ-ਭਾਵੀ ਜੁਗਤ ਰਾਹੀਂ ਸਿਰਜਿਆ ਬਿਰਤਾਂਤ ਹੈ। ਜਿਸ ਵਿਚ ਵਕਤਾ ਪਾਠਕ ਨੂੰ ਆਪਣੇ ਨਾਲ ਬਹਾਉਂਦਾ ਹੋਇਆ ਉਸ ਅੰਦਰ ਮੌਜੂਦਾ ਭ੍ਰਿਸ਼ਟਾਚਾਰੀ, ਮੁਨਾਫ਼ਾਖੋਰੀ ਸਵਾਰਥਮੁੱਖ ਸੰਬੰਧਾਂ ਤੋਂ ਆਮ ਪਾਠਕ ਨੂੰ ਜਾਣੂ ਕਰਵਾਉਂਦਾ ਹੋਇਆ। ਸੁਧਾਰਵਾਦੀ ਦ੍ਰਿਸ਼ਟੀਕੋਣ ਰੱਖਦਾ ਹੈ। ਇਸੀ ਕਰਕੇ ਕੌਰਵ ਸਭਾ ਦੇ ਅਵਚੇਤਨ ਵਿਚ ਮਹਾਂਭਾਰਤ ਦੀ ਸਮਰਿਤੀ ਇਕ ਪ੍ਰੇਰਣਾ ਦਾਇਕ ਸ਼ਕਤੀ ਦੇ ਸ਼ਰੋਤ ਵਜੋਂ ਕਾਰਜਸ਼ੀਲ ਹੁੰਦੀ ਹੈ। ਵਕਤਾ ਨੇ ਬਿਰਤਾਂਤ ਦੇ ਕਾਰਜ-ਕਾਰਣੀ ਸੰਬੰਧਾਂ ਨੂੰ ਬਿਆਨਦੇ ਹੋਏ ਮਨੋਵਿਗਿਆਨਕ ਸਥਿਤੀਆਂ ਨੂੰ ਪੇਸ਼ ਕੀਤਾ ਹੈ ਜਿਸ ਵਿਚ ਪਾਤਰਾਂ ਦੇ ਕਾਰਜ ਨੂੰ ਉਹਨਾਂ ਦੇ ਦਾਰਸ਼ਨਿਕ, ਰਾਜਨੀਤਿਕ ਅਤੇ ਸਮਾਜਿਕ ਸੰਬੰਧਾਂ ਵਜੋਂ ਚਿਤਰਿਆ ਹੈ।

> ਹੋ ਸਕਦਾ ਹੈ ਪ੍ਰਿੰਸੀਪਲ ਸੈਕਟਰੀ ਨੇ ਆਪਣੇ ਕੋਲੋਂ ਦਬਕਾ ਮਾਰ ਦਿੱਤਾ ਹੋਵੇ? ਅਗਾਮੀ ਦੇ ਮੋਟੀ ਹੋਣ ਦੀ ਭਿਣਕ ਕਿਸੇ ਪਾਸਿਓਂ ਉਸਦੇ ਕੰਨ ਵਿਚ ਪੈ ਗਈ ਹੋਵੇ? ਉਹ ਵੀ ਵਗਦੀ ਗੰਗਾ ਵਿਚ ਹੱਥ ਧੋਣਾ ਚਾਹੁੰਦਾ ਹੋਵੇ।[17]

ਵਕਤਾ ਨੇ ਬਿਰਤਾਂਤ ਅੰਦਰ ਵਾਰਤਾਲਾਪੀ ਵਿਧੀ ਨੂੰ ਥਾਂ-ਪ੍ਰਰ-ਥਾਂ ਬਿਆਨਿਆ ਹੈ। ਉਹ ਆਪਸ ਵਿਚ ਸੰਵਾਦ ਰਚਾਉਂਦੇ ਬਿਰਤਾਂਤ ਨੂੰ ਅੱਗੇ ਤੋਰਦੇ ਹਨ।

"ਚੱਲ ਇਉਂ ਦੱਸ ਕਿ ਹਸਪਤਾਲੋਂ ਛੁੱਟੀ ਹੋਣ ਬਾਅਦ ਉਹ ਪਲਵੀ ਦੇ ਘਰ ਜਾ ਕੇ ਤੈਨੂੰ ਹਰ ਰੋਜ਼ ਮਿਲਦਾ ਰਿਹਾ ਜਾਂ ਨਹੀਂ?"

"ਹਾਂ ਮਿਲਦਾ ਰਿਹਾ।"

"ਉਹ ਵਕੀਲ ਹੈ?"

"ਹਾਂ!" [18]

ਇਸ ਪ੍ਰਕਾਰ ਇਹ ਬਿਰਤਾਂਤ ਆਪਣੇ-ਆਪ ਵਿਚ ਨਾਟਕੀ ਸੁਭਾਅ ਨੂੰ ਪੇਸ਼ ਕਰਦਾ ਹੋਇਆ ਅੱਗੇ ਤੁਰਦਾ ਹੈ। ਬਿਰਤਾਂਤ ਅੰਦਰ ਪੇਸ਼ ਕੀਤੀਆਂ ਕਈ ਗੱਲਾਂ ਪੰਜਾਬ ਦੇ ਮੌਜੂਦਾ ਰਾਜਨੀਤਿਕ ਹਾਲਤਾਂ ਨੂੰ ਵੀ ਬਿਆਨ ਕਰਦੀਆਂ ਹਨ। ਜਿਵੇਂ:

> ਪੁਲਿਸ ਕਪਤਾਨ ਮੁੱਖ ਮੰਤਰੀ ਦਾ ਖ਼ਾਸ ਬੰਦਾ ਸੀ। ਲੋਕਾਂ ਵਿਚ ਆਮ ਚਰਚਾ ਸੀ ਉਹ ਕਾਕਾ ਜੀ ਦਾ ਜਮਾਤੀ ਸੀ। ਇਸ ਰਿਸ਼ਤੇ ਤੋਂ ਇਲਾਵਾ ਉਹ ਮੈਡਮ ਕੋਲ ਵੀ ਹਾਜ਼ਰੀ ਭਰਦਾ ਸੀ। [19]

ਕੌਰਵ ਸਭਾ ਦਾ ਬਿਰਤਾਂਤ ਵਾਸਤਵਿਕ ਸਥਿਤੀਆਂ-ਪ੍ਰਸਥਿਤੀਆਂ ਦੇ ਪ੍ਰਬੰਧ ਨੂੰ ਬਿਆਨਦਾ ਬਿਰਤਾਂਤ ਹੈ। ਵਿਅੰਗ ਤੋਂ ਵਿਡੰਬਣਾ ਤੱਕ ਦਾ ਇਹ ਬਿਰਤਾਂਤ ਸਮਾਜਿਕ ਵਿਸਵਥਾਵਾਂ ਅੰਦਰ ਮਨੁੱਖ ਦੀਆਂ ਹਸਰਤਾਂ ਤੇ ਸਪੁਨਿਆਂ ਦੇ ਟੁੱਟਣ ਦਾ ਬਿਰਤਾਂਤ ਹੈ। ਜਿੱਥੇ ਵੇਦ ਪਰਿਵਾਰ ਦਾ ਇਹਨਾਂ ਪ੍ਰਸਥਿਤੀਆਂ ਤੋਂ ਨਾ ਨਿਕਲ ਸਕਣਾ ਹੀ ਉਹਨਾਂ ਦੀ ਹੋਂਦ ਦੀ ਵਿਡੰਬਨਾ ਹੈ।

ਕੌਰਵ ਸਭਾ ਦਾ ਬਿਰਤਾਂਤਕਾਰ ਸਮਾਜ ਤੋਂ ਪੂਰੀ ਤਰ੍ਹਾਂ ਸ੍ਵੈ-ਚੇਤੰਨ ਹੈ। ਕਿਉਂਕਿ ਉਸ ਨੂੰ ਬਿਰਤਾਂਤ ਵਿਚ ਪੇਸ਼ ਕੀਤੇ ਪਾਤਰਾਂ, ਘਟਨਾਵਾਂ, ਸਥਿਤੀਆਂ, ਪ੍ਰਕਾਰਜਾਂ ਅਤੇ ਥੀਮ ਦਾ ਗੂੜ੍ਹਾ ਗਿਆਨ ਹੈ। ਇਸ ਪ੍ਰਕਾਰ ਬਿਰਤਾਂਤ ਵਿਚ ਬਿਰਤਾਂਤ ਵਕਤਾ, ਬਿਰਤਾਂਤ-ਸਰੋਤਾ ਅਤੇ ਪਾਤਰ ਬਿਰਤਾਂਤੀਕਰਣ ਦੀ ਪ੍ਰਕ੍ਰਿਆ ਨੂੰ ਸੰਭਵ ਬਣਾਉਂਦੇ ਹੋਏ ਬਿਰਤਾਂਤ ਸਿਰਜਦੇ ਹਨ। ਵਕਤਾ ਨੇ ਕੌਰਵ ਸਭਾ ਦੀਆਂ ਘਟਨਾਵਾਂ ਅਤੇ ਸਥਿਤੀਆਂ ਰਾਹੀਂ ਕਥਨ ਨੂੰ ਬਿਆਨਿਆ ਹੈ। ਜਿਸਦੇ ਹਰ ਕਥਨ ਦੀ ਸੰਰਚਨਾ ਵਿਚ ਵਿਸ਼ਾ ਅਤੇ ਟਿੱਪਣੀ ਮੌਜੂਦ ਹੈ।

ਫੇਰ ਤੂੰ ਮੈਨੂੰ ਕਦੋਂ ਮਿਲਦੈਂ ਬਾਕੀ ਪੇਮੈਂਟ ਲੈ ਕੇ? ਇਸ ਸੌਹਰੇ ਰਿਸ਼ਵਤ ਦੇ ਧੰਧੇ ਵਿਚ ਉਧਾਰ ਨਹੀਂ ਚੱਲਦਾ। ਹਰ ਕੋਈ ਪੇਸ਼ਗੀ ਭਾਲਦਾ ਹੈ।[20]

ਇਸ ਕਥਨ ਵਿਚ ਵਿਸ਼ਾ ਪੈਸਾ ਕਮਾਉਣਾ ਹੈ ਪਰੰਤੂ ਟਿੱਪਣੀ ਇਹ ਕਿ ਪੈਸਾ ਰਿਸ਼ਵਤ ਦੁਆਰਾ ਅਤੇ ਕੰਮ ਕਰਨ ਤੋਂ ਪਹਿਲਾਂ ਲੈਣ ਬਾਰੇ ਟਿੱਪਣੀ ਹੈ। ਇਸ ਪ੍ਰਕਾਰ ਤਾਰਕਿਕ ਤੇ ਕ੍ਰਮਬੱਧ ਫ਼ੇਬੁਲਾ ਵਿਚ ਰਚਿਆ ਇਹ ਬਿਰਤਾਂਤ ਇਕ ਸਥਿਤੀ-ਵਿਸ਼ੇਸ਼ ਤੋਂ ਦੂਜੀ ਸਥਿਤੀ-ਵਿਸ਼ੇਸ਼ ਵਿਚ ਪਰਿਵਰਤਿਤ ਹੁੰਦਾ ਹੈ। ਜਿਸ ਕਰਕੇ ਸਥਿਤੀਸ਼ੀਲ ਅੰਸ਼ਾਂ ਦੇ ਨਾਲ-ਨਾਲ ਗਤੀਸ਼ੀਲ ਅੰਸ਼ਾਂ ਨੂੰ ਬਾਖ਼ੂਬੀ ਬਿਆਨਿਆ ਹੈ। ਇਸ ਪ੍ਰਕਾਰ ਫ਼ੇਬੁਲਾ ਦੀਆਂ ਘਟਨਾਵਾਂ ਦੀ ਪ੍ਰਕ੍ਰਿਆ ਪਾਤਰਾਂ ਦੇ ਪ੍ਰਕਾਰਜਾਤਮਕ ਰੂਪ ਨੂੰ ਸਾਕਾਰ ਕਰਦੀ ਹੋਈ ਬਿਰਤਾਂਤ ਨੂੰ ਅੱਗੇ ਤੋਰਦੀ ਹੈ। ਕੌਰਵ ਸਭਾ ਦੀ ਫ਼ੇਬੁਲਾ ਅੰਦਰ ਘਟਨਾਵਾਂ ਦੀ ਪ੍ਰਕਿਰਿਆ ਵਿਕਾਸਮਈ ਹੈ। ਇਸ ਪ੍ਰਕਾਰ ਕੌਰਵ ਸਭਾ ਦੀ ਫ਼ੇਬੁਲਾ ਤਰਕ ਅਧਾਰਿਤ ਹੈ। ਵਕਤਾ ਨੂੰ ਭ੍ਰਿਸ਼ਟਾਚਾਰ ਦੀ ਹਰ ਪੱਧਰ ਦਾ ਗਿਆਨ ਹੋਣਾ, ਕਾਨੂੰਨ ਦੇ ਹਰ ਸਿਧਾਂਤ ਦੀ ਜਾਣਕਾਰੀ, ਸੈਂਕੜੇ ਤਕਨੀਕੀ ਸੰਕਲਪ (ਸਾਇਲ, ਰੋਜ਼ਨਾਮਚਾ, ਅਹਿਲਮੱਦ, ਮੁਦੱਈ, ਅਰਦਲੀ) ਆਦਿ ਬਿਰਤਾਂਤ ਦੇ ਫ਼ੇਬੁਲਾ ਨੂੰ ਯਥਾਰਥਕ ਰੰਗਣ ਵਿਚ ਢਾਲਦੇ ਹਨ।

ਬਿਰਤਾਂਤਕਾਰ ਨੇ ਬਿਰਤਾਂਤ ਦੇ ਸੰਗਠਨ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਜਿਸ ਦਾ ਆਧਾਰ ਫੇਬੁਲਾ ਦੀਂ ਗਤੀ ਨਾਲ ਹੀ ਜਾਪਦਾ ਹੈ ਕਿ ਕਿਵੇਂ ਕਹਾਣੀ ਦੇ ਮੁੱਢ ਵਿਚ ਘਟਨਾ ਵਾਪਰਦੀ ਹੈ, ਫਿਰ ਉਸ ਦੀ ਤਫ਼ਤੀਸ, ਦੋਸ਼ੀਆਂ ਦਾ ਫੜੇ ਜਾਣਾ ਅਤੇ ਫਿਰ ਨਿਆਂ ਲਈ ਸੰਘਰਸ਼ਸ਼ੀਲ ਹੋਣਾ, ਬਿਰਤਾਂਤ ਦੀ ਪ੍ਰਕਿਰਿਆ ਵਿਚ ਆਇਆ ਸਮੁੱਚਾ ਪ੍ਰਸ਼ਾਸਨ ਸਵਾਰਥਮੁੱਖ ਦ੍ਰਿਸ਼ਟੀ ਤੋਂ ਵਿਚਰਦਾ ਹੋਇਆ ਬਿਰਤਾਂਤ ਦੀ ਚਾਲ ਨੂੰ ਬੁਣਦਾ ਹੈ। ਇਸ ਪ੍ਰਕਾਰ ਬਿਰਤਾਂਤ ਦਾ ਕਾਰਜ ਤੇਜ਼, ਧੀਮਾ ਅਤੇ ਫਿਰ ਤੇਜ਼ ਹੋ ਕੇ ਇਕ ਖੁਲ੍ਹੇ ਅੰਤ ਵਾਲਾ ਬਿਰਤਾਂਤ ਹੈ। ਬਿਰਤਾਂਤ ਦਾ ਖੁੱਲ੍ਹਾ ਅੰਤ ਵਿਵਸਥਾ ਅੱਗੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੋਇਆ ਪ੍ਰਬੰਧ ਨੂੰ ਬਦਲਣ ਦੀ ਤਾਕੀਦ ਵਿਚ ਜਾਪਦਾ ਹੈ।

# ਹਵਾਲੇ ਅਤੇ ਟਿੱਪਣੀਆਂ

1. ਅਮਨਦੀਪ ਵਾਤਿਸ਼ (ਡਾ.), **ਬਿਰਤਾਂਤ ਸ਼ਾਸਤਰ**, ਪੰ. 40
2. ਸੁਖਪਾਲ ਸਿੰਘ ਥਿੰਦ (ਡਾ.), **ਬਿਰਤਾਂਤ-ਸ਼ਾਸਤਰ: ਉੱਤਰ ਆਧੁਨਿਕ ਪਰਿਪੇਖ**, ਪੰ. 52
3. ਉਹੀ, ਪੰ. 53
4. ਉਹੀ, ਪੰ. 63
5. ਮਿੱਤਰ ਸੈਨ ਮਤ, **ਕੌਰਵ ਸਭਾ**, ਪੰ. 36
6. ਉਹੀ, ਪੰ. 9
7. ਉਹੀ, ਪੰ. 366
8. ਉਹੀ, ਪੰ. 83
9. ਉਹੀ, ਪੰ. 117
10. ਉਹੀ, ਪੰ. 37
11. ਉਹੀ, ਪੰ. 40
12. ਉਹੀ, ਪੰ. 9
13. ਉਹੀ, ਪੰ. 358
14. ਉਹੀ, ਪੰ. 123
15. ਉਹੀ, ਪੰ. 98
16. ਉਹੀ, ਪੰ. 109
17. ਉਹੀ, ਪੰ. 164
18. ਉਹੀ, ਪੰ. 343
19. ਉਹੀ, ਪੰ. 173
20. ਉਹੀ, ਪੰ. 150

## ਨਿਸ਼ਕਰਸ਼

ਮਿਤਰਸੈਨ ਮੀਤ ਨੇ 'ਕੌਰਵ ਸਭਾ' ਨਾਵਲ ਵਿਚ ਮਹਾਂਭਾਰਤ ਦੇ ਮਿਥਿਹਾਸਿਕ ਪ੍ਰਸੰਗ ਨੂੰ ਆਧੁਨਿਕ ਯਥਾਰਥ ਵਿੱਚ ਪੁਨਰ-ਸਿਰਜਿਤ ਕਰਕੇ ਨਵੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਨੂੰ ਵਿਚਾਰਰਿਆ ਹੈ। ਉਸ ਨੇ ਪੂੰਜੀਵਾਦੀ ਪ੍ਰਸੰਗ ਵਿਚ ਜੀਵਨ ਅਤੇ ਯਥਾਰਥ ਦੇ ਪਰਿਵਰਤਿਤ ਹੋ ਰਹੇ ਵਿਚਾਧਾਰਿਕ ਪੱਖਾਂ ਨੂੰ ਨਵੀਨ ਵਿਸ਼ੇਗਤ ਸਰੋਕਾਰਾਂ ਦੀ ਤਲਾਸ਼ ਵਿਚ ਚਿਤ੍ਰਿਆ ਹੈ। ਆਧੁਨਿਕ ਪਰਿਪੇਖ ਵਿਚ ਤੇਜ਼ੀ ਨਾਲ ਬਦਲ ਰਹੇ ਮਨੁੱਖੀ ਮੁੱਲ-ਵਿਧਾਨ ਨੂੰ ਉਸਦੀ ਵਿਕਸਤ ਹੋ ਰਹੀ ਪੂੰਜੀਵਾਦੀ ਅਰਥ-ਵਿਵਸਥਾ, ਵਪਾਰਕ ਬਿਰਤੀਆਂ ਅਤੇ ਖਪਤ ਸਭਿਆਚਾਰ ਵਿੱਚ ਗੁੰਮ-ਗੁਆਚ ਰਹੇ ਰਾਜਸੀ ਅਤੇ ਸਮਾਜੀ ਪ੍ਰਬੰਧ ਦੀ ਸਹਿਜ ਮਨੁੱਖੀ ਪਛਾਣ ਵਜੋਂ ਸਥਾਪਿਤ ਕੀਤਾ ਹੈ। ਉਸ ਨੇ ਵਰਤਮਾਨ ਪੂੰਜੀਵਾਦੀ ਵਿਵਸਥਾ ਕਾਰਨ ਪ੍ਰਭਾਵਿਤ ਹੁੰਦੀ ਪੰਜਾਬੀ ਰਿਸ਼ਤਾ-ਨਾਤਾ ਪ੍ਰਣਾਲੀ, ਮਾਨਸਿਕ ਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਔਰਤ, ਭੁੱਖ ਤੇ ਗਰੀਬੀ ਕਾਰਨ ਵੱਧ ਰਿਹਾ ਜ਼ੁਰਮ, ਪੰਜਾਬ ਅੰਦਰ ਵੱਧ ਰਹੀਆਂ ਸਮੱਸਿਆਵਾਂ, ਹਰ ਪ੍ਰਬੰਧ ਵਿੱਚ ਫ਼ੈਲੀ ਗਿਰਾਵਟ, ਸੱਭਿਆਚਾਰ ਦਾ ਡੋਲਦਾ ਚੁਗਿਰਦਾ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੀ ਆੜ ਵਿੱਚ ਫ਼ੈਲੀਆਂ ਬਦਨੀਤੀਆਂ ਅਦਿ ਪੱਖਾਂ ਨੂੰ ਆਪਣੇ ਵਿਚਾਰਧਾਰਿਕ ਨਜ਼ਰੀਏ ਤੋਂ ਪੇਸ਼ ਕੀਤਾ ਹੈ।

'ਕੌਰਵ ਸਭਾ' ਨਾਵਲ ਆਪਣੇ ਤੋਂ ਪਹਿਲਾਂ ਛਪੇ ਦੋਨੋਂ ਨਾਵਲਾਂ (ਤਫ਼ਤੀਸ਼ ਤੇ ਕਟਹਿਰਾ) ਦੀ ਅਗਲੀ ਕੜੀ ਕਿਹਾ ਜਾ ਸਕਦਾ ਹੈ। ਵਕਤਾ ਨੇ ਕੌਰਵ ਸਭਾ ਨੂੰ ਸੰਘਰਸ਼ ਰੂਪੀ ਕਾਰਜਾਂ ਵਾਲੇ ਬਿਰਤਾਂਤਕ ਸੰਗਠਨ ਵਿੱਚ ਸਿਰਜਿਆ ਹੈ, ਜਿਸ ਦਾ ਪ੍ਰਕਾਰਜ਼ ਸੱਚ ਤੇ ਅਮਲ ਦੀ ਤਲਾਸ਼ ਨਹੀਂ ਬਲਕਿ ਰਾਜ ਤੇ ਸਮਾਜ ਦੇ ਪੂੰਜੀਵਾਦੀ ਲੋਕਰਾਜੀ ਸਿਧਾਂਤਾਂ ਦੇ ਵਾਸਤਵਿਕ ਰੂਪ ਨੂੰ ਵੰਗਾਰਨ ਦੀ ਜੁਗਤ ਵਿੱਚ ਹੈ। ਸਰਬੱਗ ਬਿਰਤਾਂਤਕਾਰ ਦੀ ਜੁਗਤ ਤੋਂ ਰਚਿਆ ਇਹ ਨਾਵਲ ਬਿਆਨੀਆਂ ਹੀ ਨਹੀਂ ਬਲਕਿ ਵਾਰਤਾਲਾਪੀ ਵਿਧੀ ਅੰਦਰ ਪਰਾ-ਬਿਆਨੀਆਂ ਵੀ ਹੈ। ਵਕਤਾ ਦਾ ਦ੍ਰਿਸ਼ਟੀਕੋਣ ਵਾਸਤਵਿਕ ਪ੍ਰਸਥਿਤੀਆਂ ਦੇ ਤੱਥਾਂ ਨੂੰ ਸਿਧਾਂਤਿਕ ਕਸੌਟੀ ਉਪਰ ਪਰਖ ਕੇ ਵਿਅਕਤੀ ਦੀ ਥਾਂ ਵਿਵਸਥਾ ਨੂੰ

ਕੇਂਦਰਿਤ ਕਰਨ ਦੀ ਵਿਧੀ ਵਿੱਚ ਨਿਹਿਤ ਹੈ। ਵਕਤਾ ਪਾਠਕ ਨੂੰ ਵਿਵਸਥਾ ਦੇ ਖ਼ਲਨਾਇਕੀ ਸੁਭਾਅ ਦੀ ਜਾਣਕਾਰੀ ਦਿੰਦਾ ਹੋਇਆ ਇਸ ਪ੍ਰਤੀ ਉਸ ਦੇ ਮਨ ਅੰਦਰ ਨਫ਼ਰਤ ਪੈਦਾ ਕਰਦਾ ਹੈ। ਪ੍ਰਤੀਕਾਂ ਤੇ ਸੰਕੇਤਾਂ ਵਿੱਚ ਸਿਰਜਿਆ ਇਹ ਨਾਵਲ ਪਿੱਛਲ-ਝਾਤ ਤੋਂ ਸ਼ੁਰੂ ਹੁੰਦਾ ਹੋਇਆ ਉੱਤਮ-ਪੁਰਖੀ ਦ੍ਰਿਸ਼ਟੀਕੋਣ ਤੋਂ ਕਹਾਣੀ ਸੁਣਾਉਂਦਾ ਹੈ।

ਕਿਸੇ ਵੀ ਸਮਾਜ ਵਿੱਚ 'ਰਾਜ' ਇੱਕ ਅਜਿਹੀ ਸੰਸਥਾਂ ਹੈ ਜਿਸ ਦੀਆਂ ਵੱਖ-ਵੱਖ ਸੰਸਥਾਵਾਂ ਮਿਲ ਕੇ ਸਮਾਜਿਕ ਵਿਵਸਥਾ ਨੂੰ ਬਣਾਉਂਦੀਆਂ ਹਨ। ਇਤਿਹਾਸ ਵਿਕਾਸ-ਕ੍ਰਮ ਵਿੱਚ ਹਮੇਸ਼ਾ ਹੀ ਰਾਜ ਅਤੇ ਸਮਾਜ ਦੀ ਹੋਂਦ-ਵਿਧੀ ਤੇ ਪ੍ਰਕਿਰਤੀ ਬਦਲਦੀ ਰਹੀ ਹੈ। ਅੱਜ ਦੇ ਜੁਗ ਵਿੱਚ ਜ਼ਿਆਦਾਤਰ ਰਾਜਾਂ ਦੀ ਹੋਂਦ ਪੂੰਜੀਵਾਦੀ ਲੋਕਰਾਜੀ ਰਾਜ ਵਾਲੀ ਹੈ। ਜਿਸ ਅੰਦਰ ਸੰਕਲਪ ਦੇ ਤੌਰ ਤੇ ਰਾਜ ਦੀ ਸਰਕਾਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਰਾਹੀਂ ਦੀ ਧਾਰਨਾ ਅਨੁਸਾਰ ਬਣਦੀ ਹੈ। ਇਸੇ ਕਰਕੇ ਇਥੇ ਹਰ ਵਿਅਕਤੀ ਲਈ ਸਵਤੰਤਰਤਾ, ਸਮਾਨਤਾ ਤੇ ਭਰਾਤਰੀ ਭਾਵਾਂ ਦੀ ਗੱਲ ਕੀਤੀ ਜਾਂਦੀ ਹੈ। ਰਾਜ ਦੀ ਪਹਿਚਾਣ ਦਾ ਆਧਾਰ ਉਸ ਦੁਆਰਾ ਸੁਰੱਖਿਅਤ ਰੱਖੇ ਅਧਿਕਾਰਾਂ ਅੰਦਰ ਦੇਖਿਆ ਜਾ ਸਕਦਾ ਹੈ ਜਿਸ ਦਾ ਸੰਬੰਧ ਰਾਜ ਦੀਆਂ ਪ੍ਰਮੁੱਖ ਸੰਸਥਾਵਾਂ ਨਾਲ ਜਾ ਬੱਝਦਾ ਹੈ। ਇਹਨਾਂ ਅਧਿਕਾਰਾਂ ਦੇ ਹੋਂਦ ਵਿੱਚ ਆਉਣ ਨਾਲ ਹੀ ਸਮਾਜਿਕ ਵਿਵਸਥਾ ਬਣਦੀ ਹੈ। ਲੋਕਰਾਜੀ ਰਾਜ ਦੀਆਂ ਸੰਵਿਧਾਨਿਕ ਸ਼ਕਤੀਆਂ ਨੂੰ ਵਿਧਾਨ-ਪਾਲਿਕਾ, ਕਾਰਜ-ਪਾਲਿਕਾ ਤੇ ਨਿਆਂ-ਪਾਲਿਕਾ ਦੇ ਤਿੰਨ ਵੱਖ-ਵੱਖ ਭਾਗਾਂ ਵਿੱਚ ਵੰਡਿਆ ਗਿਆ ਹੈ। ਰਾਜ ਦੀਆਂ ਇਹ ਸੰਸਥਾਵਾਂ ਸਿਧਾਂਤਿਕ ਪੱਖੋਂ ਸਭ ਲਈ ਬਰਾਬਰ ਹਨ। ਪਰੰਤੂ ਅਮਲੀ ਰੂਪ ਵਿੱਚ ਇਹ ਉਹਨਾਂ ਲੋਕਾਂ ਦਾ ਹੀ ਪੱਖ ਪੂਰਦੀਆਂ ਹਨ, ਜਿਨ੍ਹਾਂ ਕੋਲ ਆਰਥਕ ਤੇ ਰਾਜਨੀਤਕ ਸ਼ਕਤੀ ਹੁੰਦੀ ਹੈ। ਅੱਜ ਦੇ ਜੁਗ ਵਿਚ ਰਾਜ ਦੀਆਂ ਇਹ ਸੰਵਿਧਾਨਿਕ ਸੰਸਥਾਵਾਂ ਹੀ ਨਹੀਂ ਬਲਕਿ ਸਮੁੱਚੀਆਂ ਸਮਾਜਿਕ ਸੰਸਥਾਵਾਂ ਵੀ ਨਿਘਾਰ ਦੀ ਹੋਂਦ ਤੱਕ ਆਪਣਾ ਰੂਪ ਬਦਲ ਚੁੱਕੀਆਂ ਹਨ। ਰਾਜ ਦੀਆਂ ਇਹ ਸੰਸਥਾਵਾਂ ਜਿਨ੍ਹਾਂ ਸਿਧਾਂਤਾਂ ਅਤੇ ਆਦਰਸ਼ਾਂ ਦੀ ਗੱਲ੍ਹ ਕਰਦੀਆਂ ਹਨ ਵਾਸਤਵ ਵਿੱਚ ਇਹ ਇਹਨਾਂ ਤੋਂ ਕੋਹਾਂ ਦੂਰ ਸਥਿਤ ਹਨ। ਅੱਜ-ਕੱਲ੍ਹ ਇਹ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਮਹਿਜ ਭ੍ਰਿਸ਼ਟ ਰਾਜਤੰਤਰ ਦੀਆਂ ਸਹਾਇਕ ਹੋ ਨਿਬੜੀਆਂ ਹਨ।

'ਕੌਰਵ ਸਭਾ' ਨਾਵਲ ਵਿੱਚ ਮਿੱਤਰ ਸੈਨ ਮੀਤ ਨੇ ਅਜਿਹੇ ਰਾਜ-ਪ੍ਰਬੰਧ ਦੇ ਯਥਾਰਥ ਨੂੰ ਉਭਾਰਿਆ ਹੈ। ਜਿਸ ਦੀਆਂ ਸੰਸਥਾਵਾਂ ਪੂੰਜੀਵਾਦੀ ਸਿਧਾਂਤਾਂ ਦੀਆਂ ਅਨੁਸਾਰੀ ਹੋ ਕੇ ਆਪਣੇ ਅਸਲੀ ਮਕਸਦ ਤੋਂ ਮੂੰਹ ਮੋੜ ਕੇ ਸਿਰਫ਼ ਪੂੰਜੀ ਖ਼ਾਤਿਰ ਸਮਾਜ ਅੰਦਰ ਵਿਵਸਥਿਤ ਹਨ। ਇਹਨਾਂ ਵਿਵਸਥਾਵਾਂ ਵਿੱਚ ਫ਼ੈਲਿਆ ਭ੍ਰਿਸ਼ਟਾਚਾਰ ਇੱਕ ਤੋਂ ਵਧੇਰੇ ਰੂਪਾਂ ਵਿੱਚ ਵਿਦਮਾਨ ਹੈ। ਨਾਵਲ ਦੇ ਗਲਪੀ ਯਥਾਰਥ ਵਿੱਚ ਨਿਆਂ-ਪ੍ਰਬੰਧ ਨਾਲ ਸੰਬੰਧਿਤ ਪਹਿਲੀ ਉਪ-ਵਿਵਸਥਾ ਰਾਜ ਦੀ ਪੁਲਿਸ ਵਿਵਸਥਾ ਨਾਲ ਸੰਬੰਧਿਤ ਹੈ। ਜਿਸ ਨੇ ਨਾ ਕੇਵਲ ਮੁੱਦਈ ਧਿਰ ਨੂੰ ਨਜ਼ਰਅੰਦਾਜ਼ ਕੀਤਾ ਬਲਕਿ ਮੁਲਜਮਾਂ ਦਾ ਸਾਥ ਦੇ ਕੇ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਉਣ ਵਿੱਚ ਹੀ ਉਸਦੀ ਸਾਰੀ ਸਰਗਰਮੀ ਨਿਹਿਤ ਹੈ। ਇਸ ਤੋਂ ਬਾਅਦ ਮੁੱਦਈਆਂ ਦਾ ਵਾਹ ਇੱਕ ਹੋਰ ਜੀਵਨਦਈ ਸੰਸਥਾ ਸਿਹਤ ਸੇਵਾਵਾਂ ਨਾਲ ਸੰਬੰਧਿਤ ਹੈ ਜਿਥੇ ਹਸਪਤਾਲ ਵਿੱਚ ਇਹ ਪ੍ਰਬੰਧ ਨਾ ਕੇਵਲ ਪੀੜ੍ਹਿਤ ਧਿਰ ਦੇ ਸਮੇਂ ਸਿਰ ਇਲਾਜ਼ ਸ਼ੁਰੂ ਕਰਨ ਤੋਂ ਮੁਨਕਰ ਹੋਇਆ ਹੈ ਬਲਕਿ ਮੁਲਜ਼ਮ ਧਿਰ ਨੂੰ ਬਿਨ੍ਹਾਂ ਬਿਮਾਰੀ ਬਿਮਾਰ ਸਾਬਿਤ ਕਰਕੇ ਜ਼ੇਲ੍ਹ ਜਾਣ ਤੋਂ ਵੀ ਬਚਾਉਣ ਦਾ ਹਥਿਆਰ ਬਣਦਾ ਹੈ। ਇਸ ਤੋਂ ਬਾਅਦ ਸਾਡਾ ਰਾਜਨੀਤਕ ਢਾਂਚਾ ਅਰਥਾਤ ਰਾਜ ਦੀਆਂ ਰਾਜਨੀਤਕ ਪਾਰਟੀਆਂ ਦਾ ਅਸਲੀ ਕਿਰਦਾਰ ਸਾਹਮਣੇ ਆਉਂਦਾ ਹੈ ਜਿਸ ਵਿੱਚ ਇਹ ਰਾਜਨੀਤਕ ਪਾਰਟੀਆਂ ਆਪਣੇ-ਆਪਣੇ ਸਵਾਰਥ ਮੁੱਖ ਦ੍ਰਿਸ਼ਟੀਕੋਣ ਤੋਂ ਇਸ ਘਟਨਾ ਨੂੰ ਇੱਕ ਹਥਿਆਰ ਦੀ ਤਰ੍ਹਾ ਇਸਤੇਮਾਲ ਕਰਦੀਆਂ ਹੋਈਆਂ ਮੁਲਜ਼ਮ ਧਿਰ ਤੋਂ ਇੱਕ ਕਰੋੜ ਰੁਪਏ ਦੀ ਮੰਗ ਇਸ ਲਈ ਕਰਦੀਆਂ ਹਨ ਤਾਂ ਜੋ ਉਹ ਮੁੱਖ-ਮੰਤਰੀ ਦੇ ਹੁਕਮਾਂ ਨਾਲ ਦੋਸ਼ੀਆਂ ਨੂੰ ਫੜਾਉਣ ਅਤੇ ਛੁਡਾਉਣ ਦੀ ਪ੍ਰਕਿਰਿਆ ਵਿੱਚੋਂ ਪੈਸੇ ਕਮਾ ਸਕਣ। ਇਸੇ ਕਰਕੇ ਨਾਵਲ ਵਿੱਚ ਸਭ ਤੋਂ ਵੱਧ ਕਰੂਰ ਅਤੇ ਯਥਾਰਥਕ ਰੂਪ ਵਿੱਚ ਪੇਸ਼ ਹੋਈ ਸਾਡੀ ਸੰਸਥਾ ਨਿਆਂ-ਪਾਲਿਕਾ ਤੋਂ ਜਿਸ ਵਿੱਚ ਜੱਜਾਂ ਅਤੇ ਵਕੀਲਾਂ ਨੇ ਮੁਲਜ਼ਮਾਂ ਨੂੰ ਜਤਾਉਣ ਖ਼ਾਤਿਰ ਹਰ ਪੱਧਰ 'ਤੇ ਅਤੇ ਹਰ ਸੱਚ ਨੂੰ ਭ੍ਰਿਸ਼ਟਾਚਾਰ ਦੀ ਪਾਨ ਚੜ੍ਹਾ ਕੇ ਇਨਸਾਫ਼ ਦੀ ਨਿਰਪੱਖਤਾ ਦੀ ਮਿੱਥ ਨੂੰ ਬੁਰੀ ਤਰ੍ਹਾਂ ਨੇਸਤਾ-ਨਬੂਦ ਕਰ ਦਿੱਤਾ ਹੈ।

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਮਿੱਤਰ ਸੈਨ ਮੀਤ ਅਜਿਹਾ ਸਾਹਿਤਕਾਰ ਹੈ ਜੋ ਰਾਜ ਤੇ ਸਮਾਜ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਇਸੀ ਕਰਕੇ ਉਸਦੀਆਂ ਰਚਨਾਵਾਂ ਸਮਾਜ ਅੰਦਰ ਵੱਧ ਰਹੇ ਅਮਾਨਵੀ ਕਿਰਦਾਰਾਂ ਨੂੰ ਨੰਗਾਂ ਕਰਦੀਆਂ ਹੋਈਆਂ ਆਮ-ਪਾਠਕ ਨੂੰ ਇਸ ਤੋਂ ਮੁਕਤ ਹੋਣ ਦੀ ਪ੍ਰੇਰਣਾ

ਦਿੰਦੀਆਂ ਹਨ। ਨਿਰਸੰਦੇਹ 'ਕੌਰਵ ਸਭਾ' ਨਾਵਲ ਵਿੱਚ ਪ੍ਰਗਤੀਸ਼ੀਲ ਚੇਤਨਾ ਨਾਲ ਸੰਬੰਧਿਤ ਨਾਵਲ ਹੈ। ਇਹੋ ਜਿਹੀਆਂ ਰਚਨਾਵਾਂ ਦੀ ਜਨ-ਮਾਨਸ ਨੂੰ ਅੱਜ ਦੇ ਸਮੇਂ ਵਿੱਚ ਬਹੁਤ ਜ਼ਰੂਰਤ ਹੈ ਤਾਂ ਜੋ ਉਹ ਆਪਣੇ ਵਰਤਮਾਨ ਯਥਾਰਥ ਦੀ ਵਾਸਤਵਿਕ ਇਤਿਹਾਸ-ਪ੍ਰਕਿਰਿਆ ਨੂੰ ਉਚਿਤ ਪਰਿਪੇਖ ਵਿੱਚ ਵੇਖ ਸਕਣ। ਨਾਵਲਕਾਰ ਨੇ ਜਿਸ ਤਰ੍ਹਾਂ ਦੋ ਸਕੇ ਪਰਿਵਾਰਾਂ ਦੀ ਦੁਸ਼ਮਣੀ ਨੂੰ ਕੇਂਦਰ ਵਿੱਚ ਰੱਖ ਕੇ ਸਾਡੀ ਸਮਾਜਿਕ ਵਿਵਸਥਾ ਦੀ ਜ਼ਰਜ਼ਰ ਹੋ ਚੁੱਕੀ ਹਾਲਤ ਨੂੰ ਦੇਸ਼ ਦੀ ਸਮੁੱਚੀ ਪ੍ਰਬੰਧਕੀ ਵਿਵਸਥਾ ਤੇ ਖ਼ੁਦ ਰਾਜ ਦੇ ਸੰਕਲਪ ਨੂੰ ਹੀ ਕਾਂਟੇ ਥੱਲੇ ਲਿਆ ਕੇ ਗਲਪੀ ਯਥਾਰਥ ਦਾ ਸਿਰਜਨ ਕੀਤਾ ਹੈ ਇਹ ਉਸ ਦੀ ਇੱਕ ਮਹੱਤਵ-ਪੂਰਣ ਤੇ ਵਿਲੱਖਣ ਪ੍ਰਾਪਤੀ ਆਖੀ ਜਾ ਸਕਦੀ ਹੈ। ਨਾਵਲਕਾਰ ਦੀ ਸਾਹਿਤਕ ਦਲੇਰੀ ਇਸ ਗੱਲ ਵਿੱਚ ਵੀ ਨਿਹਿਤ ਮੰਨੀ ਜਾ ਸਕਦੀ ਹੈ ਕਿ ਉਸਨੇ ਰਾਜ ਤੇ ਉਸ ਦੀ ਪੂਰੀ ਉਪਕਰਣ ਵਿਵਸਥਾ ਨੂੰ ਸਿੱਧੇ ਰੂਪ ਵਿੱਚ ਸੰਬੋਧਿਤ ਕੀਤਾ ਹੈ। ਨਾਵਲਕਾਰ ਦੀ ਪ੍ਰਗਤੀਸ਼ੀਲ ਚੇਤਨਾ ਅਤੇ ਪ੍ਰਤਿਬੋਧ ਦ੍ਰਿਸ਼ਟੀ ਤੋਂ ਬਿਨ੍ਹਾਂ ਅਜਿਹਾ ਹੋਣਾ ਸੰਭਵ ਨਹੀਂ ਸੀ। ਇਸ ਕਰਕੇ ਇਸ ਨਾਵਲ ਨੂੰ ਪ੍ਰਗਤੀਸ਼ੀਲ ਰਾਜਨੀਤਕ ਚੇਤਨਾ ਵਾਲੀ ਸਾਹਿਤਕ ਕਿਰਤ ਮੰਨਣਾ ਉਚਿਤ ਹੀ ਪ੍ਰਤੀਤ ਹੁੰਦਾ ਹੈ।

-o-o-o-

## ਪੁਸਤਕ-ਸੂਚੀ

**ਪੰਜਾਬੀ ਪੁਸਤਕਾਂ :**


ਉੱਪਲ, ਸਵਿੰਦਰ ਸਿੰਘ, **ਪੰਜਾਬੀ ਨਾਵਲ-ਵਿਧੀ ਤੇ ਵਿਚਾਰ**, ਨਵੀਂ ਦਿੱਲੀ, ਪੰਜਾਬੀ ਰਈਟਰਜ਼ ਕੋਆਪ੍ਰੇਟਿਵ ਸੁਸਾਇਟੀ, 1982

ਅਗਰਵਾਲ, ਰਾਮ ਚੰਦਰ, **ਨਾਗਰਿਕ ਸ਼ਾਸਤਰ ਤੇ ਸਿਧਾਂਤ ਅਤੇ ਭਾਰਤੀ ਸੰਵਿਧਾਨ ਤੇ ਰਾਜ ਪ੍ਰਬੰਧ**, ਨਵੀਂ ਦਿੱਲੀ, ਐਸ. ਚੰਦ. ਐਂਡ ਕੰਪਨੀ, 1972

ਅਤਰ ਸਿੰਘ, **ਦ੍ਰਿਸ਼ਟੀਕੋਣ**, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1991

ਅਹੂਜਾ, ਰੋਸ਼ਨ ਲਾਲ, **ਸਾਹਿਤ ਸ਼ਾਸਤਰ**, ਲੁਧਿਆਣਾ, ਲਾਹੌਰ ਬੁਕ ਸ਼ਾਪ, 1963

ਅਤੈ ਸਿੰਘ, **ਗੁਰਦਿਆਲ ਸਿੰਘ ਦੇ ਅਣਹੋਏ ਪਾਤਰ**, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 1980

ਅਰਸ਼ੀ, ਗੁਰਚਰਨ ਸਿੰਘ, **ਸਾਹਿਤ ਸਮੀਖਿਆਂ**, ਦਿੱਲੀ, ਨੈਸ਼ਨ ਬੁੱਕ ਸ਼ਾਪ, 1969

…………, **ਸਮੀਖਿਆ-ਦ੍ਰਿਸ਼ਟੀਆਂ**, ਦਿੱਲੀ, ਆਰਸੀ ਪਬਲਿਸ਼ਰਜ਼, ਸ਼ੋਧਿਆ ਸੰਸਕਰਣ, 1998

…………, **ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ**, (ਸੰਪਾ.), ਨਵੀਂ ਦਿੱਲੀ, ਪੰਜਾਬੀ ਅਕਾਦਮੀ, 1989

ਸੇਖੋਂ, ਸੰਤ ਸਿੰਘ, **ਨਾਵਲ ਤੇ ਪਲਾਟ**, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1979

ਸੋਹੀ, ਸੁਭਾਗ (ਡਾ.), **ਪੰਜਾਬੀ ਨਾਵਲ ਵਿੱਚ ਯਥਾਰਥ ਚਿਤਰਣ**, ਲੁਧਿਆਣਾ, ਪੰਜਾਬੀ ਕੋ. ਆ. ਰਾਈਟਰਜ਼ ਸੋਸਾਇਟੀ ਲਿਮਿਟਡ, 1983

ਸਰਬਜੀਤ ਸਿੰਘ (ਡਾ.), (ਸੰਪਾ.) **ਡਾ. ਅਤਰ ਸਿੰਘ : ਆਲੋਚਨਾ ਚਿੰਤਨ**, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1996

............., **ਪੰਜਾਬੀ ਆਲੋਚਨਾ : ਵਿਚਧਾਰਕ ਪਰਿਪੇਖ**, ਲੁਧਿਆਣਾ, ਚੇਤਨਾ ਪ੍ਰਕਾਸ਼ਨ, 1999

ਸੰਧੂ, ਗੁਰਪਾਲ ਸਿੰਘ **ਪੰਜਾਬੀ ਨਾਵਲ ਦਾ ਚਿੰਨ੍ਹ ਵਿਗਿਆਨਕ ਅਧਿਐਨ**, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 1995

ਸਤਨਾਮ ਸਿੰਘ (ਡਾ.), **ਸਾਹਿਤ-ਆਲੋਚਨਾ (ਸਿਧਾਂਤ ਤੇ ਸਿਧਾਂਤਕਾਰ)**, (ਸੰਪਾ.), ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1997

ਹਰਿਭਜਨ ਸਿੰਘ, (ਡਾ.), **ਅਧਿਐਨ ਅਤੇ ਅਧਿਆਪਨ**, ਅੰਮ੍ਰਿਤਸਰ, ਨਵਚੇਤਨ ਪਬਲਿਸ਼ਰਜ਼, 1973

............., **ਸਾਹਿਤ ਅਧਿਐਨ**, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1981

............., **ਸਾਹਿਤ ਸ਼ਾਸਤਰ**, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2002

ਹਮਜ਼ਾਤੋਵ, ਰਸੂਲ, **ਮੇਰਾ ਦਾਗ਼ਿਸਤਾਨ (ਭਾਗ ਪਹਿਲਾ)**, ਚੰਡੀਗੜ੍ਹ, ਪੰਜਾਬ ਬੁੱਕ ਸੈਂਟਰ, ਐਡੀਸ਼ਨ ਤੀਜਾ, 2000

ਕੇਸਰ, ਕੇਸਰ ਸਿੰਘ, **ਵਰਗ ਸੰਘਰਸ਼ ਤੇ ਗਲਪ-ਸਾਹਿਤ**, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1992

ਕੇਸਰ, ਕੇਸਰ ਸਿੰਘ, **ਸਾਹਿਤ-ਖੋਜ ਅਤੇ ਸਾਹਿਤ-ਆਲੋਚਨਾ**, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1996

ਕਪੂਰ, ਅਨੂਪ ਚੰਦ, **ਰਾਜਨੀਤੀ-ਵਿਗਿਆਨ ਦੇ ਸਿਧਾਂਤ**, ਨਵੀਂ ਦਿੱਲੀ, ਪਰੀਮੀਅਰ ਪਬਲਿਸਿੰਗ,

ਕੰਵਰ, ਤਰਲੋਕ ਸਿੰਘ, **ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ**, ਚੰਡੀਗੜ੍ਹ, ਲੋਕਾਇਤ ਪ੍ਰਕਾਸ਼ਨ, 1981

..............., ਸ਼ੋਧ-ਪਰਿਸ਼ੋਧ, ਖੋਜ-ਪੱਤਰ, (ਸੰਪਾ.), ਦਿੱਲੀ, ਆਰਸੀ ਪਬਲਿਸ਼ਰਜ਼, 1989

ਖਾਹਰਾ, ਸੁਖਦੇਵ ਸਿੰਘ, (ਸੰਪਾ), **ਨਾਵਲਕਾਰ ਮਿੱਤਰ ਸੈਨ ਮੀਤ**, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ, 1994

.............., (ਸੰਪਾ.), **ਕੌਰਵ ਸਭਾ : ਆਲੋਚਨਾਤਮਕ ਵਿਸ਼ਲੇਸ਼ਨ**, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2003

ਗੁਰਦਿਆਲ ਸਿੰਘ (ਡਾ.), **ਪੰਜਾਬੀ ਨਾਵਲ ਵਿੱਚ ਦ੍ਰਿਸ਼ਟੀ ਬਿੰਦੂ**, ਅੰਮ੍ਰਿਤਸਰ, ਨਾਨਕ ਪੁਸਤਕ ਮਾਲਾ, 1999

ਗਿਆਨੀ, ਕੇਸਰ ਸਿੰਘ, **ਹਥਿਆਰਬੰਦ ਇਨਕਲਾਬ**, ਅੰਮ੍ਰਿਤਸਰ, ਸਿੰਘ ਬ੍ਰਦਰਜ਼, ਮਾਈ ਸੇਵਾ ਬਜ਼ਾਰ, 1998

ਚੰਦਨ, ਅਮਰਜੀਤ, **ਹੁਣ-ਖਿਣ**, ਨਵੀਂ ਦਿੱਲੀ, ਨਵਯੁਗ ਪਬਲਿਸ਼ਰਜ਼, 2000

ਜਗਬੀਰ ਸਿੰਘ, **ਬਿਰਤਾਂਤਕ ਗਲਪ : ਸਿਧਾਂਤ ਤੇ ਸਮੀਖਿਆ**, ਦਿੱਲੀ, ਆਰਸੀ ਪਬਲਿਸ਼ਰਜ਼, 1992

ਜਗਬੀਰ ਸਿੰਘ, **ਪੰਜਾਬੀ ਗਲਪ ਸੰਸਾਰ**, ਦਿੱਲੀ, ਵੈਲੱਇਸ਼ ਪਬਲਿਸ਼ਰਜ਼, 1999

ਜੱਗੀ, ਰਤਨ ਸਿੰਘ ਤੇ ਹੋਰ (ਸੰਪਾ.), **ਰਾਜਨੀਤੀ-ਵਿਗਿਆਨ ਅਤੇ ਸੰਗਠਨ ਦੇ ਮੂਲ ਸਿਧਾਂਤ**, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1965

ਜਲੌਰ ਸਿੰਘ, **ਗੁਰਦਿਆਲ ਸਿੰਘ ਦਾ ਨਾਵਲੀ ਜਗਤ**, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 1982

ਤਸਨੀਮ, ਨਰਿੰਜਨ, **ਪੰਜਾਬੀ ਨਾਵਲ ਆਲੋਚਨਾਤਮਕ ਅਧਿਐਨ**, ਅੰਮ੍ਰਿਤਸਰ, ਲੋਕ ਸਾਹਿਤ ਪ੍ਰਕਾਸ਼ਨ, 1973

............., **ਪੰਜਾਬੀ ਨਾਵਲ ਦਾ ਮੁਹਾਂਦਰਾ**, ਲੁਧਿਆਣਾ, ਪੰਜਾਬੀ ਰਾਈਟਰਜ਼ ਕੋ. ਆ. ਸੋਸਾਇਟੀ, 1979

..........., **ਪੰਜਾਬੀ ਨਾਵਲ ਦਾ ਮੁਹਾਂਦਰਾ**, ਦਿੱਲੀ, ਆਰਸੀ ਪਬਲਿਸ਼ਰਜ਼, 1995

ਤੁਲਸੀ ਰਾਮ, **ਪੁਰਾਤਨ ਭਾਰਤੀ ਸਮਾਜ ਅਤੇ ਦਰਸ਼ਨ**, ਚੰਡੀਗੜ੍ਹ, ਪੰਜਾਬ ਬੁੱਕ ਸੈਂਟਰ, 2002

ਥਿੰਦ, ਸੁਖਪਾਲ ਸਿੰਘ (ਡਾ.), **ਬਿਰਤਾਂਤ-ਸ਼ਾਸਤਰ ਉਤਰ-ਆਧੁਨਿਕ ਪਰਿਪੇਖ**, ਦਿੱਲੀ, ਮਨਪ੍ਰੀਤ ਪ੍ਰਕਾਸ਼ਨ, 2002

ਥਿੰਦ, ਕਰਨੈਲ ਸਿੰਘ (ਸੰਪਾ.), **ਪੰਜਾਬੀ ਨਾਵਲ : ਸਰਵੇਖਣ ਤੇ ਮੁਲਾਂਕਣ**, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1974

ਦਲਬੀਰ (ਅਨੁ.), **ਸਾਹਿਤ ਅਤੇ ਯਥਾਰਥ (ਮੂਲ ਲੇਖਕ ਹਾਵਰਡ ਫਾਸਟ)**, ਚੰਡੀਗੜ੍ਹ, ਲੋਕਾਇਤ ਪ੍ਰਕਾਸ਼ਨ, 1985

ਦਵੇਸ਼ਵਰ, ਸੁਰਿੰਦਰ ਕੁਮਾਰ, **ਪੰਜਾਬੀ ਗਲਪ ਚਿੰਤਨ**, ਚੰਡੀਗੜ੍ਹ, ਰਘਬੀਰ ਰਚਨਾ ਪ੍ਰਕਾਸ਼ਨ, 1997

............, (ਸੰਪਾ.), **ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ**, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2002

ਦੁੱਗਲ, ਰਵਿੰਦਰ ਨਾਥ, **ਭਾਰਤੀ ਸ਼ਾਸਨ ਅਤੇ ਰਾਜਨੀਤੀ ਜਾਂ ਭਾਰਤੀ ਸੰਵਿਧਾਨ**, ਜਲੰਧਰ, ਨੀਲਮ ਪ੍ਰਕਾਸ਼ਨ ਪੰਜਵਾਂ ਐਡੀਸ਼ਨ, 1978

ਧਾਲੀਵਾਲ, ਪ੍ਰੇਮ ਪ੍ਰਕਾਸ਼ (ਡਾ.), **ਸਿਧਾਂਤਕ ਭਾਸ਼ਾ ਵਿਗਿਆਨ**, ਪਟਿਆਲਾ, ਮਦਾਨ ਪਬਲੀਕੇਸ਼ਨਜ਼, ਤੀਜਾ ਐਡੀਸ਼ਨ, 1999

ਨਹਿਰੂ, ਜੁਗਿੰਦਰ ਸਿੰਘ (ਡਾ.), **ਸੰਤ ਸਿੰਘ ਸੇਖੋਂ ਦੀ ਨਾਵਲਕਲਾ**, ਚੰਡੀਗੜ੍ਹ, ਲੋਕਾਇਤ ਪ੍ਰਕਾਸ਼ਨ, 1984

.............., **ਪ੍ਰਗਤੀਵਾਦ ਅਤੇ ਪੰਜਾਬੀ ਨਾਵਲ**, ਚੰਡੀਗੜ੍ਹ, ਪੰਜਾਬ ਪ੍ਰਕਾਸ਼ਨ, 1986

ਪਰਮਿੰਦਰ ਸਿੰਘ, ਕਸੇਲ,ਕਿਰਪਾਲ ਸਿੰਘ, **ਸਾਹਿਤ ਦੇ ਰੂਪ**, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1977

ਬੇਦੀ, ਸ. ਸ. ਵਣਜਾਰਾ (ਡਾ.) , **ਮੱਧਕਾਲੀ ਪੰਜਾਬੀ ਕਥਾ : ਰੂਪ ਤੇ ਪਰੰਪਰਾ**, ਦਿੱਲੀ, ਪਰੰਪਰਾ ਪ੍ਰਕਾਸ਼ਨ, 1977

ਭਾਟੀਆ, ਹਰਿਭਜਨ ਸਿੰਘ, **ਪੰਜਾਬੀ ਗਲਪ ਸੰਵਾਦ ਤੇ ਸਮੀਖਿਆ**, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਡੇਸ਼ਨ, 2001

ਭਾਟੀਆ, ਅਮਰ ਸਿੰਘ (ਪ੍ਰੋ.) ਤੇ ਹੋਰ, **ਰਾਜਨੀਤੀ ਵਿਗਿਆਨ ਦੇ ਸਿਧਾਂਤ**, ਜਲੰਧਰ, ਨਿਊ ਐਕਡਮਿਕ ਪਬਲਿਸ਼ਿੰਗ ਕੰਪਨੀ, 1968

ਭੀਮ, ਇੰਦਰ ਸਿੰਘ (ਡਾ.), **ਸਮਕਾਲੀ ਮਾਰਕਸੀ-ਚਿੰਤਨ**, (ਅਨੁਵਾਦਕ, ਸੰਪਾਦਕ), ਜਲੰਧਰ, ਕੁਕਨੁਸ ਪ੍ਰਕਾਸ਼ਟ, 2002

…………, **ਮਾਰਕਸੀ ਵਿਸ਼ਵ ਚਿੰਤਨ** (ਅਨੁ. ਤੇ ਸੰਪਾ.), ਜਲੰਧਰ, ਕੁਕਨੁਸ ਪ੍ਰਕਾਸ਼ਨ, 2003

ਮੀਤ, ਮਿੱਤਰ ਸੈਨ, **ਤਫ਼ਤੀਸ਼**, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਤੀਜੀ ਐਡੀਸ਼ਨ, 1992

………., **ਕੌਰਵ ਸਭਾ**, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2003

ਰਜਨੀਸ਼ ਬਹਾਦਰ ਸਿੰਘ (ਡਾ.), **ਗਲਪ ਅਧਿਐਨ**, ਲੁਧਿਆਣਾ , ਚੇਤਨਾ ਪ੍ਰਕਾਸ਼ਨ, ਮਿਤੀਹੀਣ

ਰਾਹੀ, ਜੋਗਿੰਦਰ ਸਿੰਘ, **ਪੰਜਾਬੀ ਨਾਵਲ**, ਜਲੰਧਰ, ਨਾਨਕ ਸਿੰਘ ਪੁਸਤਕਮਾਲਾ, 1988

…………., **ਮਸਲੇ ਗਲਪ ਦੇ**, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ, 1992

…………, **ਸਮਾਂ ਤੇ ਸੰਵਾਦ**, ਅੰਮ੍ਰਿਸਰ, ਨਾਨਕ ਪੁਸਤਕ ਮਾਲਾ, 1997

ਰਵੀ, ਰਵਿੰਦਰ ਸਿੰਘ, **ਵਿਰਸਾ ਤੇ ਵਰਤਮਾਨ**, ਚੰਡੀਗੜ੍ਹ, ਪੰਜਾਬ ਪ੍ਰਕਾਸ਼ਨ, 1986

ਲੈਨਿਨ, ਵ. ਵਿ., **ਚੋਣਵੀਆਂ ਕਿਰਤਾਂ ਬਾਰਾਂ ਸੰਚੀਆਂ ਵਿੱਚ**, ਮਾਸਕੋ, ਪ੍ਰਗਤੀ ਪ੍ਰਕਾਸ਼ਨ (ਪੰਜਾਬੀ ਅਨੁ.), ਸੰਚੀ -6, 1987

ਲਿੰਬਾਲੇ, ਸ਼ਰਣ ਕੁਮਾਰ, **ਅੱਕਰਮਾਸ਼ੀ** (ਅਨੁ. ) ਡਾ. ਸੁਰਿੰਦਰ ਅਜਨਾਤ, ਸਰਹਿੰਦ, ਲੋਕਗੀਤ ਪ੍ਰਕਾਸ਼ਨ, 1996

ਵਿਨੋਦ, ਟੀ. ਆਰ. (ਡਾ.), **ਪੰਜ ਨਾਵਲ : ਇਕ ਮੁਲਾਂਕਣ**, ਲੁਧਿਆਣਾ, ਲਾਹੌਰ ਬੁਕ ਸ਼ਾਪ, 1982

.............., **ਪੰਜਾਬੀ ਨਾਵਲ ਸੰਸਕ੍ਰਿਤਕ ਅਧਿਐਨ**, ਸਰਹਿੰਦ, ਲੋਕਗੀਤ ਪ੍ਰਕਾਸ਼ਨ, 1990

.............., **ਆਉ ਨਾਵਲ ਪੜ੍ਹੀਏ**, ਲੁਧਿਆਣਾ, ਚੇਤਨਾ ਪ੍ਰਕਾਸ਼ਨ, 1999

............., **ਗੁਰਦਿਆਲ ਸਿੰਘ**, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕ ਮਾਲਾ, 2000

............., **ਪੰਜਾਬੀ ਨਾਵਲ ਅਧਿਐਨ**, ਲੁਧਿਆਣਾ, ਲਾਹੌਰ ਬੁਕ ਸ਼ਾਪ, ਮਿਤੀਹੀਣ

ਵਾਤਿਸ਼, ਅਮਨਦੀਪ (ਡਾ.), **ਬਿਰਤਾਂਤ ਸ਼ਾਸਤਰ**, ਮਾਲੇਕੋਟਲਾ, ਪੁਨੀਤ ਪਬਲਿਸ਼ਰਜ਼, 2003

ਵਾਲਮੀਕੀ, ਓਮ ਪ੍ਰਕਾਸ਼, **ਜੂਠ**, ਦਵਾਰਕਾ ਭਾਰਤੀ (ਅਨੁ.), ਲੁਧਿਆਣਾ, ਚੇਤਨਾ ਪ੍ਰਕਾਸ਼ਨ, ਦੂਜੀ ਵਾਰ, 2002

## ਹਿੰਦੀ ਪੁਸਤਕਾਂ :

ਅਖ਼ਲੇਸ਼, ਐੱਸ. (ਡਾ.), **ਪੁਲਿਸ ਔਰ ਸਮਾਜ**, ਨਵੀਂ ਦਿੱਲੀ, ਰਾਧਾ ਕ੍ਰਿਸ਼ਨ, ਪਹਿਲਾ ਸੰਸਕਰਣ, 1995

ਰੱਤੂ, ਕ੍ਰਿਸ਼ਣ ਕੁਮਾਰ (ਡਾ.), **ਭਾਰਤੀ ਸਮਾਜ ਚਿੰਤਨ ਔਰ ਪਤਨ**, ਜੈਪੁਰ, ਪੋਈਨਟਰ ਪਬਲਿਸ਼ਰਜ਼, 1998

ਨਾਥ, ਰਵੀਵਿੰਦਰ (ਡਾ.), **ਜੀਵਨ ਪ੍ਣਾਲੀ ਕੀ ਰੂਪ ਰੇਖਾ**, ਇਲਾਹਾਬਾਦ, ਕਿਤਾਬ ਮਹਿਲ ਪ੍ਕਾਸ਼ਨ, 1999

ਲਵਾਨਿਆ, ਐਮ. ਐਮ. (ਡਾ.), ਅਤੇ ਸ਼ਸ਼ੀ ਕੇ ਜੈਨ, **ਭਾਰਤ ਮੇਂ ਸਮਾਜਿਕ ਸਮੱਸਿਆਏਂ**, ਦਿੱਲੀ, ਰਿਸਰਚ , ਪਬਲੀਕੇਸ਼ਨ,

## ਅੰਗਰੇਜ਼ੀ ਪੁਸਤਕਾਂ :


Daiches, David, **The Novel and the Modern World, Chicago,** The University of Chicago Press, Fourth Impression, 1948

Fox, Ralpa, **The Novel and the People**, Moscow, foregin language publishing house,

Lukach, Georg, **Writer and Critic**, London,Merlin Press, Studies in Europen Realism, London : Merlin Press,

Nanda, S.S. (Dr.) **Theory of Governments**, Jullundur, City, Modern Publishers,

Diana, Spearman, **The Novel and Society**, London, Routldge and Kegan Paul, 1966

Young, Robert, (Edited), **Untying The Text : A Post-Structuralist Reader**, London and New York,

Stewart, Angus, **Theories of Power and Domination**, London, Sage Publication, 2001

## ਅਖ਼ਬਾਰਾਂ ਤੇ ਰਸਾਲੇ

**ਰਸਾਲੇ**

**ਸਿਰਜਣਾ**, ਚੰਡੀਗੜ੍ਹ

**ਖੋਜ-ਪਤ੍ਰਿਕਾ**, ਪਟਿਆਲਾ, ਪੰਜਾਬੀ ਯੂਨੀਵਰਸਿਟੀ,

**ਸ਼ਬਦ**, ਇੰਗਲੈਂਡ (ਜਨਵਰੀ-ਮਾਰਚ 2004)

**ਤ੍ਰਿਸ਼ੰਕੂ**, ਲੁਧਿਆਣਾ, (ਸਤੰਬਰ-ਦਸੰਬਰ 2002)

**ਤ੍ਰਿਸ਼ੰਕੂ**, ਲੁਧਿਆਣਾ, (ਜਨਵਰੀ-ਫਰਵਰੀ, 2003)

**ਲਕੀਰ 82**, ਜਲੰਧਰ, (ਜੁਲਾਈ-ਸਤੰਬਰ 2002),

**ਕਹਾਣੀ ਪੰਜਾਬ**, ਬਰਨਾਲਾ, (ਅਪ੍ਰੈਲ-ਜੂਨ 2003)

**ਪਹਿਲ** (ਹਿੰਦੀ), ਜਬਲਪੁਰ

**ਅਖਬਾਰਾਂ**

**ਪੰਜਾਬੀ ਟ੍ਰਿਬਿਊਨ**, ਚੰਡੀਗੜ੍ਹ

**ਜੱਗ-ਬਾਣੀ**, ਜਲੰਧਰ

**ਦੇਸ਼ ਸੇਵਕ**, ਚੰਡੀਗੜ੍ਹ

**ਅਜੀਤ**, ਜਲੰਧਰ

**ਨੈਸ਼ਨਲ ਕੋਸ਼**

**ਪੰਜਾਬੀ-ਅੰਗਰੇਜ਼ੀ ਕੋਸ਼**, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਦੂਜਾ ਐਡੀਸ਼ਨ, 1999

**ਨੈਸ਼ਨਲ ਪੰਜਾਬੀ ਕੋਸ਼**, ਬੱਦਨ ਬਲਦੇਵ ਸਿੰਘ (ਡਾ.), (ਸੰਪਾ), ਦਿੱਲੀ, ਨੈਸ਼ਨਲ ਬੱਕ ਸ਼ਾਪ, ਦੂਜਾ ਐਡੀਸ਼ਨ, 2001

**ਨਾਵਲ ਆਲੋਚਨਾ ਸ਼ਬਦਾਵਲੀ ਕੋਸ਼**, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,1999